# ਬਾਰਹਮਾਹਾ
# ਮੰਘਿਰਿ ਮਹੀਨਾ

*ਸੰਤ ਵਰਿਆਮ ਸਿੰਘ ਜੀ*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਏਕੋ ਕਹੀਐ ਨਾਨਕਾ, ਏਕੋ ਕਹੀਐ ਨਾਨਕਾ*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ॥*
*ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰਿ ਨ ਬੀਆ॥*
*ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ॥*
*ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ॥*
*ਸਭਿ ਆਖਹੁ ਸਤਿਗੁਰੁ ਵਾਹੁ ਵਾਹੁ*
*ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ॥*
*ਅੰਗ - 585*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਅੰਗ - 1291*

ਸਾਧਸੰਗਤ ਜੀ ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸੁਣੋ, ਜਿਹਭਾ ਦੇ ਨਾਲ ਵਾਰੀ ਆਈ ਤੇ ਗਜ-ਵੱਜ ਕੇ ਬੋਲੋ। ਬਾਣੀ ਦੀ ਵਿਚਾਰ ਜੋ ਹੈ ਮੰਨੋ ਤੇ ਹਿਰਦੇ ਵਿਚ ਧਾਰਨ ਕਰੋ। ਇਸ ਤਰ੍ਹਾਂ ਜਦੋਂ ਅਸੀਂ ਸਤਿਸੰਗ ਕਰਾਂਗੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - 546*

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਏਗਾ ਇਸ ਕਲਜੁਗ ਦੇ ਜ਼ਮਾਨੇ ਦੇ ਅੰਦਰ। ਗੁਰੂ ਨਾਨਕ ਨੇ ਕਲਜੁਗ ਦੀ ਵਡਿਆਈ ਕੀਤੀ ਹੈ। ਜਦੋਂ ਕਲਜੁਗ ਅਧੀਨ ਹੋ ਕੇ ਗੁਰੂ ਨਾਨਕ ਦੀ ਸ਼ਰਨ ਵਿਚ ਪੈ ਗਿਆ, ਹੇ ਪ੍ਰਭੂ! ਫੇਰ ਮੇਰਾ ਤਾਂ ਕਿਤੇ ਟਿਕਾਣਾ ਨਹੀਂ ਹੋਣਾ, ਮੈਂ ਤਾਂ ਨਰਕਾਂ ਵਿਚ ਘੁੰਮਾਂਗਾ। ਕਿਉਂਕਿ ਮੇਰੇ ਜੁਗ ਦੇ ਵਿਚ ਪ੍ਰਮੇਸ਼ਰ ਦੀ ਭਗਤੀ ਕਰਨ ਵਾਲਾ ਕੋਈ ਵਿਰਲਾ ਹੋਏਗਾ। ਦਿਖਾਵਾ ਬੇਅੰਤ ਹੋਏਗਾ, ਪਾਖੰਡ ਹੋਏਗਾ। ਐਸਾ ਜੁਗ ਮੈਨੂੰ ਮਿਲਿਆ ਹੈ। ਮੇਰੇ ਜੁਗ ਦੇ ਅੰਦਰ ਆਪ ਨਿਰੰਕਾਰ ਕਲਾ ਧਾਰ ਜਗ ਮਹਿ ਪਰਵਰਿਓ। ਤੁਸੀਂ ਆਪ ਆਏ ਹੋ। ਮੇਰੇ 'ਤੇ ਕੁਛ ਕ੍ਰਿਪਾ ਕਰੋ। ਗੁਰੂ ਨਾਨਕ ਕਹਿਣ ਲੱਗੇ ਕਿ ਤੇਰੇ ਔਗੁਣ ਬਖਸ਼ੇ। ਸਾਰੇ ਜੁਗਾਂ ਤੋਂ ਤੈਨੂੰ ਅਸੀਂ ਵੱਡਾ ਕੀਤਾ। ਹੈਰਾਨ ਹੋਈਦੈ ਕਿ ਕਲਜੁਗ ਨੂੰ ਵੱਡਾ ਕਰ ਦਿਤਾ ਮਹਾਰਾਜ ਨੇ। ਮਹਾਰਾਜ ਕਹਿੰਦੇ ਕਲਜੁਗ ਜਿੰਨਾ ਹਨ੍ਹੇਰ ਤੇਰੇ ਜੁਗ ਵਿਚ ਹੈ, ਉਨਾਂ ਨਾਮ ਦਾ ਪ੍ਰਕਾਸ਼ ਵੀ ਜ਼ਬਰਦਸਤ ਤੇਰੇ ਜੁਗ ਵਿਚ ਹੈ। ਪਹਿਲੇ ਜੁਗਾਂ ਦੇ ਵਿਚ ਨਾਮ ਦਾ ਮਹਾਤਮ ਨਹੀਂ ਸੀ, ਇਹਦੀ ਥਾਂ ਦੇ ਉਤੇ ਸਤਿਜੁਗ ਸਤਿ, ਤ੍ਰੇਤਾ ਜਤੀ, ਦੁਆਪਰ ਪੂਜਾ ਚਾਰ। ਇਨ੍ਹਾਂ ਦੇ ਨਾਲ ਜੀਵ ਦਾ ਉਧਾਰ ਹੋਇਆ ਕਰਦਾ ਸੀ। ਪਰ ਕਿਉਂਕਿ ਕਲਜੁਗ ਆ ਗਿਆ ਇਹਦੇ ਵਿਚ ਨਾਮ ਦੀ ਵਡਿਆਈ ਹੈ। ਨਾਮ ਨੂੰ ਜੋ ਸਮਝੇਗਾ, ਨਾਮ ਨੂੰ ਜਪੇਗਾ, ਨਾਮ ਦੇ ਵਿਚ ਜੋ ਨਿਵਾਸ ਰੱਖੇਗਾ, ਉਹਦਾ ਫਲ ਕਿੰਨਾ ਹੈ ਕਿ ਜੇ ਇਕ ਚਿਤ ਹੋ ਕੇ ਜੇ ਇਕ ਵਾਰੀ ਵੀ ਪ੍ਰਮੇਸ਼ਰ ਦਾ ਧਿਆਨ ਹੋ ਜਾਵੇ, ਤਾਂ ਵੀ ਉਹਦਾ ਛੁਟਕਾਰਾ ਹੋ ਜਾਏਗਾ। ਇਸ ਤੋਂ ਜ਼ਿਆਦਾ ਕੀ ਰਿਆਇਤ ਹੋ ਸਕਦੀ ਹੈ।

*ਏਕ ਚਿਤ ਜੇ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਪਰ ਇਹ ਗੱਲ ਸਮਝਣੀ ਪੈਣੀ ਹੈ ਕਿ ਐਡੀ ਵੱਡੀ ਮਹਾਰਾਜ ਨੇ ਗੱਲ ਕਹਿ ਦਿਤੀ ਤੇ ਪਹਿਲੇ ਜੁੱਗਾਂ ਦੇ ਅੰਦਰ ਵੱਡੇ-ਵੱਡੇ ਸਾਧਨ ਕਰਕੇ ਤਾਂ ਹੀ ਕੁਛ ਪ੍ਰਾਪਤ ਹੁੰਦਾ ਸੀ। ਇਥੇ ਐਨੀ ਰਿਆਇਤ ਕਿਉਂ? ਪਹਿਲੇ ਜੁਗਾਂ ਵਿਚ - ਸਤਿਜੁਗ ਦੇ ਅੰਦਰ 10,000 ਸਾਲ ਤਪ ਕਰੇ, ਉਹ ਤ੍ਰੇਤੇ ਦੀ 1000 ਸਾਲ ਦੀ ਤਪਸਿਆ ਦੇ ਬਰਾਬਰ ਹੁੰਦਾ। ਤ੍ਰੇਤੇ ਜੁਗ ਦੇ ਅੰਦਰ 1000 ਸਾਲ ਤਪਸਿਆ ਕਰੇ, ਦੁਆਪਰ ਦੀ ਸੌ ਸਾਲ ਦੀ ਤਪਸਿਆ ਦੇ ਬਰਾਬਰ ਹੁੰਦਾ। ਦੁਆਪਰ ਜੁਗ ਵਿਚ 100 ਸਾਲ ਤਪ ਕਰੇ ਤਾਂ ਕਲਜੁਗ ਦਾ ਜਿਹੜਾ ਦੋ ਘੜੀਆਂ ਤੁਸੀਂ ਮਨ ਚਿਤ ਇਕਾਗਰ ਕਰਕੇ ਸਤਿਸੰਗ ਸੁਣ ਲੈਣੈ, ਇਹਦਾ ਫਲ ਮਹਾਨ ਹੋਏਗਾ। ਕਿਉਂਕਿ ਇਹ ਨਿਰਣਾ ਹੋ ਚੁੱਕਿਆ ਹੈ।

ਵਸ਼ਿਸ਼ਟ ਜੀ ਦਾ ਅਤੇ ਵਿਸ਼ਵਾਮਿਤਰ ਜੀ ਦਾ ਸੰਵਾਦ ਦਰਜ ਹੈ ਗ੍ਰੰਥਾਂ ਦੇ ਅੰਦਰ। ਉਸ ਦੀ 58 ਹਜ਼ਾਰ ਸਾਲ ਦੀ ਤਪਸਿਆ ਵਸ਼ਿਸ਼ਟ ਜੀ ਦੀਆਂ ਚਾਰ ਘੜੀਆਂ ਕੀਤੇ ਸਤਿਸੰਗ ਦੇ ਬਰਾਬਰ ਨਾ ਹੋ ਸਕੀ। ਛੋਟਾ ਨਿਕਲਿਆ। ਮਹਾਰਾਜ ਕਹਿੰਦੇ ਨੇ ਹੁਣ ਜਿਹੜਾ ਜੁਗ ਹੈ ਇਹ ਨਾਮ ਦਾ ਜੁਗ ਹੈ। ਨਾਮ ਨੂੰ ਜੋ ਹਿਰਦੇ ਤੋਂ ਸਮਝ ਲਏਗਾ..... ਪਰ ਹੈ ਬੜਾ ਔਖਾ, ਸਮਝਣਾ ਬਹੁਤ ਔਖਾ ਹੈ। ਆਹੀ ਜੋ ਆਪਾਂ ਸ਼ਬਦ ਪੜ੍ਹਿਆ ਹੈ, ਬੈਠਦਾ ਹੈ ਮਨ ਦੇ ਅੰਦਰ, ਬਿਲਕੁਲ ਨਹੀਂ ਬੈਠਦਾ। ਜਿੰਨਾ ਜੀਅ ਕਰਦਾ ਹੈ, ਜ਼ੋਰ ਲਾ ਲਓ, ਕਦੇ ਵੀ ਨਾ ਬੈਠੇਗਾ। ਜੇ ਬੈਠ ਜਾਵੇ ਫੇਰ ਤਾਂ ਗੈਰ ਇਕ ਵੀ ਨਾ ਰਿਹਾ, ਕੋਈ ਵੀ ਨਾ ਰਿਹਾ ਦੂਜਾ। 'ਤੂੰ ਆਪੇ ਹੀ ਆਪ ਆਪ ਹੈਂ' ਮੰਨਦਾ ਹੈ ਕੋਈ ਕਿ ਵਾਹਿਗੁਰੂ ਆਪੇ ਹੀ ਹੈ। ਕਹਿੰਦਾ ਹੈ, ਮਾੜੇ ਕਿਥੋਂ ਆ ਗਏ, ਚੰਗੇ ਕਿਥੋਂ ਆ ਗਏ। ਗੁਰੂ ਦੇ ਬਚਨ ਨੂੰ ਨਹੀਂ ਮੰਨਣਾ। ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਅੰਗਦ ਸਾਹਿਬ ਨੂੰ ਕਿਹਾ, ਪੁਰਖਾ! ਦੇਖ ਕਿੰਨੀ ਰਾਤ ਹੈ। ਪਹਿਲਾਂ ਬਾਬਾ ਬੁੱਢਾ ਜੀ ਨੂੰ ਕਿਹਾ, ਸਨਮੁਖ ਜੀ ਨੂੰ ਕਿਹਾ, ਭਾਈ ਭਗੀਰਥ ਨੂੰ ਕਿਹਾ, ਭਾਈ ਸਾਧਾਰਣ ਨੂੰ ਕਿਹਾ। ਇਕੋ ਗੱਲ 'ਤੇ ਅੜੇ ਰਹੇ ਕਿ ਮਹਾਰਾਜ, ਅੱਧੀ ਰਾਤ ਢਲੀ ਹੈ। ਮਹਾਰਾਜ ਕਹਿੰਦੇ ਨਹੀਂ, ਦਿਨ ਚੜ੍ਹਨ ਵਾਲਾ ਹੈ। ਗੁਰੂ ਅੰਗਦ ਸਾਹਿਬ ਵੀ ਬਾਹਰ ਚਲੇ ਗਏ, ਮੈਂ ਰਾਤ ਦਾ ਤਾਂ ਨਹੀਂ ਸੇਵਕ, ਮੈਂ ਗੁਰੂ ਦਾ ਸੇਵਕ ਹਾਂ। ਉਹ ਸਮਰੱਥ ਨੇ ਜੇ ਹੁਣ ਚਾਹੁਣ ਤਾਂ ਸੂਰਜ ਕੱਢ ਸਕਦੇ ਨੇ। ਆ ਕੇ ਹੱਥ ਬੰਨ੍ਹ ਕੇ ਨਿਮਰਤਾ ਦੇ ਨਾਲ ਬੇਨਤੀ ਕੀਤੀ ਕਿ ਪਾਤਸ਼ਾਹ! ਮੈਂ ਅਣਜਾਣ ਹਾਂ, ਮੈਨੂੰ ਨਹੀਂ ਪਤਾ ਜਿੰਨੀ ਰਾਤ ਤੁਸੀਂ ਰੱਖੀ ਹੈ ਓਨੀ ਰਹਿੰਦੀ ਹੈ। ਜਿੰਨੀ ਲੰਘਾ ਦਿਤੀ ਓਨੀ ਲੰਘ ਗਈ। ਉਹ ਇਕ ਵਿਸ਼ਵਾਸ਼ ਸੀ, ਉਥੇ ਕਿੰਤੂ ਨਹੀਂ ਆਇਆ। ਸਾਖੀਆਂ ਛੋਟੀਆਂ-ਛੋਟੀਆਂ ਨੇ ਪਰ ਸਾਨੂੰ ਇਹ ਰਾਹ ਵਿਖਾਂਦੀਆਂ ਨੇ। ਇਹ ਤਾਂ ਗੁਰੂ ਦਾ ਬਚਨ ਸੀ ਰਾਤ ਵਾਸਤੇ। ਹੁਣ ਇਥੇ ਗੁਰੂ ਇਹ ਕਹਿੰਦਾ ਹੈ ਕਿ ਇਥੇ ਵਾਹਿਗੁਰੂ ਆਪ ਹੀ ਹੈ, ਹੋਰ ਕੋਈ ਹੈ ਨਹੀਂ ਤੇ ਅਸੀਂ ਕਹਿੰਦੇ ਹਾਂ ਕਿ ਸੱਚੇ ਪਾਤਸ਼ਾਹ! ਅਸੀਂ ਤੁਹਾਡੀ ਗੱਲ ਨਹੀਂ ਮੰਨਣੀ। ਹੋਰ ਲੈ ਲਓ, ਰੁਮਾਲੇ ਹੋਰ ਦੇ ਦੇਵਾਂਗੇ, ਮੱਥੇ ਹੋਰ ਟੇਕ ਦੇਵਾਂਗੇ। ਅਖੰਡ ਪਾਠ ਹੋਰ ਕਰਾ ਦੇਵਾਂਗੇ। ਹੋਰ ਕੋਈ ਗੱਲ ਕਹੋ ਮੰਨਣ ਨੂੰ ਤਿਆਰ ਹਾਂ। ਪਰ ਇਹ ਨਹੀਂ ਅਸੀਂ ਮੰਨਣਾ ਕਿ ਤੂੰ ਆਪੇ ਹੀ ਹੈਂ ਇਥੇ। ਤੁਸੀਂ ਕਿਥੇ ਓਂ? ਤੁਸੀਂ ਗੁਰੂ ਓਂ, ਇਕ ਰੱਬ ਹੈ, ਇਕ ਗੁਰੂ ਹੈ, ਇਕ ਸਿੱਖ ਹੈ, ਤੁਸੀਂ ਆਪੇ ਹੀ ਕਹਿੰਦੇ ਹੋ ਕਿ ਤਿੰਨ ਹੈਂ। ਹੁਣ ਤੁਸੀਂ ਆਪ ਕਹਿੰਦੇ ਹੋ ਕਿ ਇਕ ਹੈ? ਮਹਾਰਾਜ ਕਹਿਣ ਲੱਗੇ ਕਿ ਜਿਹੜਾ ਅਵਸਥਾ ਦਾ ਭੇਦ ਹੁੰਦਾ ਹੈ ਪਹਿਲੀ ਦੂਜੀ ਜਮਾਤ ਵਾਲੇ ਨੂੰ, ਹੋਰ ਤਰ੍ਹਾਂ ਹੈ। ਜਦੋਂ ਛੋਟਾ ਬੱਚਾ ਹੁੰਦਾ ਹੈ, ਮਾਂ ਬੱਚੇ ਨੂੰ ਸ਼ਰਾਰਤਾਂ ਤੋਂ ਹਟਾਉਣ ਵਾਸਤੇ ਬਹੁਤ ਸਾਰੀਆਂ ਅਲੰਕਾਰਕ ਗੱਲਾਂ ਕਹਿੰਦੀਆਂ ਨੇ, ਕਿ ਅੰਦਰ ਨਾ ਜਾਈਂ, ਅੰਦਰ ਭੂਤ-ਪ੍ਰੇਤ ਨੇ। ਲੇਕਿਨ ਮਾਂ ਦੀ ਗੱਲ ਜਿਹੜੀ ਹੈ ਉਹ ਸਤਿ ਨਹੀਂ ਹੈ। ਗੁਰੂ ਦਾ ਜੋ ਬਚਨ ਹੈ ਚਾਹੇ ਉਹ ਕਰਮ ਅਵਸਥਾ ਦਾ ਹੈ, ਚਾਹੇ ਉਪਾਸਨਾ ਅਵਸਥਾ ਦਾ ਹੈ, ਗਿਆਨ ਅਵਸਥਾ ਦਾ ਹੈ। ਤਿੰਨ ਬਚਨ ਤਿੰਨੋ ਥਾਂ ਉਸੇ ਤਰ੍ਹਾਂ ਲਾਗੂ ਹੁੰਦੇ ਨੇ। ਕਰਮ ਵਾਲੇ ਵਾਸਤੇ ਨਰਕ ਵੀ ਨੇ, ਸਵਰਗ ਵੀ ਨੇ। ਉਪਾਸਨਾ ਵਾਲੇ ਵਾਸਤੇ ਪਾਪ ਵੀ ਹੈ, ਪੁੰਨ ਵੀ ਹੈ, ਨਰਕ ਵੀ ਨੇ, ਹਰੇਕ ਚੀਜ਼ ਹੈ। ਲੇਕਿਨ ਜੋ ਗਿਆਨ ਮੰਡਲ ਵਿਚ ਚਲਿਆ ਗਿਆ ਉਹਦੀ ਅਵਸਥਾ ਬਦਲ ਜਾਂਦੀ ਹੈ, ਉਹਦੇ ਨੇਤਰ ਖੁਲ੍ਹ ਜਾਂਦੇ ਨੇ। ਉਹਨੂੰ ਗੱਲ ਹੋਰ ਤਰ੍ਹਾਂ ਨਜ਼ਰ ਆਉਣ ਲਗ ਜਾਂਦੀ ਹੈ। ਪਹਿਲਿਆਂ ਨੂੰ ਪਹਿਲੀਆਂ ਠੀਕ ਨੇ, ਗਿਆਨ ਵਾਲੇ ਨੂੰ ਗਿਆਨ ਵਾਲੀ ਠੀਕ ਹੈ। ਸੋ ਇਹ ਗਿਆਨ ਅਵਸਥਾ ਦਾ ਬਚਨ ਹੈ ਮਹਾਰਾਜ ਦਾ ਕਿ ਇਥੇ ਨਾ ਕੋਈ ਹੋਇਐ, ਨਾ ਕੋਈ ਹੈ, ਨਾ ਕੋਈ ਹੋਏਗਾ। ਕਿਉਂਕਿ ਉਹ ਆਪੇ ਹੀ ਆਪਣੀ ਮੌਜ ਵਿਚ ਖੇਲ੍ਹਦਾ ਹੈ, ਸਮੁੰਦਰ ਦੇ ਅੰਦਰ ਲਹਿਰਾਂ ਉਠਦੀਆਂ ਨੇ। ਲਹਿਰ ਨੂੰ ਜੇ ਭਰਮ ਪੈ ਗਿਆ ਮੈਂ ਲਹਿਰ ਹਾਂ, ਮੈਂ ਸਮੁੰਦਰ ਨਹੀਂ ਹਾਂ, ਉਹਦਾ ਭਰਮ ਠੀਕ ਵੀ ਹੈ, ਗਲਤ ਵੀ ਹੈ, ਕਿਉਂਕਿ ਸਮੁੰਦਰ ਤਾਂ ਵਿਸ਼ਾਲ ਹੈ, ਹਜ਼ਾਰਾਂ ਮੀਲ ਦੇ ਵਿਚ ਫੈਲਿਆ ਹੋਇਆ ਹੈ, ਲਹਿਰ ਛੋਟੀ ਜਿਹੀ ਹੈ। ਲੇਕਿਨ ਜਦੋਂ ਗਿਆਨ ਦ੍ਰਿਸ਼ਟੀ ਤੋਂ ਦੇਖਦੇ ਹਾਂ, ਕਹਿੰਦੇ ਨੇ ਕਿ ਲਹਿਰ ਤਾਂ ਸਮੁੰਦਰ ਦਾ ਹੀ ਹਿੱਸਾ ਹੈ। ਇਹ ਅੱਡ ਕਿਵੇਂ ਹੋ ਗਈ? ਸਮੁੰਦਰ ਉਛਲ ਰਿਹਾ ਹੈ। ਇਸੇ ਤਰ੍ਹਾਂ ਜਿਹੜੇ ਖੰਡ ਬ੍ਰਹਿਮੰਡ ਨਜ਼ਰ ਆਉਂਦੇ ਨੇ, ਇਹ ਵਾਹਿਗੁਰੂ ਦੀ ਮੌਜ ਵਿਚ ਹੀ ਨੇ। ਜਿਸ ਵਕਤ ਕਰਮ, ਉਪਾਸਨਾ ਦੇ ਵਿਚੀਂ ਲੰਘ ਕੇ, ਗਿਆਨ ਦੇ ਵਿਚ ਪ੍ਰਵੇਸ਼ ਕਰਨ ਦਾ ਸਮਾਂ ਆ ਜਾਏਗਾ। ਉਸ ਵੇਲੇ ਦਿਬਜ ਦ੍ਰਿਸ਼ਟ ਆਪੇ ਹੀ ਖੁਲ੍ਹ ਜਾਂਦੀ ਹੈ ਤੇ ਆਹੀ ਸੰਸਾਰ ਜਿਹੜਾ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥* *ਅੰਗ - 922*

*ਧਾਰਨਾ - ਸਾਰੇ ਸੁਖ ਮਿਲਦੇ ਨੇ,*
*ਜਪਦੇ ਜੋ ਨਾਮ ਹਰੀ ਦਾ।*

ਮਹਾਰਾਜ ਜੀ ਦਾ ਜੋ ਤੱਤ ਬਚਨ ਹੈ ਜਿਹਦੇ ਉਤੇ ਸਾਨੂੰ ਪੂਰਾ ਭਰੋਸਾ ਕਰਨਾ ਬਣਦਾ ਹੈ। ਮਹਾਰਾਜ ਕਹਿੰਦੇ

ਕਿਉਂ ਸੁੱਖਾਂ ਦੇ ਪਿਛੇ ਦੌੜਿਆ ਫਿਰਦਾ ਹੈਂ? ਇਹ ਪਰਛਾਵਾਂ ਹੈ ਹੱਥ ਨਹੀਂ ਆਉਂਦਾ। ਕਿਸੇ ਨੇ ਸੂਰਜ ਵਲ ਪਿੱਠ ਕਰੀ ਹੋਈ ਹੈ। ਪਰਛਾਵਾਂ ਅੱਗੇ-ਅੱਗੇ ਦੌੜਿਆ ਜਾ ਰਿਹਾ ਹੈ। ਕਿਉਂਕਿ ਜੁਗਤ ਨਹੀਂ ਆਈ ਫੜਨ ਦੀ। ਸੂਰਜ ਵਲ ਮੂੰਹ ਕਰ ਲੈ, ਹੁਣ ਪਰਛਾਵਾਂ ਪਿਛੇ-ਪਿਛੇ ਲਗ ਤੁਰਿਆ। ਇਸੇ ਤਰ੍ਹਾਂ ਸਾਰੇ ਸੁਖਾਂ ਦਾ ਜੋ ਭੇਤ ਹੈ ਉਹ ਹੈ ਨਾਮ ਦੇ ਵਿਚ।

ਗੁਰੂ ਮਹਾਰਾਜ ਕਹਿੰਦੇ ਦੇਖੋ ਪਿਆਰਿਓ! ਮੈਂ ਆਇਆਂ ਦਰਗਾਹ ਤੋਂ ਨਾਮ ਲੈ ਕੇ -

*ਨਾਨਕ ਕੈ ਘਰਿ ਕੇਵਲ ਨਾਮੁ॥* *ਅੰਗ - 1136*

ਇਸ ਨਾਮ ਦੇ ਨਾਲ ਮੈਂ ਤੁਹਾਨੂੰ ਸੁਖੀ ਕਰਨਾ ਹੈ, ਕਿਉਂਕਿ ਮੈਂ ਨਿਗ੍ਹਾ ਮਾਰ ਕੇ ਦੇਖਿਆ ਹੈ ਕਿ ਸਤਿਜੁਗ ਦੇ ਵਿਚ ਵੀ ਤੇ ਤ੍ਰੇਤੇ ਦੇ ਵਿਚ ਵੀ, ਦੁਆਪਰ ਦੇ ਵਿਚ ਤੇ ਕਲਜੁਗ ਦੇ ਵਿਚ ਵੀ ਜੋ ਸੰਸਾਰ ਦੀ ਹਾਲਤ ਹੈ ਉਹ ਇਸ ਤਰ੍ਹਾਂ ਦੀ ਹੈ -

*ਧਾਰਨਾ - ਦੁਖੀਆ ਸਭ ਸੰਸਾਰ*
*ਨਾਨਕ ਦੁਖੀਆ-ਨਾਨਕ ਦੁਖੀਆ।*

ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ਇਨ੍ਹਾਂ ਸਾਰਿਆਂ ਦਾ ਗੁਰੂ ਨਾਨਕ ਨੇ ਅਧਿਐਨ ਕਰਕੇ ਮਹਾਤਮਾ ਬੁੱਧ ਵਾਂਗੂੰ, ਉਸੇ ਗੱਲ 'ਤੇ ਸਹਿਮਤ ਹੋਏ, ਉਹ ਇਹ ਹੈ ਕਿ ਸੰਸਾਰ ਦੁਖਾਂ ਦਾ ਘਰ ਹੈ। ਗੁਰੂ ਨਾਨਕ ਇਸ ਗੱਲ 'ਤੇ ਨਹੀਂ ਸੀ ਆਉਂਦੇ ਕਿ ਸੰਸਾਰ ਦੁਖਾਂ ਦਾ ਘਰ ਹੈ ਉਨ੍ਹਾਂ ਨੇ ਇਹ ਕਿਹਾ ਕਿ ਸੰਸਾਰ ਵਿਚ ਜਿਹੜੇ ਵਸਦੇ ਨੇ ਉਹ ਦੁਖੀ ਨੇ। ਸੰਸਾਰ ਨਹੀਂ ਦੁਖਾਂ ਦਾ ਘਰ, ਇਥੇ ਸੁਖ ਵੀ ਮਹਾਨ ਨੇ।

ਹੁਣ ਇਹ ਸੀ ਕਿ ਅੱਗੇ ਗੁਰੂ ਨਾਨਕ ਸਾਹਿਬ ਕੀ ਕਹਿੰਦੇ ਨੇ। ਦੁਖੀ ਤਾਂ ਹੋ ਗਏ ਫੇਰ ਤਾਂ ਅਸੀਂ ਦੁਖਾਂ ਦੇ ਖੂਹ ਵਿਚ ਗਿਰੇ ਪਏ ਹਾਂ। ਮਹਾਰਾਜ ਕਹਿੰਦੇ ਹੌਂਸਲਾ ਨਾ ਹਾਰੋ ਤੁਹਾਨੂੰ ਇਕ ਢੰਗ ਦਸਦੇ ਹਾਂ, ਦੁਖਾਂ 'ਚੋਂ ਨਿਕਲਣ ਦਾ।

*ਮੰਨੇ ਨਾਉ ਸੋਈ ਜਿਣਿ ਜਾਇ॥* *ਅੰਗ - 954*

ਇਸ ਸ਼ਬਦ ਵਿਚ ਮਹਾਰਾਜ ਨੇ ਕਿਹਾ ਹੈ ਕਿ ਜਿੱਤੇ ਉਹ ਨੇ ਜਿਹੜੇ ਨਾਮ ਨੂੰ ਮੰਨ ਲੈਣ। ਸਾਨੂੰ ਨਹੀਂ ਪਤਾ ਕਿ ਨਾਮ ਨੂੰ ਮੰਨਣ ਦਾ ਕੀ ਕਹਿ ਦਿਤਾ ਗੁਰੂ ਮਹਾਰਾਜ ਨੇ, ਸਾਨੂੰ ਕਿਸੇ ਨੇ ਦੱਸਿਆ ਹੀ ਨਹੀਂ, ਨਾਮ ਨੂੰ ਮੰਨਿਆ ਕਿਵੇਂ ਜਾਂਦਾ ਹੈ। ਫੇਰ ਉਸ ਤੋਂ ਬਾਅਦ ਜਪੁਜੀ ਸਾਹਿਬ ਵਿਚ ਰੋਜ਼ ਪੜ੍ਹਦੇ ਹਾਂ -

*ਮੰਨੇ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*
*ਮੰਨੇ ਕਾ ਬਹਿ ਕਰਨਿ ਵੀਚਾਰੁ॥*
*ਅੰਗ - 3*

ਇਥੇ ਫੇਰ ਮਹਾਰਾਜ ਨੇ ਕਹਿ ਦਿਤਾ -

*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥*
*ਅੰਗ - 3*

ਸਾਰੀ ਦੁਨੀਆਂ ਸੁਖਾਂ ਦੇ ਪਿਛੇ ਦੌੜਦੀ ਹੈ, ਦੁਖ ਬੰਦੇ ਨੂੰ ਚਿੰਬੜੇ ਪਏ ਨੇ। ਅਮੀਰ ਨੂੰ, ਗਰੀਬ, ਵਪਾਰੀ ਨੂੰ, ਜਿਹੜਾ ਵਿਹਲਾ ਬੈਠਾ ਹੈ ਉਹਨੂੰ, ਰਾਜਿਆਂ ਨੂੰ, ਭਿਖਾਰੀਆਂ ਨੂੰ, ਕੋਈ ਤਾਂ ਸੁਖੀ ਹੋਵੇ, ਇਕ ਵੀ ਸੁਖੀ ਨਹੀਂ ਨਿਕਲਦਾ। ਇਥੋਂ ਤੱਕ ਕਿ ਪਸ਼ੂ, ਪੰਛੀ ਵੀ ਸੁਖੀ ਨਹੀਂ ਨਿਕਲਦੇ। ਇਥੇ ਚੋਗਾ ਪਾ ਦਿਓ, ਉਨ੍ਹਾਂ ਨੂੰ ਦੂਰ ਬੈਠ ਕੇ ਦੇਖੋ, ਉਨ੍ਹਾਂ ਦੀ ਮਾਨਸਿਕ ਸਥਿਤੀ ਕੀ ਹੈ, ਥੋੜ੍ਹੀ ਦੇਰ ਬਾਅਦ ਉਪਰ ਨੂੰ ਝਾਕਦੇ ਨੇ ਬਹਿਰੀ ਨਾ ਆ ਜਾਏ, ਉਦੋਂ ਹੀ ਘਬਰਾ ਕੇ ਦੂਜੇ ਪਾਸੇ ਨੂੰ ਦੇਖਦੇ ਨੇ ਕਿ ਕੋਈ ਬਿੱਲਾ ਨਾ ਆ ਜਾਏ। ਫੇਰ ਸੁਖ ਤਾਂ ਨਾ ਹੋਇਆ, ਨੱਠ-ਭੱਜ ਕੇ ਦਾਣੇ ਚੁਗੇ ਉਹਨੇ। ਨੱਠ ਭੱਜ ਕੇ ਜਾ ਕੇ ਲੁੱਕ ਜਾਂਦੇ ਨੇ, ਸੁਖੀ ਤਾਂ ਨਾ ਹੋਏ ਉਹ। ਇਸੇ ਤਰ੍ਹਾਂ ਮਨੁੱਖ ਨਹੀਂ ਸੁਖੀ। ਮਹਾਰਾਜ ਕਹਿੰਦੇ ਜਿਹੜਾ ਨਾਮ ਨੂੰ ਮੰਨ ਲਏ ਉਹ ਜਿੱਤ ਜਾਂਦਾ ਹੈ। ਹੁਣ ਨਾਮ ਨੂੰ ਉਹ ਮੰਨਦਾ ਹੈ ਜਿਹਨੂੰ ਪ੍ਰਮੇਸ਼ਰ ਇਥੇ ਨਜ਼ਰ ਆਉਂਦਾ ਹੈ, ਦੂਜਾ ਨਹੀਂ। ਜਿਹੜਾ ਆਪਾਂ ਸ਼ਬਦ ਪੜ੍ਹਿਆ ਹੈ, 'ਆਪੇ ਪਟੀ ਕਲਮ ਆਪਿ.........॥' ਇਹਨੂੰ ਮੰਨ ਲਈਏ ਨਾ ਤਾਂ ਸਾਰੇ ਹੀ ਸੁਖ ਆਪਣੇ ਆਪ ਆ ਜਾਂਦੇ ਨੇ। ਨਿੱਕੀ ਜਿਹੀ ਗੱਲ ਹੈ ਜੇ ਕਿਸੇ ਦੀ ਸਮਝ ਵਿਚ ਆਉਂਦੀ ਹੈ ਸਮਝ ਲਓ। ਸਮਝ 'ਚ ਆਉਂਦੀ ਹੈ ਤਾਂ ਦੁਖਾਂ ਤੋਂ ਛੁਟਕਾਰਾ ਹੋ ਜਾਏਗਾ, ਦੁਖੀ ਦੁਨੀਆਂ ਫਿਰਦੀ ਹੈ। ਇਕ ਦੁਖ ਹਟਾਉਂਦੇ ਨੇ, ਦੂਜਾ ਚਿੰਬੜ ਜਾਂਦਾ ਹੈ, ਦੂਜਾ ਹਟਾਉਂਦੇ ਨੇ ਤੀਜਾ ਚਿੰਬੜ ਜਾਂਦਾ ਹੈ। ਸੋ ਜੇ ਨਾਮ ਨੂੰ ਸਮਝ ਲਓ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਨਾਮ ਨੂੰ ਨਾ ਸਮਝੋ, ਜ਼ੋਰ ਲਾ ਲਓ ਜਿੰਨਾ ਲਾਉਣਾ ਹੈ, ਦੁਖ ਕਦੇ ਖਹਿੜਾ ਨਹੀਂ ਛੱਡੇਗਾ।

*ਐਸਾ ਜਗੁ ਦੇਖਿਆ ਜੁਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥* *ਅੰਗ - 222*

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥*
*ਅੰਗ - 1427*

ਜੇ ਤੂੰ ਚਾਹੁੰਦਾ ਹੈਂ ਕਿ ਮੈਨੂੰ ਸਦਾ ਸੁਖ ਮਿਲੇ ਤਾਂ ਰਾਮ ਦੀ ਸ਼ਰਨ ਲੈ ਲੈ। ਉਸਨੂੰ ਸਾਰੇ ਸੁਖ ਮਿਲ ਜਾਂਦੇ ਨੇ ਜਿਹੜਾ ਵਾਹਿਗੁਰੂ ਦਾ ਨਾਮ ਜਪਦਾ ਹੈ।

*ਜਿਨਿ ਹਰਿ ਹਰਿ ਨਾਮੁ ਧਿਆਇਆ...........॥*
*ਅੰਗ - 588*

ਹੁਣ ਇਥੇ ਧਿਆਇਆ ਕਿਹਾ ਹੈ ਮਹਾਰਾਜ ਨੇ, ਜਪਿਆ ਨਹੀਂ ਕਿਹਾ। ਧਿਆਉਣਾ ਇਕ ਅਵਸਥਾ ਹੈ, ਜਦੋਂ ਆਦਮੀ ਬੈਠਦਾ ਹੈ, ਬੰਦਗੀ ਕਰਕੇ ਸਾਰੇ ਫੁਰਨੇ ਸ਼ਾਂਤ ਹੋ ਜਾਂਦੇ ਨੇ ਤੇ ਕੋਈ ਫੁਰਨਾ ਨਹੀਂ ਰਹਿੰਦਾ। ਸੁਰਤ ਜਾ ਕੇ ਇਕ ਨੁਕਤੇ 'ਤੇ ਟਿਕ ਜਾਂਦੀ ਹੈ ਜਿਹਨੂੰ ਸਮਾਧੀ ਕਹਿੰਦੇ ਨੇ, ਕੋਈ ਖਿਆਲ ਨਹੀਂ ਆਉਂਦਾ। ਉਥੇ ਨਾਮ ਦਾ ਧਿਆਨ ਆ ਜਾਂਦਾ ਹੈ। ਉਹ ਆਉਂਦਾ ਉਹਨੂੰ ਹੈ ਜਿਸਨੇ ਨਾਮ ਜਪਿਆ ਹੈ। ਗੁਰੂ ਨਾਨਕ ਆਹੀ ਗੱਲ ਦੱਸਣ ਆਏ ਸੀ ਸੰਸਾਰ ਨੂੰ। ਕਿਉਂਕਿ ਪਹਿਲਾਂ ਸਾਧਨ ਤਾਂ ਯੋਗੀ ਵੀ ਕਰਦੇ ਸੀ, ਧਿਆਨ ਕਰਦੇ ਸੀ। ਮੈਡੀਟੇਸ਼ਨ ਹੋਰ ਹੈ, ਵਾਹਿਗੁਰੂ ਦਾ ਨਾਮ ਜਪਣਾ ਹੋਰ ਹੈ। ਕਈ ਦੋਹਾਂ ਨੂੰ ਇਕੱਠਾ ਕਰ ਦਿੰਦੇ ਨੇ। ਮੈਡੀਟੇਸ਼ਨ ਹੁੰਦਾ ਹੈ ਕਿ ਕਿਸੇ ਸਾਉਂਡ ਨੂੰ ਅੰਦਰ ਵਸਾ ਕੇ ਉਹਦੇ ਉਤੇ ਧਿਆਨ ਕੇਂਦਰਿਤ ਕਰਨਾ। ਜਿਹੜਾ ਨਾਮ ਹੈ ਇਹ ਹੁੰਦਾ ਹੈ ਕਿ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ, ਉਹਦੀ ਖਿੱਚ ਹਿਰਦੇ ਵਿਚ ਪਾਉਣੀ ਤੇ ਉਹਨੂੰ ਆਪਣੇ ਬਿਲਕੁਲ ਨੇੜੇ ਜਾਣਨਾ।

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*

*ਅੰਗ - 677*

ਗੱਲ ਸਮਝਣ ਦਾ ਯਤਨ ਕਰੋ।

ਪਾਤੰਜਲ ਯੋਗ ਦਰਸ਼ਨ ਬਹੁਤ ਵੱਡੀ ਚੀਜ਼ ਹੈ, ਸਾਨੂੰ ਤਾਂ ਸਮਝ ਵਿਚ ਹੀ ਨਹੀਂ ਆਉਂਦਾ। ਕਿਉਂਕਿ ਅਸੀਂ ਇਸ ਰਾਹ ਨਹੀਂ ਪੈਂਦੇ। ਜਿਹੜੇ ਪੈ ਗਏ, ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਇਹ ਇਕ ਕਦਮ ਪਿਛੇ ਰਹਿ ਗਿਆ। ਕਿਉਂਕਿ ਇਹ ਆਤਮਾ ਤੱਕ ਤਾਂ ਪਹੁੰਚ ਗਿਆ, ਪ੍ਰਮਾਤਮਾ ਇਹਦੇ ਨਿਸ਼ਾਨੇ 'ਚ ਨਹੀਂ ਹੈ। ਜਿੰਨਾ ਚਿਰ ਤਕ ਪਰਮ ਤੱਤ ਦੇ ਨਾਲ ਨਹੀਂ ਇਹ ਜੀਵ ਮਿਲਦਾ ਓਨਾ ਚਿਰ ਤੱਕ ਇਹਨੂੰ ਸ਼ਾਂਤੀ ਨਹੀਂ ਆਉਂਦੀ। ਮਹਾਰਾਜ ਕਹਿੰਦੇ ਨੇ ਤੇਰੇ ਸਾਰੇ ਦੁਖਾਂ ਦਾ ਇਲਾਜ ਵਾਹਿਗੁਰੂ ਦਾ ਨਾਮ ਹੈ।

*ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ।*

ਇਕੋ ਹੀ ਦਵਾਈ ਹੈ ਸਾਰੇ ਦੁਖਾਂ ਨੂੰ ਖਤਮ ਕਰਨ ਦਾ, ਇਕੋ ਹੀ ਫਾਰਮੂਲਾ ਹੈ ਸਾਰੇ ਸੁਖਾਂ ਦੇ ਆਉਣ ਦਾ। ਸੁਖ ਦੌੜੇ ਹੀ ਆਉਂਦੇ ਨੇ, ਜਿਹਦਾ ਨਾਮ ਪ੍ਰਮੇਸ਼ਰ ਦੇ ਨਾਮ ਵਿਚ ਲਗ ਜਾਏ। ਜੋ ਨਾਮ ਦੇ ਵਿਚ ਪਹੁੰਚ ਗਿਆ, ਰਿੱਧੀਆਂ-ਸਿੱਧੀਆਂ ਸਾਰੀਆਂ ਪਿਛੇ ਲੱਗੀਆਂ ਫਿਰਦੀਆਂ ਹਨ। ਜੋ ਚਾਹੁੰਦਾ ਹੈ ਉਹ ਚੀਜ਼ ਹੋ ਜਾਂਦੀ ਹੈ।

*ਜਿਨੀ ਗੁਰ ਕੈ ਬਚਨਿ ਆਰਾਧਿਆ*
*ਤਿਨ ਵਿਸਰਿ ਗਏ ਸਭਿ ਦੂਖਾ॥*

*ਅੰਗ - 588*

ਜਿਹਨੇ ਅਰਾਧਨਾ ਕਰ ਲਈ ਨਾ, ਗੁਰੂ ਦੇ ਬਚਨ ਨਾਲ ਪ੍ਰਮੇਸ਼ਰ ਦੀ। ਧੰਨ ਹੈ ਕਹਿੰਦੇ ਉਹ ਗੁਰੂ ਜਿਹਨੇ ਇਥੇ ਤੱਕ ਪਹੁੰਚਾ ਦਿਤਾ।

ਗੁਰੂ ਤਾਂ ਸਾਡਾ ਵੀ ਪੂਰਾ ਹੈ, ਗੁਰੂ ਗ੍ਰੰਥ ਸਾਹਿਬ ਜੀ ਹੈਨ ਪੂਰੇ। ਕਸਰ ਤਾਂ ਕੋਈ ਹੈ ਨਹੀਂ। ਅਸੀਂ ਤਾਂ ਲੜ ਪੈਂਦੇ ਹਾਂ ਲੋਕਾਂ ਦੇ ਨਾਲ ਕਿ ਤੂੰ ਕਹਿ ਕੇ ਦੇਖ ਗੁਰੂ ਗ੍ਰੰਥ ਸਾਹਿਬ ਨੂੰ ਬੁਰਾ। ਫੇਰ ਵਜ੍ਹਾ ਕੀ ਹੈ, ਸਾਨੂੰ ਕਿਉਂ ਨਹੀਂ ਇਹ ਗੱਲ ਪ੍ਰਾਪਤ ਹੁੰਦੀ। ਫੇਰ ਦੋਹਾਂ 'ਚੋਂ ਇਕ 'ਚ ਨੁਕਸ ਹੈ ਜਾਂ ਸਿੱਖ ਵਿਚ ਨੁਕਸ ਹੈ ਜਾਂ ਗੁਰੂ 'ਚ ਨੁਕਸ ਹੈ। ਗੁਰੂ ਨੂੰ ਤਾਂ ਅਸੀਂ ਵੀ, ਸਾਡੇ ਬਜ਼ੁਰਗ ਵੀ ਸਾਰੇ ਕਹਿੰਦੇ ਨੇ ਪੂਰਾ ਹੈ। ਫੇਰ ਨੁਕਸ ਕਿਥੇ ਪੈ ਗਿਆ? ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥*

*ਅੰਗ - 1372*

ਗੱਲ ਸਾਫ ਹੋ ਗਈ ਕਿ ਗੁਰੂ ਤਾਂ ਧੰਨ-ਧੰਨ। ਜਿਹਨੇ ਅੰਮ੍ਰਿਤ ਫਲ ਮੂੰਹ ਨਾਲ ਲਾ ਦਿਤਾ ਉਹ ਗੁਰੂ ਧੰਨ ਧੰਨ ਹੈ। ਜੇ ਅੰਮ੍ਰਿਤ ਫਲ ਨੂੰ ਥੁੱਕ ਦੇਵੇ, ਲੰਘਾਵੇ ਹੀ ਨਾ ਅੰਦਰ ਫੇਰ ਗੁਰੂ ਦਾ ਕਸੂਰ ਤਾਂ ਨਹੀਂ ਨਾ ਹੈ।

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*

*ਅੰਗ - 1378*

ਚਾਰੇ ਵੇਦ, ਛੇਈ ਸਾਸ਼ਤਰ, 27 ਸਿਮ੍ਰਿਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਬਾਈਬਲ, ਅੰਜੀਲ, ਜੰਬੂਰ, ਗੁਰੂ ਗ੍ਰੰਥ ਸਾਹਿਬ 'ਚ ਹਜ਼ਾਰਾਂ ਦੀ ਤਦਾਦ ਵਿਚ ਮਤਾਂ ਦਿੰਦੇ ਨੇ ਪਰ ਕਹਿੰਦੇ ਕੋਈ ਅਸਰ ਹੀ ਨਹੀਂ ਹੁੰਦਾ। ਸ਼ੈਤਾਨ ਅੰਦਰ ਬਹਿ ਗਿਆ ਉਹ ਗੱਲ ਅੰਦਰ ਜਾਣ ਹੀ ਨਹੀਂ ਦਿੰਦਾ। ਸੋ ਮੁਸ਼ਕਲ ਹੈ ਬੜੀ ਜ਼ਬਰਦਸਤ ਕਿ ਸਿੱਖ ਚਾਹੁੰਦਾ ਨਹੀਂ ਕਿ ਮੈਂ ਲੰਘ ਜਾਵਾਂ, ਗੁਰੂ ਚਾਹੁੰਦਾ ਹੈ ਕਿ ਮੈਂ ਇਹਨੂੰ ਲੰਘਾ ਦੇਵਾਂ ਤੇ ਹੁਣ ਗੱਲ ਕੀ ਬਣੀ? ਜਦ ਸਿੱਖ ਨੇ ਚਾਹੁੰਣਾ ਹੈ ਫੇਰ ਗੁਰੂ ਦੀ ਕ੍ਰਿਪਾ ਹੋਣੀ ਹੈ, ਜੇ ਝੋਲੀਓ ਪਾਟੀ ਹੋਈ ਹੈ, ਗੁਰੂ ਹੀਰਿਆਂ ਦੀ ਦਾਤ ਦਿੰਦਾ ਹੈ, ਉਹ ਸਾਰੇ ਗਿਰ ਜਾਣਗੇ। ਸ਼ਰਧਾ ਨਹੀਂ ਹੈ, ਬਚਨ ਦੇ ਉਤੇ ਅਮੰਨਾ ਨਹੀਂ ਹੈ। ਐਂ ਹੀ ਕਹਿ ਦੇਣਾ ਹੈ -

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*

*ਅੰਗ - 466*

ਜੇ ਵਾਹਿਗੁਰੂ ਕ੍ਰਿਪਾ ਕਰੇਗਾ ਤਾਂ ਅਸੀਂ ਨਾਮ ਜਪਾਂਗੇ। ਰੋਟੀ ਖਾਂਦਾ ਹੈ ਤਦ ਤਾਂ ਕਹਿੰਦਾ ਨਹੀਂ ਕਿ

ਵਾਹਿਗੁਰੂ ਕ੍ਰਿਪਾ ਕਰੇਗਾ ਤਾਂ ਹੀ ਮੂੰਹ ਵਿਚ ਬੁਰਕੀ ਪਾਵਾਂਗਾ। ਕਹਿੰਦਾ ਹੈ ਕੋਈ? ਚਲੋ ਮੂੰਹ ਵਿਚ ਕਿਸੇ ਨੇ ਪਾ ਦਿਤੀ? ਕਹਿੰਦੇ ਨੇ ਚਬਾ ਤਾਂ ਲੈ? ਐਂ ਤਾਂ ਕਹਿੰਦਾ ਨਹੀਂ ਕਿ ਵਾਹਿਗੁਰੂ ਕ੍ਰਿਪਾ ਕਰੂ ਤਾਂ ਚੱਬੂੰ? ਸਾਰੇ ਕੰਮ ਨੱਠ-ਨੱਠ ਕੇ ਕਰਦਾ ਹੈਂ, ਪੌਂਡ ਸੁੱਟ ਦੇ ਅੱਗੇ, ਨੱਠ-ਨੱਠ ਕੇ ਚੁੱਕੋਂਗਾ। ਜਦੋਂ ਤਾਂ ਕਹਿੰਦਾ ਨਹੀਂ ਕਿ ਵਾਹਿਗੁਰੂ ਕ੍ਰਿਪਾ ਕਰੇਗਾ ਮੈਂ ਤਾਂ ਚੁੱਕਾਂਗਾ ਜਾ ਕੇ। ਨਾਮ ਬਾਰੇ ਜਿਹੜਾ ਸਾਰਿਆਂ ਨਾਲੋਂ ਕੀਮਤੀ ਹੈ ਉਸ ਵੇਲੇ ਸੁਸਤੀ ਕਰਦਾ ਹੈ। '

*ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ॥*
*ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ॥*
*ਅੰਗ - 518*

*ਬੁਰੇ ਕਾਮ ਕਉ ਊਠਿ ਖਲੋਇਆ॥*
*ਨਾਮ ਕੀ ਬੇਲਾ ਪੈ ਪੈ ਸੋਇਆ॥* *ਅੰਗ - 738*

ਕਹਿੰਦਾ ਮੇਰੇ 'ਤੇ ਗੁਰੂ ਨੇ ਕ੍ਰਿਪਾ ਹੀ ਨਹੀਂ ਕੀਤੀ ਮੈਂ ਨਾਮ ਕੀ ਜਪਾਂ। ਕ੍ਰਿਪਾ ਨਹੀਂ ਕਰੀ ਤਾਂ ਅੱਗੇ ਫੇਰ ਨਰਕ ਵੀ ਤਿਆਰ ਨੇ, ਦੁਖੀ ਹੋਏਂਗਾ। ਫੇਰ ਕੋਈ ਗੱਲ ਬਣਦੀ ਨਹੀਂ ਹੈ ਐਸਾ ਫੁਰਮਾਨ ਹੈ -

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*
*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਅੰਗ - 315*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਪੂਰਾ ਕੀ ਕਰੇ। ਗੁਰੂ ਤਾਂ ਦੱਸੀ ਜਾਂਦਾ ਹੈ ਕਿ ਤੇਰੇ ਨਾਲ ਐਉਂ ਵਰਤੇਗੀ, ਐਉਂ ਵਰਤੇਗੀ। ਤੂੰ ਆਪਣਾ ਮਾਨਸ ਜਨਮ ਸਫਲ ਕਰ ਲੈ, ਨਹੀਂ ਇਹ ਹੱਥ 'ਚੋਂ ਲੰਘ ਜਾਣਾ ਹੈ। ਕਾਰਨ ਕੀ ਹੈ ਐਨਾ ਉਪਦੇਸ਼ ਸੁਣਨ ਦੇ ਬਾਵਜੂਦ ਆਦਮੀ ਫੇਰ ਕਿਉਂ ਨਹੀਂ ਮੰਨਦਾ। ਮਹਾਰਾਜ ਕਹਿੰਦੇ ਇਸ 'ਤੇ ਜਾਦੂ ਹੋਇਆ ਹੋਇਆ ਹੈ। ਠੱਗਾਂ ਦੇ ਕੋਲ ਇਕ ਬੂਟੀ ਹੁੰਦੀ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਵਿਚ ਠਗਮੂਰੀ ਬੂਟੀ ਕਰਕੇ ਪ੍ਰਸਿੱਧ ਹੈ। ਉਹ ਹੱਥ ਨੂੰ ਲਾ ਲੈਣੀ, ਨੱਕ ਕੋਲ ਦੀ ਦੋ ਕੁ ਵਾਰੀ ਲੰਘਾ ਦੇਣੀ। ਬੰਦੇ ਬੇਹੋਸ਼ ਹੋ ਜਾਂਦੇ ਸੀ ਤੇ ਉਹਨੂੰ ਲੁੱਟ ਲੈਂਦੇ ਸੀ। ਕਹਿੰਦੇ ਇਹਦੇ ਅੰਦਰ ਐਸੀਆਂ ਚੀਜ਼ਾਂ ਨੇ ਜਦੋਂ ਅੰਮ੍ਰਿਤ ਨਾਮ ਜਪਣ ਵਾਲੇ ਨੂੰ ਆਉਂਦਾ ਹੈ, ਉਹ ਰਾਹ 'ਚ ਲੁੱਟ ਲੈਂਦੀਆਂ ਨੇ। ਉਹ ਹੈ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥* *ਅੰਗ - 600*

ਨਾਮ ਜਪਦਾ ਨਹੀਂ। ਜੇ ਜਪਣ ਲਗਦਾ ਵੀ ਹੈ ਤਾਂ ਇਹ ਜਿਹੜੇ ਵਿਚਾਰ ਨੇ ਕਾਮ ਦੇ, ਕ੍ਰੋਧ ਦੇ, ਲੋਭ ਦੇ, ਮੋਹ ਦੇ, ਅਹੰਕਾਰ ਦੇ ਉਸ ਅੰਮ੍ਰਿਤ ਨੂੰ ਲੁੱਟਦੇ ਨੇ ਆਉਣ ਨਹੀਂ ਦਿੰਦੇ। ਰਸ ਨਹੀਂ ਆਉਂਦਾ, ਨਿ-ਰਸ ਜਿਹਾ ਹੋ ਕੇ ਛੱਡ ਦਿੰਦਾ ਹੈ ਕਿ ਕੀ ਪਿਆ ਹੈ ਭਜਨ ਦੇ ਅੰਦਰ। ਫਲਾਣੇ ਆਦਮੀ ਨੇ ਭਜਨ ਕਰਿਆ ਉਹਨੂੰ ਆਹ ਕਿਉਂ ਦੁਖ ਆਇਆ। ਫਲਾਣਾ ਐਨੀ ਸੇਵਾ ਕਰਦਾ ਸੀ, ਉਹ ਕਿਉਂ ਦੁਖੀ ਹੋ ਗਿਆ। ਬੜੇ ਕਾਰਨ ਨੇ ਇਹਦੇ, ਮਹਾਰਾਜ ਕਹਿੰਦੇ ਕਾਰਨ ਨਾ ਦੱਸ। ਇਹ ਤਾਂ ਸੰਸਾਰ ਕਰਮਾਂ ਦਾ ਬੰਨ੍ਹਿਆ ਹੋਇਆ ਚਲਦਾ ਹੈ। ਆਦਮੀ ਕਰਮ ਕਰਦਾ ਹੈ। ਜਦ ਤੱਕ ਉਹਨੂੰ ਗਿਆਨ ਨਹੀਂ ਹੁੰਦਾ ਉਦੋਂ ਕਰਮ ਨੇ ਫਲ ਉਹਨੂੰ ਦੇਣਾ ਹੀ ਦੇਣਾ ਹੈ। ਚੰਗੇ ਨੇ ਵੀ ਦੇਣਾ ਹੈ ਤੇ ਮਾੜੇ ਨੇ ਵੀ ਦੇਣਾ ਹੈ। ਕਰਮ ਨਹੀਂ ਟਲਿਆ ਕਰਦਾ।

*ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।*

ਸੇਵਾ ਕਰਨ ਵਾਲੇ ਨੂੰ ਐਉਂ ਹੁੰਦਾ ਹੈ, ਉਹ ਸਹਿ ਜਾਂਦਾ ਹੈ, ਦੂਜਾ ਸਹਿ ਨਹੀਂ ਸਕਦਾ। ਖੁਦਕਸ਼ੀਆਂ ਕਰਦਾ ਫਿਰਦਾ ਹੈ, ਕਮਲਾ ਹੋ ਜਾਏਗਾ। ਉਹ ਤਾਂ ਕਰਮ ਕੀਤੇ ਹੋਏ ਨੇ, ਕੀਤਿਆਂ ਨੂੰ ਤਾਂ ਅਵੱਸ਼ ਭੁਗਤਣਾ ਹੀ ਪੈਣਾ ਹੈ। ਐਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ*
*ਦੋਸ਼ ਤੇਰੇ ਕਰਮਾਂ ਦਾ।*

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥*
*ਅੰਗ - 433*

ਜਦੋਂ ਤਕ ਹਉਮੈ ਹੈ ਕਰਮਾਂ ਦਾ ਨਾਸ਼ ਨਹੀਂ ਹੋਇਆ ਕਰਦਾ। ਨਰਮਾਈ ਤਾਂ ਹੋ ਜਾਂਦੀ ਹੈ ਪਰ ਨਾਸ਼ ਨਹੀਂ ਹੋਇਆ ਕਰਦਾ। ਉਹ ਤਾਂ ਕਰਮਗਤੀ ਜਿਹੜੀ ਬਲਵਾਨ ਹੈ, ਵੱਡੇ-ਵੱਡੇ ਜਿਹੜੇ ਅਹੰਕਾਰੀ ਪੁਰਸ਼ ਸੀ, ਉਨ੍ਹਾਂ ਨੂੰ ਵੀ ਭੋਗਣੀ ਪਈ। ਕ੍ਰਿਸ਼ਨ ਮਹਾਰਾਜ 16 ਕਲਾਂ ਸੰਪੂਰਨ ਅਵਤਾਰ ਸੀ।

*ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।*
*ਭਾਈ ਗੁਰਦਾਸ ਜੀ ਦੀ ਵਾਰ 10/23*

ਮਿਰਗ ਜਾਣ ਕੇ ਬਾਣ ਮਾਰ ਦਿਤਾ ਉਹਨੂੰ ਤੇ ਜਦੋਂ ਕੋਲ ਗਿਆ, ਰੋਣ ਲਗ ਗਿਆ ਬੱਧਕ -

*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ*
*ਅਵਗੁਣੁ ਕੀਤਾ ਹਰਿ ਨ ਚਿਤਾਰੇ।*
*ਭਾਈ ਗੁਰਦਾਸ ਜੀ ਦੀ ਵਾਰ 10/23*

ਕਹਿੰਦਾ ਤੂੰ ਕਿਉਂ ਰੋਂਦਾ ਹੈਂ, ਕਹਿੰਦਾ ਮੈਂ ਤੁਹਾਨੂੰ ਮਾਰਦਾ ਹਾਂ। ਕਹਿੰਦਾ ਨਹੀਂ ਮੈਂ ਤਾਂ ਕਰਮ ਕੱਟਿਆ ਹੈ ਆਪਣਾ। ਤ੍ਰੇਤੇ ਜੁੱਗ ਦੇ ਅੰਦਰ ਮੈਂ ਤੈਨੂੰ ਬਾਣ ਮਾਰਿਆ

ਸੀ, ਤੂੰ ਬਾਲੀ ਸੀਗਾ। ਮੈਂ ਵੀ ਛੁਪ ਕੇ ਮਾਰਿਆ ਸੀ। ਤੂੰ ਕਿਹਾ ਸੀ ਕਿ ਤੂੰ ਅਨੀਤੀ ਕਰੀ, ਤੇਰੇ 'ਚ ਇਹ ਤਾਕਤ ਸੀ ਉਸ ਵੇਲੇ ਕਿ ਜਿਹੜਾ ਸਾਮ੍ਹਣੇ ਹੋ ਕੇ ਲੜਦਾ ਸੀ, ਅੱਧੀ ਤਾਕਤ ਉਹਦੀ ਖਿੱਚ ਲੈਂਦਾ ਸੀ। ਬਾਕੀ ਵਿਚਾਰੇ ਦਾ ਕੀ ਰਹਿ ਗਿਆ। ਅੱਧੀ ਤੇਰੀ, ਅੱਧੀ ਉਹਨੇ ਖਿੱਚ ਲਈ। ਉਹ ਤਾਂ ਬਰਾਬਰ ਹੋ ਗਿਆ। ਜ਼ੀਰੋ ਬਣ ਗਿਆ ਬੰਦਾ ਤੇ ਇਸ ਕਰਕੇ ਤੂੰ ਅਨੀਤੀ ਕਰਦਾ ਸੀ ਮੈਂ ਬਾਣ ਮਾਰ ਦਿਤਾ, ਤੂੰ ਇਸ ਗੱਲ ਦਾ ਸ਼ਿਕਵਾ ਕਰਿਆ। ਮੈਂ ਕਿਹਾ ਬਦਲਾ ਦੇਵਾਂਗਾ ਤੈਨੂੰ ਅੱਜ ਦੇ ਦਿਤਾ ਬਦਲਾ। ਕਰਮ ਤਾਂ ਤੁਰਿਆ ਹੀ ਆਇਆ ਹੈ, ਜੇ ਉਸ ਹਿਸਾਬ ਨਾਲ ਉਮਰ ਗਿਣੀਏ ਤਾਂ 8 ਲੱਖ 64 ਹਜ਼ਾਰ ਸਾਲ ਤੋਂ ਬਾਅਦ ਆ ਕੇ ਕਰਮ ਨੇ ਬਦਲਾ ਲਿਆ। ਥੋੜ੍ਹਾ ਟਾਈਮ ਤਾਂ ਨਹੀਂ ਅੱਠ ਲੱਖ ਸਾਲ। ਗਿਆਨ ਹੋਏ ਤੋਂ ਕਰਮਾਂ ਦਾ ਨਾਸ਼ ਹੁੰਦਾ ਹੈ। ਜਦੋਂ ਨਾਮ ਦਾ ਪ੍ਰਕਾਸ਼ ਹੋ ਗਿਆ ਫੇਰ ਮੌਜ ਬਣ ਜਾਂਦੀ ਹੈ, ਹੁਕਮ ਦੀ ਖੇਡ ਚਲਦੀ ਹੈ, ਕਰਮ ਦੀ ਨਹੀਂ ਚਲਦੀ। ਫੇਰ ਵਾਹਿਗੁਰੂ ਜੀ ਆਪਣੇ ਹੁਕਮ ਵਿਚ ਚਲਾਉਂਦਾ ਹੈ। ਉਹ ਕੁਛ ਵੀ ਨਹੀਂ ਕਹਿੰਦੇ। 'ਤੇਰਾ ਕੀਆ ਮੀਠਾ ਲਾਗੈ' ਕਹਿ ਰਹੇ ਨੇ ਤਵੀ ਤੇ ਬੈਠੇ ਕਿਉਂਕਿ ਹੁਕਮ ਦੀ ਖੇਡ ਚਲ ਰਹੀ ਹੈ। ਦੇਗਾਂ 'ਚ ਉਬਾਲੇ ਜਾ ਰਹੇ ਨੇ ਹੁਕਮ ਦੀ ਖੇਡ ਨੂੰ ਪਛਾਣ ਰਹੇ ਨੇ। ਉਹਦੇ ਵਿਚ ਖਾਤਮਾ ਕੀ ਹੋਇਆ।

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥*

*ਅੰਗ - 1*

ਹਉਮੈ ਦਾ ਖਾਤਮਾ ਹੋ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਹਉਮੈ ਹੈ ਜਦ ਤੱਕ ਆਦਮੀ ਦੇ ਅੰਦਰ, ਹਉਮੈ ਦਾ ਨਾਸ਼ ਨਹੀਂ ਹੁੰਦਾ, ਸੁਖ ਨਹੀਂ ਮਿਲਿਆ ਕਰਦਾ। ਹਉਮੈ ਦਾ ਨਾਸ਼ ਹੁੰਦਾ ਹੈ, ਨਾਮ ਜਪਣ ਨਾਲ।

*ਏਹਾ ਕਾਇਆ ਰੋਗਿ ਭਰੀ*
*ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ॥*

*ਅੰਗ - 588*

ਹੁਣ ਜਦ ਭਰ ਗਈ ਰੋਗ ਦੇ ਨਾਲ, ਸਾਰਿਆਂ ਦੀ ਭਰੀ ਹੋਈ ਹੈ, ਕਾਇਆ ਜਿਹੜੀ ਹੈ ਰੋਗ ਦੇ ਨਾਲ। ਇਕ ਰੋਗ ਦਿਸਦੇ ਨੇ ਇਕ ਦਿਸਦੇ ਨਹੀਂ ਹੈਗੇ। ਇਸ ਰੋਗ ਨੂੰ ਕੈਂਸਰ ਦਾ ਰੋਗ ਕਹਿੰਦੇ ਨੇ। ਕੈਂਸਰ ਅੱਜਕਲ੍ਹ ਹੁੰਦੀ ਹੈ ਪਹਿਲਾਂ ਨਹੀਂ ਸੀ ਹੁੰਦੀ। ਪਹਿਲਾਂ ਇਹਨੂੰ ਕਹਿੰਦੇ ਸੀ ਕਿ ਕੋਹੜ ਦਾ ਰੋਗ ਹੋ ਗਿਆ ਇਹਨੂੰ। ਮਨ ਦਾ ਰੋਗ ਹੈ, ਮਨ ਕੋਹੜੀ ਹੋਇਆ ਹੋਇਆ ਹੈ ਸਾਰੇ ਸੰਸਾਰ ਦਾ। ਕੋਹੜ ਦੇ ਵਿਚੋਂ ਜਦ ਖਿਆਲ ਆਉਂਦੇ ਨੇ ਉਹੋ ਜਿਹੇ ਕੋਹੜੀ ਖਿਆਲ ਆਉਣਗੇ। ਮਹਾਰਾਜ ਕਹਿੰਦੇ ਰੋਗ ਦੇ ਨਾਲ ਭਰਿਆ ਪਿਆ ਹੈ ਅੰਦਰੋਂ। ਜੇ ਗੁਰੂ ਦਾ ਸ਼ਬਦ ਇਹਨੂੰ ਨਾ ਮਿਲਿਆ, ਇਹਨੇ ਵਿਸ਼ਵਾਸ਼ ਨਾ ਕਰਿਆ।

*ਏਹਾ ਕਾਇਆ ਰੋਗਿ ਭਰੀ*
*ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ॥*

*ਅੰਗ - 588*

ਨਹੀਂ ਜਾਣਾ ਰੋਗ ਇਹ। ਕਿਉਂਕਿ ਸ਼ਬਦ ਦੀ ਕਮਾਈ ਨਹੀਂ ਕਰੀ। ਨਾਮ ਦੇ ਮੰਡਲ ਵਿਚ ਪਹੁੰਚਿਆ ਨਹੀਂ। ਜਦੋਂ ਨਾਮ ਦੇ ਮੰਡਲ ਵਿਚ ਪਹੁੰਚਦਾ ਹੈ, ਤਾਂ ਉਥੇ ਹੁੰਦਾ ਕੀ ਹੈ –

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*

*ਅੰਗ - 560*

ਜਾਂ ਨਾਮ ਰਹੇਗਾ ਜਾਂ ਹਉਮੈ ਰਹੇਗੀ। ਐਸਾ ਘੋਲ ਹੁੰਦਾ ਹੈ, ਨਾਮ ਹੈ ਤਕੜਾ, ਹਉਮੈ ਐਨੀ ਤਕੜੀ ਨਹੀਂ ਹੈਗੀ। ਉਹ ਹਉਮੈ ਨੂੰ ਮਾਰ ਕੇ ਕੱਢ ਦਿੰਦਾ ਹੈ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*

*ਅੰਗ - 466*

ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਹੌਲੀ-ਹੌਲੀ ਰਸਨਾ ਤੋਂ ਨਾਮ ਜਪਦਾ-ਜਪਦਾ ਦਸਵੇਂ ਦੁਆਰ ਤਕ ਪਹੁੰਚ ਗਿਆ, ਉਸ ਵੇਲੇ ਅਨੁਭਵ ਖੁਲ੍ਹ ਗਿਆ। ਖੁਲ੍ਹਣ 'ਤੇ ਦੇਖਦਾ ਕੀ ਹੈ, ਇਥੇ ਤਾਂ ਪ੍ਰਮੇਸ਼ਰ ਹੈ ਮੈਂ ਹਾਂ ਹੀ ਨਹੀਂ। ਮੈਂ ਕਿਥੋਂ ਆ ਗਿਆ? ਫੇਰ ਉਹਦੇ ਮੁਖ ਤੋਂ ਐਸੇ ਬਚਨ ਨਿਕਲਦੇ ਨੇ।

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

ਗੱਲ ਹੀ ਹੋਰ ਨਿਕਲੀ ਇਥੇ –

*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥ ਅੰਗ - 827*

ਕਿਤੇ ਨਿਰਗੁਨ ਹੋ ਕੇ, ਕਿਤੇ ਸਰਗੁਨ ਹੋ ਕੇ। ਇਹ ਤਾਂ ਆਪ ਹੀ ਖੇਲ੍ਹ ਰਿਹਾ ਹੈ ਵਾਹਿਗੁਰੂ ਇਥੇ ਮੈਂ ਕਿਥੇ ਚਲਿਆ ਗਿਆ। ਇਹ ਤਾਂ ਹੁਣ ਅਵਸਥਾ ਹੋਰ ਹੋ ਗਈ–

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*

*ਅੰਗ - 657*

ਹੁਣ ਮੈਂ ਤਾਂ ਰਿਹਾ ਹੀ ਨਾ ਇਹਦੇ ਵਿਚ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਨਾਮ ਨੂੰ ਮੰਨ ਲੈਂਦਾ ਹੈ ਉਸ ਵੇਲੇ ਉਸ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ।

*ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ*
*ਜਪ ਲੈ ਤੂੰ ਨਾਮ ਹਰੀ ਦਾ।*

ਮਘਰ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਆਏ ਹੋ ਤੁਸੀਂ। ਇਸ ਦਾ ਜੋ ਵਿਸ਼ਾ ਹੈ ਜਿਸ ਗੱਲ ਨੂੰ ਅਸੀਂ ਚਿੱਤ ਵਿਚ ਵਿਚਾਰਨਾ ਹੈ ਉਹ ਇਹ ਹੈ ਕਿ ਵਾਹਿਗੁਰੂ ਦਾ ਨਾਮ ਜਪਣਾ। ਉਹਦੇ ਨਾਲ ਜੰਮਣ-ਮਰਨ ਤੋਂ ਖਲਾਸੀ ਹੋ ਜਾਂਦੀ ਹੈ।

*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥ ਅੰਗ - 135*

ਸੋ ਇਸ ਤਰ੍ਹਾਂ ਨਾਲ ਜਦੋਂ ਅਸੀਂ ਬਾਣੀ ਦੀ ਵਿਚਾਰ ਕਰਦੇ ਹਾਂ -

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥ ਅੰਗ - 135*

ਉਹ ਸੋਹਣੇ ਲਗਦੇ ਨੇ ਜਿਨ੍ਹਾਂ ਦੇ ਹਿਰਦੇ ਦੇ ਵਿਚ ਪ੍ਰਮੇਸ਼ਰ ਵਸਿਆ ਹੋਇਆ ਹੈ, ਘਟ-ਘਟ ਦੇ ਵਿਚ ਵਿਆਪਕ ਨਜ਼ਰ ਆਉਂਦਾ ਹੈ। ਉਹ ਪ੍ਰਮੇਸ਼ਰ ਦੇ ਨਾਲ ਜੁੜੇ ਹੋਏ ਨੇ, ਕਹਿੰਦੇ ਇਹ ਸੁਹਾਵਣੇ ਲਗਦੇ ਨੇ। ਉਨ੍ਹਾਂ ਦੀ ਉਪਮਾ ਕਿੰਨੀ ਕਰੀਏ -

*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਅੰਗ - 135*

ਉਨ੍ਹਾਂ ਦੀ ਸੋਭਾ ਕੋਈ ਕਹਿ ਨਹੀਂ ਸਕਦਾ। ਐਸਾ ਬਾਣੀ ਦੇ ਵਿਚ ਫੁਰਮਾਨ ਆਉਂਦਾ ਹੈ -

*ਧਾਰਨਾ - ਮਹਿਮਾ ਸੰਤਾਂ ਦੀ ਵੇਦ ਨਾ ਜਾਣਦੇ - 2, 2.*

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥ ਅੰਗ - 272*

ਕਹਿੰਦੇ ਗਿਣੀ ਨਹੀਂ ਜਾਂਦੀ, ਜਿਹੜੇ ਪ੍ਰਮੇਸ਼ਰ ਦੇ ਨਾਲ ਜੁੜੇ ਹੋਏ ਨੇ, ਉਨ੍ਹਾਂ ਦੀ ਐਡੀ ਉਚੀ ਮਹਿਮਾ ਹੈਗੀ। ਲੇਕਿਨ ਪੂਰੀ ਮਹਿਮਾ ਕੋਈ ਕਹਿ ਨਹੀਂ ਸਕਦਾ। ਕਾਰਨ ਕੀ ਹੈ? ਵੇਦ ਤਾਂ ਸਾਰਿਆਂ ਨਾਲੋਂ ਉਚੀ ਬਾਣੀ ਹੈ। ਇਹ ਕਿਉਂ ਨਹੀਂ ਕਹਿ ਸਕਦੇ। ਇਹ ਇਸ ਕਰਕੇ ਨਹੀਂ ਕਹਿ ਸਕਦੇ ਕਿਉਂਕਿ ਵੇਦ ਤਿੰਨਾਂ ਗੁਣਾਂ 'ਚ ਨੇ, ਰਜੋ, ਤਮੋ, ਸਤੋ। ਸੰਤ ਜਿਹੜੇ ਨੇ ਉਹ ਚਉਥੈ ਪਦ ਵਿਚ ਹੁੰਦੇ ਨੇ। ਉਹ ਪ੍ਰਮੇਸ਼ਰ ਹੁੰਦੇ ਨੇ ਸ਼ਾਖਸ਼ਾਤ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਵਾਹਿਗੁਰੂ ਵਰਗੇ ਨੇ, ਹੁਣ ਵਾਹਿਗੁਰੂ ਦੀ ਮਹਿਮਾ ਨਹੀਂ ਕਹਿ ਸਕਦੇ, ਸੰਤਾਂ ਦੀ ਨਹੀਂ ਕਹਿ ਸਕਦੇ।

*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਅੰਗ - 135*

ਸੰਤਾਂ ਦੀ ਸੰਗਤ ਬਹੁਤ ਜ਼ਰੂਰੀ ਦੱਸੀ ਹੈ ਇਹਦੇ ਵਿਚ। ਪੰਜ ਪਿਆਰੇ ਨਾਮ ਦਿੰਦੇ ਨੇ, ਗੁਰੂ ਦੇ ਥਾਂ 'ਤੇ, ਗੁਰੂ ਗ੍ਰੰਥ ਸਾਹਿਬ ਦੇ ਤਾਬੇ ਅੰਮ੍ਰਿਤ ਛਕਦੇ ਹਾਂ ਅਸੀਂ, ਪੰਜ ਪਿਆਰੇ ਨਾਮ ਦਿੰਦੇ ਨੇ। ਹੁਣ ਜਿਹੜਾ ਨਾਮ ਜਪਣਾ ਹੈ, ਨਾਮ ਨੇ ਤਰੱਕੀ ਕਰਨੀ ਹੈ, ਇਹ ਸੰਤਾਂ ਦੇ ਅਨੁਭਵ 'ਚੋਂ ਵਿਚਾਰਾਂ ਨਾ ਸੁਣਨ ਕਰਕੇ ਨਹੀਂ ਜਪ ਹੁੰਦਾ। ਦੂਸਰਾ ਉਨ੍ਹਾਂ ਦੀ ਸੰਗਤ ਕਰਕੇ, ਉਨ੍ਹਾਂ ਨਾਲ ਪਿਆਰ ਕਰਕੇ, ਜਿਹੋ ਜਿਹੇ ਬੰਦੇ ਨਾਲ ਕਰੇਗਾ, ਉਹੋ ਜਿਹੇ ਔਗੁਣ ਉਹਦੇ ਵਿਚ ਆਉਣੇ ਸ਼ੁਰੂ ਹੋ ਜਾਂਦੇ ਨੇ। ਚੋਰ ਨਾਲ ਪਿਆਰ ਕਰ ਲਓ ਚੋਰ ਦੇ ਔਗੁਣ ਅੰਦਰ ਆ ਜਾਣਗੇ, ਜੁਆਰੀਆਂ ਨਾਲ ਕਰ ਲਓ, ਜੁਆਰੀਆਂ ਦੇ ਆ ਜਾਣਗੇ। ਕਾਮੀ ਨਾਲ ਕਰ ਲਓ, ਕਾਮ ਦੇ ਔਗੁਣ ਆ ਜਾਣਗੇ। ਲੋਭੀ ਨਾਲ ਕਰ ਲਓ, ਲੋਭ ਦੇ ਔਗੁਣ ਆ ਜਾਣਗੇ। ਜਿਨ੍ਹਾਂ ਦੇ ਦੇਖਣ ਨਾਲ ਨਾਮ ਚਲ ਜਾਂਦਾ ਹੈ।

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਅੰਗ - 520*

ਮਹਾਰਾਜ ਕਹਿੰਦੇ, ਉਨ੍ਹਾਂ ਦੀ ਸੰਗਤ ਜਿਹੜੀ ਹੈ ਉਹਦੇ ਵਿਚ ਜਦੋਂ ਜੀਵ ਚਲਦਾ ਹੈ ਤਨ-ਮਨ ਮੌਲ ਗਿਆ, ਬੂਟੇ ਮੌਲ ਜਾਂਦੇ ਨੇ ਆ ਕੇ ਸਾਉਣ ਭਾਦੋਂ ਵਿਚ, ਫੈਲ ਜਾਂਦੇ ਨੇ। ਇਵੇਂ ਜਿਵੇਂ ਸੰਤਾਂ ਦੀ ਸੰਗਤ ਕਰਕੇ ਇਹ ਜਿਹੜਾ ਮਨ ਹੈ, ਇਹ ਖੁਸ਼ਕ ਕਠੋਰ ਮਨ ਮੌਲ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸੰਤਾਂ ਦੀ ਸੰਗਤ ਦੇ ਵਿਚ ਨਾਮ ਜਪਣ ਦੀ ਪ੍ਰੇਰਨਾ ਮਿਲਦੀ ਹੈ। ਨਾਮ ਹਉਮੈ ਦਾ ਨਾਸ਼ ਕਰਦਾ ਹੈ। ਜਦੋਂ ਹਉਮੈ ਦਾ ਨਾਸ਼ ਹੋਇਆ ਤਾਂ ਸੰਤ ਪ੍ਰਮੇਸ਼ਰ ਨੂੰ ਮਿਲਾ ਦਿੰਦੇ ਨੇ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਅੰਗ - 1373*

ਸੋ ਸੰਤ ਪ੍ਰਭੂ ਨੂੰ ਮਿਲਾ ਦਿੰਦੇ ਨੇ। ਜਿਹੜੇ ਸੰਤਾਂ ਦੀ ਸੰਗਤ ਤੋਂ ਖਾਲੀ ਨੇ। ਉਹ ਖਾਲੀ ਰਹਿ ਜਾਇਆ ਕਰਦੇ ਨੇ। ਨਾਮ ਆਪ ਨਹੀਂ ਜਪਿਆ ਜਾਇਆ ਕਰਦਾ। ਜਿੰਨਾਂ ਚਿਰ ਗੁਰਮੁਖ ਦੀ ਸੰਗਤ ਨਾ ਕਰੋ, ਨਹੀਂ ਜਪ ਹੁੰਦਾ। ਇਹਦੇ ਵਿਚ ਭੇਦ ਨੇ, ਬੇਅੰਤ ਭੇਦ ਨੇ ਜਿਨ੍ਹਾਂ ਦਾ ਸਾਨੂੰ ਪਤਾ ਨਹੀਂ ਲਗਦਾ। ਅਸੀਂ ਉਲਝ ਜਾਂਦੇ ਹਾਂ ਆਪਣੇ ਆਪ 'ਤੇ, ਕੋਈ ਕਿਤਾਬ ਪੜ੍ਹ ਲਈ ਤਾਂ ਉਲਝ ਗਏ। ਐਧਰਲੇ ਬਚਨ ਸੁਣ ਲਏ, ਉਧਰਲੇ ਸੁਣ ਲਏ, ਸ਼ੰਕੇ ਪੈ ਗਏ, ਸ਼ੰਕਿਆ ਨੂੰ ਕੌਣ ਦੂਰ ਕਰੂ? ਓਹੀ ਦੂਰ ਕਰੂ ਜਿਹੜਾ ਲੰਘਿਆ ਹੈ। ਦੂਜਿਆਂ ਨੂੰ ਤਾਂ ਪਤਾ ਹੀ ਨਹੀਂ। ਨਦੀ 'ਚ ਖੱਪਰ ਪੈਂਦੇ ਨੇ, ਘੁੰਮਣ-ਘੇਰੀਆਂ ਪੈਂਦੀਆਂ ਨੇ, ਮਲਾਹਾਂ ਨੂੰ ਪਤਾ ਹੈ ਕਿ ਇਥੇ ਡੁੱਬ ਜਾਂਦਾ ਹੈ, ਇਥੇ ਪੱਥਰ ਪਿਐ ਥੱਲੇ, ਐਹਦੇ ਵਿਚ ਕਿਸ਼ਤੀ ਲੱਗੀ ਤਾਂ ਫਟ ਜਾਏਗੀ। ਮਲਾਹ ਲੰਘਾ ਦਿੰਦੇ ਨੇ, ਇਵੇਂ ਜਿਵੇਂ ਜੋ ਸੰਤ ਮਲਾਹ ਨੇ ਜੀਵ ਨੂੰ ਪਾਰ ਕਰ ਦਿੰਦੇ ਨੇ। ਉਹ ਗੁਰੂ ਦੇ ਸਹਾਇਕ ਬਣਾਏ ਹੋਏ ਨੇ। ਇਸੇ ਕਰਕੇ ਇਨ੍ਹਾਂ ਦੀ ਮਹਿਮਾ ਬਹੁਤ ਉਚੀ ਇਸ ਤਰ੍ਹਾਂ ਨਾਲ ਫੁਰਮਾਨ ਕਰੀ ਹੈ -

*ਧਾਰਨਾ - ਤੀਰਥ ਵੀ ਲੋਚਦੇ, ਸੰਤਾਂ ਦੀ ਧੂੜੀ ਤਾਂਈ।*

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*

*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*
*ਅੰਗ - 1263*

ਇਹ ਜਿਹੜੇ ਮੁੱਖ ਦੇਵਤੇ ਨੇ ਤੀਰਥਾਂ ਦੇ ਇਹ ਵੀ ਸੰਤਾਂ ਦੀ ਧੂੜੀ ਲੋਚਦੇ ਨੇ ਕਿ ਸਾਡੇ ਵਿਚ ਪਾਪੀ ਆਪਣੇ ਪਾਪ ਛੱਡ ਗਏ ਤੇ ਸਾਡਾ ਰੰਗ ਕਾਲਾ ਹੋ ਗਿਆ। ਸੰਤ ਆ ਕੇ ਇਸ਼ਨਾਨ ਕਰਨ ਤਾਂ ਪਾਪ ਕੱਟ ਹੋਣ, ਤਾਂ ਸਾਡੀ ਮਹਿਮਾ ਵਧੇ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਤਨ-ਮਨ ਮੈਲਦੈ, ਜੇ ਸੰਤਾਂ ਦੀ ਸੰਗਤ ਰਹੇ। ਜੇ ਸੰਤਾਂ ਤੋਂ ਬਾਹਰ ਹੋ ਜਾਓ, ਤਾਂ ਤਨ-ਮਨ ਜਿਹੜਾ ਹੈ ਉਹ ਸੜ ਜਾਂਦਾ ਹੈ। ਈਰਖਾ ਨਫਰਤ ਵਰਗੇ ਕਿਰਮ ਇਹਦੇ ਵਿਚ ਆ ਕੇ ਪੈ ਜਾਂਦੇ ਨੇ ਤੇ ਮਹਾਰਾਜ ਕਹਿੰਦੇ ਜਿਹੜਾ ਸੰਗਤ ਨਹੀਂ ਕਰਦਾ ਸਾਧੂਆਂ ਦੀ, ਉਹ ਜਮਾਂ ਦੇ ਵਸ ਵਿਚ ਵੀ ਪੈ ਜਾਂਦਾ ਹੈ।

*ਧਾਰਨਾ - ਪਿਆਰੇ ਜੀ, ਵਸ ਪੈਂਦੇ ਜਮਦੂਤਾਂ ਦੇ,*
*ਜਿਹੜੇ ਸਾਧਸੰਗਤ ਤੋਂ ਖਾਲੀ।*

ਸਾਧੂ ਦੀ ਸੰਗਤ ਜੋ ਹੀਣੇ ਨੇ ਮਹਾਰਾਜ ਕਹਿੰਦੇ -

*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਅੰਗ - 135*

ਇਕੱਲੇ ਹੀ ਰਹਿ ਜਾਂਦੇ ਨੇ।

*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥*
*ਅੰਗ - 135*

ਜਮਾਂ ਦੇ ਵਸ ਪੈਂਦੇ ਨੇ, ਦੁਖ ਓਹਦਾ ਕਦੇ ਉਤਰਦਾ ਨਹੀਂ। ਸਾਧੂਆਂ ਦੀ ਸੇਵਾ ਦਾ ਫਲ ਮਹਾਰਾਜ ਕਹਿੰਦੇ -

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਅੰਗ - 271*

ਐਸੀਆਂ ਬੇਅੰਤ ਮਿਸਾਲਾਂ ਨੇ, ਇਕ ਬ੍ਰਾਹਮਣ ਪ੍ਰੇਮੀ ਬੀਮਾਰ ਸੀ, ਇਕ ਮਹਾਤਮਾ ਸੀ ਉਨ੍ਹਾਂ ਦਾ ਨਾਉਂ ਸੰਤ ਚੇਤ ਸਿੰਘ ਸੀਗਾ। ਉਹ ਆਏ ਗਏ ਦੀ ਬੜੀ ਸੇਵਾ ਕਰਦੇ ਸੀ। ਮਰੋੜੇ ਲੱਗੇ ਹੋਏ ਸੀ ਉਹਨੂੰ, ਕਹਿਣ ਲੱਗੇ ਪੰਡਤ ਜੀ! ਤੈਨੂੰ ਲੱਗੇ ਹੋਏ ਨੇ ਮਰੋੜੇ, ਮੈਂ ਕਰਨਾ ਹੈ ਸੁਖਮਨੀ ਸਾਹਿਬ ਦਾ ਪਾਠ, ਇਕ ਮਨ ਇਕ ਚਿਤ ਹੋ ਕੇ ਮੈਂ ਪਾਠ ਕਰਦਾ ਹਾਂ, ਫੁਰਨਾ ਨਹੀਂ ਮੈਂ ਆਉਣ ਦਿੰਦਾ ਸੁਖਮਨੀ ਸਾਹਿਬ ਦੇ ਪਾਠ ਵੇਲੇ। ਨਾ ਮੈਂ ਬੋਲਦਾ ਹਾਂ। ਜੇ ਤੂੰ ਕੁਛ ਲੈਣੈ ਤਾਂ ਲੈ ਲੈ, ਜੇ ਹੋਰ ਕੁਛ ਦੀ ਤੈਨੂੰ ਚਾਹਨਾਂ ਹੈ ਮੈਂ ਤੇਰੇ ਮੰਜੇ ਦੇ ਸਿਰਾਣੇ ਰੱਖ ਦਿੰਦਾ ਹਾਂ, ਮੈਨੂੰ ਬੁਲਾਈਂ ਨਾ। ਕਹਿੰਦਾ, ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਸੰਤ ਚੇਤ ਸਿੰਘ ਚੌਂਕੜਾ ਮਾਰ ਕੇ ਬੈਠ ਗਏ, ਬਿਰਤੀਆਂ ਇਕਾਗਰ ਕਰੀਆਂ, ਸੁਰਤ ਨਾਲ ਸੁਖਮਨੀ ਸਾਹਿਬ ਪੜ੍ਹਨਾ ਸ਼ੁਰੂ ਕਰ ਦਿਤਾ। ਕਿੰਨਾ ਹੀ ਲਮਕਾਅ ਕੇ ਪੜ੍ਹੋ, ਸੁਰਤ ਦੇ ਨਾਲ ਅੱਧੇ ਘੰਟੇ ਦੇ ਵਿਚ ਪਾਠ ਪੂਰਾ ਹੋ ਜਾਂਦਾ ਹੈ, ਸੁਣ ਕੇ ਅੰਤਰ ਆਤਮੇ। ਪਾਠ ਕਰਨ ਦਾ ਫਲ ਕਿੰਨਾ ਹੁੰਦੈ, ਹਜ਼ਾਰਾਂ ਗੁਣਾਂ, ਰਸਨਾ ਨਾਲ ਪਾਠ ਕਰਨ ਦਾ ਫਲ ਬਹੁਤ ਹੁੰਦਾ ਹੈ। ਜੇ ਚੁੱਪ ਕਰਕੇ ਕੰਠ ਵਿਚ ਕਰੇ ਤਾਂ ਦੱਸ ਗੁਣਾਂ ਵਧ ਜਾਇਆ ਕਰਦਾ ਹੈ। ਜੇ ਹਿਰਦੇ ਵਿਚ ਕਰੇ ਤਾਂ ਸੌ ਗੁਣਾਂ ਵੱਧ ਜਾਂਦਾ ਹੈ। ਜੇ ਡੂੰਘੀ ਚੁੱਪ ਦੇ ਵਿਚ ਪਾਠ ਨੂੰ ਕੇਵਲ ਸਰਵਣ ਕਰੇ, ਆਪ ਨਾ ਜੀਭ ਹਿਲਾਵੇ, ਕੁਛ ਨਾ ਕਰੇ, ਟਿਕ ਕੇ ਬੈਠ ਜਾਵੇ ਤਾਂ ਇਹ ਸਮਝੇ ਕਿ ਦੂਰੋਂ ਕੋਈ ਪਾਠ ਹੋ ਰਿਹਾ ਹੈ। ਉਹਨੂੰ ਜਿਹੜਾ ਸੁਣਦਾ ਹੈ ਉਹਦਾ ਹਜ਼ਾਰ ਗੁਣਾਂ ਫਲ ਵਧ ਹੁੰਦਾ ਹੈ, ਬੋਲ ਕੇ ਕਰਨ ਨਾਲੋਂ। ਇਹ ਭੇਤ ਹੈ ਮਹਾਤਮਾ ਨੂੰ ਪਤਾ ਹੈ ਇਨ੍ਹਾਂ ਗੱਲਾਂ ਦਾ, ਸੰਸਾਰ ਨੂੰ ਨਹੀਂ ਪਤਾ। ਇਸੇ ਕਰਕੇ ਤਰੱਕੀ ਨਹੀਂ ਹੁੰਦੀ। ਹਜ਼ਾਰ ਪਾਠ ਕਿੰਨਾ ਫਲ ਦਿੰਦਾ ਹੈ ਤੇ ਇਕ ਪਾਠ ਕਿੰਨਾ ਫਲ ਦਿੰਦਾ ਹੈ। ਸੋ ਚਿੱਤ ਬਿਰਤੀਆਂ ਇਕਾਗਰ ਕਰਕੇ, ਦੁਨੀਆਂ ਨੂੰ ਭੁੱਲ ਕੇ ਸਮਾਧੀ ਦੇ ਵਿਚ ਪਾਠ ਸੁਣਿਆ ਕਰਦੇ ਸੀ। ਪਾਠ ਪੂਰਾ ਹੋਣ ਤੋਂ ਜਦ ਨਿਗ੍ਹਾ ਗਈ ਬ੍ਰਾਹਮਣ 'ਤੇ ਉਹ ਮਰ ਗਿਆ ਵਿਚਾਰਾ। ਸੰਤਾਂ ਦੇ ਮਨ ਵਿਚ ਚਿੰਤਾ ਹੋ ਗਈ, ਇਨ੍ਹਾਂ ਦੇ ਮੱਤ ਦੇ ਹਿਸਾਬ ਦੇ ਨਾਲ ਜੇ ਮੰਜੇ ਕੋਈ ਪ੍ਰਾਣ ਛੱਡ ਦੇਵੇ, ਓਹਦੀ ਗਤੀ ਨਹੀਂ ਹੁੰਦੀ। ਆਹ ਗੱਲ ਸੋਚਣ ਲੱਗ ਗਏ ਤੇ ਦਰਗਾਹ ਦੇ ਵਿਚ ਗੱਲ ਪਹੁੰਚ ਗਈ।

*ਸੰਤਨ ਦੁਖ ਪਾਏ ਤੇ ਦੁਖੀ॥*
*ਸੁਖ ਪਾਏ ਸਾਧਨ ਕੇ ਸੁਖੀ॥ (ਚੌਪਈ)*

ਉਸੇ ਵੇਲੇ ਥੋੜ੍ਹੀ ਦੇਰ ਤੋਂ ਬਾਅਦ ਉਹ ਬ੍ਰਾਹਮਣ ਜਿਹੜਾ ਸੀ ਇਕ ਦਮ ਹਟਕੋਰਾ ਜਿਹਾ ਲੈ ਕੇ ਬਹਿ ਗਿਆ। ਸੰਤ ਕਹਿੰਦੇ ਜਿਉਂਦਾ ਹੋ ਗਿਆ, ਚੰਗਾ ਹੋ ਗਿਆ। ਮੈਂ ਤਾਂ ਕਿਹਾ ਤੇਰੀ ਗਤੀ ਨਹੀਂ ਹੋਣੀ। ਕਹਿੰਦਾ ਸੰਤ ਜੀ! ਮੈਂ ਆਹੀ ਗੱਲ ਦੱਸਣ ਵਾਸਤੇ ਆਇਆ ਹਾਂ। ਮੈਨੂੰ ਲਿਜਾਣ ਵਾਲੇ ਖੜ੍ਹੇ ਨੇ ਤਿਆਰ ਬਰ ਤਿਆਰ।

ਮੇਰਾ ਚਾਹੇ ਕਰਮ ਕੋਈ ਸੀ, ਪਰ ਮੈਂ ਤੁਹਾਡੇ ਕੋਲ ਬੈਠਾ ਸੀ, ਤੁਸੀਂ ਕਰਦੇ ਸੀ ਪਾਠ, ਵਾਤਾਵਰਣ ਐਨਾ ਸ਼ੁੱਧ ਸੀ, ਮੈਨੂੰ ਜਮਦੂਤ ਵਗੈਰਾ ਕੋਈ ਨਹੀਂ ਲੈਣ ਆਇਆ, ਬਿਵਾਨਾਂ ਦੇ ਵਿਚ ਮੈਨੂੰ ਲਈ ਜਾਂਦੇ ਨੇ ਬੈਕੁੰਠ ਧਾਮ ਨੂੰ। ਤੇ ਬੈਕੁੰਠ ਪਤੀ ਨੇ ਇਹ ਗੱਲ ਕਹੀ ਕਿ ਸੰਤਾਂ ਦਾ ਮਨ ਪੈ ਗਿਆ ਚਿੰਤਾ 'ਚ ਇਹਨੂੰ ਮੋੜ ਕੇ ਲੈ ਜਾਓ, ਇਹਨੂੰ ਦੋ ਚਾਰ ਮਿੰਟ ਬੋਲਣ ਦੀ ਸ਼ਕਤੀ ਦੇ ਦਿਓ ਤੇ ਉਠ ਕੇ ਦੱਸ ਦੇਵੇ ਸੰਤਾਂ ਨੂੰ ਕਿ ਮਹਾਰਾਜ, ਤੁਹਾਡੀ ਸੰਗਤ ਦੇ ਵਿਚ ਪ੍ਰਾਣ ਨਿਕਲੇ ਹੋਏ, ਤੁਸੀਂ ਪਾਠ ਕਰਦੇ ਸੀ, ਜੁੜੇ ਹੋਏ ਸੀ ਪ੍ਰਮੇਸ਼ਰ ਦੇ ਨਾਲ ਤੇ ਉਹਦਾ ਫਲ ਮੈਨੂੰ ਇਹ ਹੋਇਆ ਕਿ ਮੈਨੂੰ ਬੈਕੁੰਠ ਧਾਮ ਨੂੰ ਲਈ ਜਾਂਦੇ ਨੇ, ਬਿਵਾਨ ਖੜ੍ਹੇ ਨੇ, ਐਨਾ ਹੀ ਮੈਂ ਦਸਣਾ ਸੀ ਐਨਾ ਕਹਿ ਕੇ ਫੇਰ ਗਿਰ

ਗਿਆ। ਚੜ੍ਹਾਈ ਕਰ ਗਿਆ। ਸੋ ਸਾਧੂ ਦੀ ਸੰਗਤ ਦੇ ਨਾਲ ਖਾਲੀ ਨਾ ਰਿਹਾ, ਦੁਖਾਂ 'ਚ ਨਾ ਰਿਹਾ, ਸੁਖ ਮਿਲ ਗਿਆ। ਐਸਾ ਦਸਦੇ ਨੇ ਕਿ ਜਿਹੜਾ ਸੇਵਾ ਕਰਦਾ ਹੈ, ਆਦਰ ਕਰਦਾ ਹੈ ਸਾਧੂਆਂ ਦਾ, ਜਮਦੂਤ ਉਹਨੂੰ ਕੁਛ ਨਹੀਂ ਕਹਿੰਦਾ, ਉਹਨੂੰ ਵਰੰਟ ਨਹੀਂ ਭੇਜਦਾ, ਡਰਦੈ।

*ਧਾਰਨਾ - ਦੁਖ ਜਮਾਂ ਦਾ ਨੇੜ ਨਾ ਆਵੇ,*
*ਆਦਰ ਕਰਕੇ ਸਾਧੂਆਂ ਦਾ।*

*ਤੁਧੁ ਸਾਲਾਹਨਿ ਤਿਨ ਧਨੁ ਪਲੈ*
*ਨਾਨਕ ਕਾ ਧਨੁ ਸੋਈ॥*
*ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥ ਅੰਗ - 1328*

ਜਿਹੜਾ ਬੰਦਗੀ ਕਰਨ ਵਾਲੇ, ਨਾਮ ਜਪਣ ਵਾਲਿਆਂ ਨੂੰ ਜੀ ਕਹਿ ਕੇ ਬੁਲਾ ਲਏ ਨਾ, ਜਮਦੂਤਾਂ ਦਾ ਪਰਵਾਨਾ ਉਹਨੂੰ ਆਉਂਦਾ ਨਹੀਂ ਹੁੰਦਾ। ਜਮ ਡਰਦਾ ਹੈ।

ਸੋ ਮਹਾਰਾਜ ਕਹਿੰਦੇ ਜਿਹਨੂੰ ਸਾਧੂ ਦਾ ਸੰਗ ਨਹੀਂ ਨਾ–

*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਅੰਗ - 135*

ਇਕੱਲੇ ਘੁੰਮਦੇ ਫਿਰਦੇ ਨੇ।

*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੇ ਵਸਿ ਪੜੀਆਹ॥*
*ਅੰਗ - 135*

ਜਮਾਂ ਦੇ ਵਸ ਪੈਂਦੇ ਨੇ, ਦੁਖਾਂ ਦਾ ਖਾਤਮਾ ਨਹੀਂ ਹੁੰਦਾ। ਕਿਉਂਕਿ ਨਾਮ ਨਹੀਂ ਜਪਿਆ ਜਾਂਦਾ ਸਾਧੂ ਦੀ ਸੰਗਤ ਬਗੈਰ। ਗੁਰਮੁਖ ਦੀ ਸੰਗਤ ਤੋਂ ਬਗੈਰ ਨਹੀਂ ਲੰਘ ਹੁੰਦਾ। ਇਹ ਗੁਰੂ ਗ੍ਰੰਥ ਸਾਹਿਬ ਦਾ ਫੈਸਲਾ ਹੈ। ਮੰਨ ਲਓ ਤਾਂ ਚੰਗਾ ਹੈ, ਨਹੀਂ ਮੰਨੋ ਤਾਂ ਨੁਕਸਾਨ ਆਪਣਾ ਹੀ ਹੈ। ਸੋ ਇਸ ਕਰਕੇ ਮਹਾਰਾਜ ਬੇਨਤੀ ਕਰਦੇ ਨੇ ਹੇ ਪ੍ਰਭੂ! ਜੇ ਤੂੰ ਦਿਆਲ ਹੈਂ ਤਾਂ ਇਕ ਮੇਰੀ ਮੰਗ ਪੂਰੀ ਕਰ ਦੇ –

*ਧਾਰਨਾ - ਪਿਆਰੇ ਜੀ ਧੂੜੀ ਮੰਗਾਂ ਸਾਧੂਆਂ ਦੀ,*
*ਮੰਗ ਕਰ ਦਿਓ ਪ੍ਰਭ ਜੀ ਪੂਰੀ।*

*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥*
*ਅੰਗ - 135*

ਹੇ ਵਾਹਿਗੁਰੂ! ਮੈਂ ਉਨ੍ਹਾਂ ਦੀ ਧੂੜੀ ਮੰਗਦਾ ਹਾਂ ਜਿਹੜੇ ਤੇਰੇ ਦਰ 'ਤੇ ਆ ਕੇ ਪੈ ਗਏ, ਤੇਰੇ ਬਣ ਗਏ।

*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥*
*ਅੰਗ - 135*

ਮੰਘਰਿ ਇਥੇ ਮਾਨਸ ਜਨਮ ਨੂੰ denote ਕਰਦਾ ਹੈ। ਮਹੀਨੇ ਨੂੰ ਵੀ ਕਹਿੰਦੇ ਨੇ। ਆਹ ਸਰੀਰ ਪਾ ਕੇ ਜਿਹਨੇ ਪ੍ਰਭੂ ਦੀ ਆਰਾਧਨਾ ਕਰ ਲਈ, ਉਹ ਜਮਾਂ ਦੇ ਦੁਖਾਂ ਤੋਂ ਛੁਟ ਕੇ ਆਪਣੇ ਸਵੈ-ਸਰੂਪ ਨੂੰ ਪਛਾਣ ਕੇ –

*ਆਤਮਾ ਪਰਾਤਮਾ ਏਕੋ ਕਰੈ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ॥*
*ਅੰਗ - 661*

ਉਹ ਪ੍ਰਮੇਸ਼ਰ ਰੂਪ ਹੋ ਜਾਇਆ ਕਰਦੇ ਨੇ ਤੇ ਆਉਣਾ ਜਾਣਾ ਉਨ੍ਹਾਂ ਦਾ ਖਤਮ ਹੋ ਜਾਇਆ ਕਰਦਾ ਹੈ। ਤੱਤ ਗਿਆਨ ਜੋ ਹੈ ਪ੍ਰਗਟ ਹੋ ਜਾਂਦਾ ਹੈ। ਆਪਣਾ ਆਪ ਮਿਟਾ ਕੇ ਜਿਧਰ ਦੇਖਦੇ ਨੇ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਅੰਗ - 677*

ਉਹ ਪ੍ਰਮੇਸ਼ਰ ਜੋ ਘਟ-ਘਟ 'ਚ ਵਿਆਪਕ ਹੈ, ਨੇਤਰ ਖੁਲ੍ਹ ਗਏ ਦਿਸਦਾ ਕੀ ਹੈ, ਜਿਹੜਾ ਅੰਦਰ ਹੈ ਉਹ ਬਾਹਰ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਅੰਗ - 294*

ਸੋ ਇਸ ਮਹੀਨੇ ਦੀ ਜੋ ਵਿਚਾਰ ਹੈ ਆਪਾਂ ਕੀਤੀ। ਅਗਿਆਨ ਦਾ ਨਾਸ਼ ਪ੍ਰਮੇਸ਼ਰ ਕਰੇ, ਸੁਖਾਂ ਦਾ ਦਰਵਾਜ਼ਾ ਖੁਲ੍ਹ ਜਾਂਦਾ ਹੈ, ਨਾਮ ਜਪ ਕੇ ਸਾਰੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਮਹਾਰਾਜ ਕਹਿੰਦੇ –

*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥ ਅੰਗ - 954*

ਚਾਰ ਪਉੜੀਆਂ ਨਾਮ ਦੇ ਮੰਨਣ ਦੀਆਂ, ਗੁਰੂ ਮਹਾਰਾਜ ਨੇ ਜਪੁਜੀ ਸਾਹਿਬ ਦੇ ਵਿਚ ਫੁਰਮਾਨ ਕੀਤੀਆਂ ਨੇ। ਪੜ੍ਹਿਆ ਕਰੋ ਧਿਆਨ ਦੇ ਨਾਲ, ਗੱਲ ਸਮਝਣ ਦਾ ਯਤਨ ਕਰੋ। ਸਮਾਂ ਲੰਘਦਾ ਜਾਂਦਾ ਹੈ, ਬਾਰ-ਬਾਰ ਹੱਥ ਨਹੀਂ ਆਉਂਦਾ। ਕੋਈ ਪਤਾ ਨਹੀਂ ਹੈ ਕਿਹੜੇ ਵੇਲੇ ਇਸ ਸੰਸਾਰ ਤੋਂ ਚਲੇ ਜਾਣਾ ਹੈ।

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*
*ਅੰਗ - 254*

ਜਾਣਾ ਤਾਂ ਹੈ ਹੀ, ਇਥੇ ਬੈਠ ਨਹੀਂ ਰਹਿਣਾ ਕਿਸੇ ਨੇ ਵੀ। ਸਭ ਨੇ ਜਾਣਾ ਹੀ ਜਾਣਾ ਹੈ, ਚਲੋ-ਚਲੀ ਦਾ ਮੇਲਾ ਹੈ। ਪਰ ਉਸ ਤੋਂ ਪਹਿਲਾਂ-ਪਹਿਲਾਂ ਜੇ ਕੁਛ ਪ੍ਰਾਪਤੀ ਹੋ ਜਾਵੇ ਤਾਂ ਮਾਨਸ ਜਨਮ ਸਫਲ ਹੋ ਜਾਂਦਾ ਹੈ ਤੇ ਜੇ ਰਹਿ ਗਿਆ ਵਿਚਾਲੇ ਤਾਂ ਯੋਗ ਭਰਿਸ਼ਟ ਹੋ ਜਾਂਦਾ ਹੈ। ਮਨੁੱਖ ਦਾ ਜਨਮ ਤਾਂ ਫੇਰ ਵੀ ਮਿਲ ਜਾਂਦਾ ਹੈ, ਵਾਹਿਗੁਰੂ ਕ੍ਰਿਪਾ ਕਰਦਾ ਹੈ ਤਾਂ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਭੀ ਦੇ ਦਿੰਦਾ ਹੈ। ਗੁਰੂ ਦਾ ਵੀ ਮਿਲਾਪ ਕਰ ਦਿੰਦਾ ਹੈ। ਜੇ

# ਸੰਪਾਦਕੀ

*ਡਾ. ਜਗਜੀਤ ਸਿੰਘ*

ਨਵੰਬਰ 26 ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਹੈ। ਸਾਰੇ ਸੰਸਾਰ ਵਿਚ ਗੁਰੂ ਨਾਨਕ ਨਾਮ ਲੇਵਾ ਗੁਰੂ ਪ੍ਰੇਮੀ ਇਸ ਮਹਾਨ ਦਿਵਸ ਨੂੰ ਬੜੇ ਪਿਆਰ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਗੁਰੂ ਨਾਨਕ ਦੇਵ ਸਰਬ ਮਨੁੱਖਤਾ ਦੇ ਰਹਿਬਰ ਹਨ। ਉਨ੍ਹਾਂ ਨੇ ਸਾਰੀ ਮਨੁੱਖਤਾ ਨੂੰ ਪ੍ਰੇਮ ਅਤੇ ਏਕਤਾ ਦਾ ਸੰਦੇਸ਼ ਦਿਤਾ। ਉਨ੍ਹਾਂ ਦੱਸਿਆ ਕਿ ਸਾਰੀ ਰਚਨਾ ਇਕ ਵਾਹਿਗੁਰੂ ਜੀ ਤੋਂ ਉਤਪੰਨ ਹੋਈ ਹੈ (ਕੀਤਾ ਪਸਾਉ ਏਕੋ ਕਵਾਉ ਤਿਸ ਤੇ ਹੋਇ ਲਖ ਦਰੀਆਉ (ਜਪੁਜੀ ਸਾਹਿਬ) ਇਸ ਲਈ ਸਾਰੀ ਰਚਨਾ ਖੰਡ-ਬ੍ਰਹਿਮੰਡ, ਦੀਪ, ਲੋਕ, ਪਾਤਾਲ, ਪਸ਼ੂ ਪੰਛੀ, ਮਨੁੱਖ ਸਭ ਉਸ ਦੀ ਕਿਰਤ ਹਨ, ਸਭ ਵਿਚ ਉਹ ਆਪ ਹਾਜ਼ਰ ਨਾਜ਼ਰ ਹੈ। ਸਾਰੀ ਰਚਨਾ ਇਕ ਏਕੇ ਵਿਚ ਪਰੋਤੀ ਹੋਈ ਹੈ। ਗੁਰਵਾਕ ਹੈ –

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* *ਅੰਗ - 463*

ਆਪ ਜੀ ਨੇ ਸਭਨਾਂ ਮਨੁੱਖਾਂ ਨੂੰ ਵੈਰ-ਵਿਰੋਧ, ਈਰਖਾ, ਦ੍ਵੈਤ ਤੋਂ ਦੂਰ ਕਰਕੇ ਆਪਸੀ ਪਿਆਰ ਕਰਨ ਦੀ ਸਿਖਿਆ ਦਿਤੀ ਅਤੇ ਫੋਕੇ ਭਰਮਾਂ, ਵਹਿਮਾਂ, ਊਚ-ਨੀਚ ਦੇ ਵਿਤਕਰਿਆਂ ਨੂੰ ਛੱਡਣ ਅਤੇ ਸਭਨਾਂ ਨੂੰ ਇਕ ਨਾਮ-ਧਰਮ ਦ੍ਰਿੜ੍ਹ ਕਰਨ ਦੀ ਪ੍ਰੇਰਨਾ ਕੀਤੀ, "ਤੇਰੇ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ (ਅੰਗ-463)

ਕਿੰਨਾ ਸਾਦਾ ਤੇ ਉਚਾ ਉਪਦੇਸ਼ ਹੈ – ਨਾਮ ਜਪੋ, ਕਿਰਤ ਕਰੋ, ਵੰਡ ਛਕੋ। ਇਕ ਵਾਹਿਗੁਰੂ ਦਾ ਨਾਮ ਜਪੋ, ਹੋਰ ਸ਼ਕਤੀਆਂ, ਦੇਵੀ, ਦੇਵਤਿਆਂ, ਮੜ੍ਹੀ ਮਸਾਣਾਂ ਦੀ ਪੂਜਾ ਨਿਰਾਰਥਕ ਹੈ ਅਤੇ ਝਗੜੇ ਪੈਦਾ ਕਰਦੀ ਹੈ। ਭਾਰਤ ਵਿਚ ਪ੍ਰਚਲਤ ਮੱਤ-ਮਤਾਂਤਰਾਂ ਦੇ ਅਕੀਦਿਆਂ ਦਾ ਜ਼ਿਕਰ ਕਰਦਿਆਂ ਆਪ ਜੀ ਨੇ ਕਰਮ-ਕਾਂਡ ਛੱਡ ਕੇ ਇਕ ਸੱਚੇ ਪ੍ਰਭੂ ਨਾਲ ਚਿੱਤ ਜੋੜਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਨੇ ਦੱਸਿਆ ਕਿ ਮੁਸਲਮਾਨਾਂ ਨੂੰ ਸ਼ਰ੍ਹਾ ਦੀ ਵਡਿਆਈ ਸਭ ਤੋਂ ਵਧੀਕ ਚੰਗੀ ਲਗਦੀ ਹੈ। ਉਨ੍ਹਾਂ ਦਾ ਅਕੀਦਾ ਹੈ ਕਿ ਮਨੁੱਖ ਸ਼ਰ੍ਹਾ ਦੀ ਬੰਧਸ਼ ਵਿਚ ਰਹਿ ਕੇ ਰੱਬ ਦੇ ਬੰਦੇ ਬਣ ਸਕਦੇ ਹਨ –

*ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥*
*ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥*
*ਅੰਗ - 465*

ਹਿੰਦੂ ਸਾਸ਼ਤਰਾਂ ਅਨੁਸਾਰ ਧਰਮ ਨੂੰ ਉਤਮ ਮੰਨਦੇ ਹਨ, ਤੀਰਥਾਂ ਤੇ ਨਾਹੁੰਦੇ ਹਨ, ਮੂਰਤੀਆਂ ਅੱਗੇ ਭੇਟਾ ਰਖਦੇ ਹਨ, ਚੰਦਨ ਸੁਗੰਧੀਆਂ ਦੀ ਵਰਤੋਂ ਰਾਹੀਂ ਰੱਬ ਨੂੰ ਖੁਸ਼ ਕਰਦੇ ਹਨ। ਜੋਗੀ ਸਮਾਧੀਆਂ ਰਾਹੀਂ ਪ੍ਰਭੂ ਨੂੰ ਧਿਆਉਂਦੇ ਹਨ। ਦਾਨੀ ਲੋਕ ਦਾਨ ਨੂੰ ਹੀ ਵੱਡਾ ਪੁੰਨ ਸਮਝਦੇ ਹਨ ਅਤੇ ਦਾਨ ਦੇ ਕੇ ਰੱਬ ਤੋਂ ਹਜ਼ਾਰਾਂ ਗੁਣਾਂ ਵਧੀਕ ਮੰਗਦੇ ਹਨ। ਦੂਜੇ ਬੰਨੇ ਬੇਅੰਤ ਚੋਰ, ਪਰ-ਇਸਤ੍ਰੀ ਗਾਮੀ, ਝੂਠੇ, ਭੈੜੇ ਤੇ ਵਿਕਾਰੀ ਭੀ ਹਨ ਜੋ ਆਪਣਾ ਜੀਵਨ ਬਰਬਾਦ ਕਰ ਰਹੇ ਹਨ ਪਰ ਅਸਲ ਬੰਦੇ ਉਹ ਹਨ ਜੋ ਸਾਰੇ ਕਰਮ ਕਾਂਡ ਛੱਡ ਕੇ ਇਕ ਨਾਮ ਨਾਲ ਜੁੜਦੇ ਹਨ। ਆਪ ਜੀ ਦਾ ਫੁਰਮਾਨ ਹੈ –

*ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥.....*
*ਅੰਗ - 465*

ਸਮਾਜ ਦਾ ਜੋ ਨਕਸ਼ਾ ਗੁਰੂ ਜੀ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਚਿਤਰਿਆ ਹੈ, ਉਸੇ ਨੀਵਾਣ ਵਿਚ ਅੱਜ ਵੀ ਅਸੀਂ ਵਿਚਰ ਰਹੇ ਹਾਂ। ਇਕ ਸ਼ਲੋਕ ਵਿਚ ਹੀ ਸਮਾਜ ਵਿਚ ਪ੍ਰਚਲਤ ਪਰਵਿਰਤੀਆਂ ਦਾ ਸਹੀ ਵਿਸ਼ਲੇਸ਼ਣ ਪ੍ਰਾਪਤ ਹੈ –

"ਪੜ੍ਹੇ ਲਿਖਿਆਂ ਨੂੰ ਆਪਣੀ ਵਿਦਵਤਾ ਦਾ ਅਹੰਕਾਰ ਹੈ, ਦੂਜਿਆਂ ਨੂੰ ਹੀਣਾ ਸਮਝਦੇ ਹਨ, ਤੀਰਥਾਂ ਦੀ ਯਾਤਰਾ ਕਰਨ ਵਾਲੇ ਅਹੰਕਾਰ ਵਿਚ ਆ ਕੇ ਥਾਂ-ਥਾਂ ਦਸਦੇ ਫਿਰਦੇ ਹਨ, ਕਈ ਲੋਕ ਭੇਖ ਬਣਾ ਕੇ ਲੋਕਾਂ ਨੂੰ ਵਸ ਕਰਦੇ ਹਨ, ਆਪਣੀ ਦੇਹੀ ਨੂੰ ਕਸ਼ਟ ਦਿੰਦੇ ਹਨ; ਕਈ ਅੰਨ ਖਾਣਾ ਛੱਡ ਕੇ ਜ਼ਿੰਦਗੀ ਤਲਖ ਬਣਾ ਲੈਂਦੇ ਹਨ, ਕਈ ਨਾਂਗੇ ਰਹਿ ਕੇ ਵਡਿਆਈ ਲੈਣਾ ਚਾਹੁੰਦੇ ਹਨ, ਦਿਨ ਰਾਤ ਖਾਹਮ-ਖਾਹ ਔਖੇ ਹੋ ਰਹੇ ਹਨ।....ਇਕ ਪੈਰਾਂ ਤੋਂ ਨੰਗੇ ਫਿਰਦੇ ਹਨ, ਇਕ ਜੂਠਾ ਮੂਠਾ ਖਾਂਦੇ ਹਨ, ਇਕ ਸਿਰ ਵਿਚ ਸਵਾਹ ਮਲ ਕੇ ਰਖਦੇ ਹਨ, ਇਹ ਸਭ ਅਗਿਆਨੀ ਹਨ, ਨਾਮ ਤੋਂ ਖੁੰਝੇ ਹੋਏ ਹਨ ਅਤੇ ਆਪਣੀ ਇਜ਼ਤ ਗਵਾ ਰਹੇ ਹਨ। ਕਈ ਮੜ੍ਹੀਆਂ, ਮਸਾਣਾਂ, ਉਜਾੜਾਂ ਵਿਚ ਜਾ ਵਸਦੇ ਹਨ, ਇਨ੍ਹਾਂ ਨੂੰ ਵੀ ਅੰਤ ਪਛਤਾਉਣਾ ਪੈਂਦਾ ਹੈ। ਅਸਲ ਮਨੁੱਖ ਉਹ ਹੈ ਜੋ ਗੁਰੂ ਦੀ ਸ਼ਰਨ ਵਿਚ ਜਾ ਕੇ ਰੱਬ ਦੇ ਨਾਮ ਨੂੰ ਹਿਰਦੇ ਵਿਚ ਟਿਕਾਂਦਾ ਹੈ। ਅਸਲ ਵਿਚ ਵਾਹਿਗੁਰੂ ਦਾ ਨਾਮ ਹੀ ਸਰਵੋਤਮ ਧਰਮ ਹੈ ਜਿਸ ਨੂੰ ਹਰੇਕ ਮਨੁੱਖ, ਬਿਨਾਂ ਕਿਸੇ ਜਾਤ ਪਾਤ, ਊਚ ਨੀਚ ਛੋਟੇ ਵੱਡੇ ਹੋਣ ਦੇ ਵਿਤਕਰੇ ਤੋਂ ਸਿਮਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ –

(ਬਾਕੀ ਪੰਨਾ 63 ਤੇ)

# ਕਲਿਜੁਗਿ ਨਾਨਕ ਨਾਮੁ ਸੁਖਾਲਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਭਾਰਤੀ ਸੰਸਕ੍ਰਿਤੀ ਅਨੁਸਾਰ ਇਹ ਸੰਸਾਰ ਚਿਰ ਕਾਲ ਤੋਂ ਰਚਿਆ ਗਿਆ ਹੈ ਜਿਸ ਦੇ ਬਾਰੇ ਕੋਈ ਦਸ ਨਹੀਂ ਸਕਦਾ। ਗੁਰੂ ਨਾਨਕ ਪਾਤਸ਼ਾਹ ਨੇ ਇਸੇ ਸਬੰਧ ਵਿਚ ਕਿਹਾ ਹੈ ਕਿ –

*ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*
*ਪੰਨਾ - 4*

ਭਾਰਤੀ ਰਿਸ਼ੀਆਂ ਮੁਨੀਆਂ ਦੇ ਮੁਤਾਬਿਕ ਸਮਾਂ ਚਾਰ ਹਿਸਿਆਂ ਵਿਚ ਵੰਡਿਆ ਹੋਇਆ ਹੈ, ਸਤਿਜੁਗ, ਤ੍ਰੇਤਾ, ਦੁਆਪਰ, ਕਲਜੁੱਗ, ਚਾਰੇ ਜੁਗਾਂ ਦਾ ਸਮਾਂ 43 ਲੱਖ 20 ਹਜ਼ਾਰ ਸਾਲ ਮਿਥਿਆ ਗਿਆ ਹੈ। 17 ਲੱਖ 28 ਹਜ਼ਾਰ ਸਾਲ ਸਤਿਜੁਗ ਦੀ ਉਮਰ ਹੈ, 12 ਲੱਖ 96 ਹਜ਼ਾਰ ਸਾਲ ਤ੍ਰੇਤੇ ਦੀ ਉਮਰ, 8 ਲੱਖ 64 ਹਜ਼ਾਰ ਸਾਲ ਦੁਆਪਰ ਦੀ ਉਮਰ, 4 ਲੱਖ 32 ਹਜ਼ਾਰ ਸਾਲ ਕਲਜੁੱਗ ਦੀ ਉਮਰ ਹੈ। ਇਨ੍ਹਾਂ ਜੁਗਾਂ ਦੇ ਬੰਦਿਆਂ ਉਪਰ ਨਿਅੰਤਰਣ ਰੱਖਣ ਬਾਰੇ ਚਾਰ ਪ੍ਰਭੂ ਸ਼ਕਤੀਆਂ ਮਿਥੀਆਂ ਗਈਆਂ ਹਨ, ਸਮੇਂ ਦੇ ਨਾਲ ਆਦਮੀਆਂ ਦੇ ਖਿਆਲ ਬਦਲਦੇ ਹਨ, ਸੋਚ ਵਿਚ ਫਰਕ ਪੈ ਜਾਂਦਾ ਹੈ, ਵਰਤਾਰਾ ਬਦਲ ਜਾਂਦਾ ਹੈ, ਜੋ ਮਨੁੱਖ ਜਿਸ ਜੁਗ ਦੇ ਸਮੇਂ ਵਿਚ ਰਹਿੰਦੇ ਸਨ ਉਨ੍ਹਾਂ ਦੇ ਅਧਿਆਤਮਕ ਕਰਮਾਂ ਦੀ ਵਿਆਖਿਆ ਕੀਤੀ ਗਈ ਹੈ ਜੋ ਇਸ ਤਰ੍ਹਾਂ ਹੈ ਕਿ ਸਤਿਜੁਗ ਵਿਚ ਆਦਮੀ ਧਰਮੀ ਹੁੰਦਾ ਸੀ, ਉਹ ਧਰਮ ਕਮਾਇਆ ਕਰਦੇ ਸਨ, ਮੋਹ ਮਾਇਆ ਦਾ ਲੇਪ ਉਸ ਨੂੰ ਨਹੀਂ ਸੀ ਹੋਇਆ ਕਰਦਾ, ਪ੍ਰਵਿਰਤੀ ਦਾ ਬਹੁਤਾ ਪਸਾਰਾ ਨਹੀਂ ਸੀ ਹੋਇਆ ਕਰਦਾ, ਆਪਣੇ ਫਰਜ਼ਾਂ ਨੂੰ ਧਰਮ ਸਮਝ ਕੇ ਨਿਭਾਇਆ ਜਾਂਦਾ ਸੀ, ਮੋਹ ਮਾਇਆ ਵਿਚ ਨਹੀਂ ਸਨ ਫਸਦੇ। ਸਤਿਜੁਗ ਦੇ ਵਿਚ ਵਾਹਿਗੁਰੂ ਜੀ ਨੂੰ ਪਰੀਪੂਰਨ ਜਾਣਿਆ ਜਾਂਦਾ ਸੀ, ਸਾਰੇ ਹੀ ਉਸ ਸੱਚ ਨੂੰ ਅੰਤਰ ਆਤਮੇ ਧਿਆਉਂਦੇ ਸਨ ਅਤੇ ਗੁਰਮੁਖ ਪਿਆਰੇ ਆਮ ਤੌਰ ਉਪਰ ਭਗਤੀ ਵਿਚ ਪ੍ਰਵਿਰਤ ਰਹਿੰਦੇ ਸਨ, ਨਿਸ਼ਚੇ ਵਿਚ ਪੂਰਨ ਗਿਆਨ ਸੀ ਕਿ ਇਥੇ ਇਕੋ ਪ੍ਰਮੇਸ਼ਰ ਹੀ ਅਨੇਕ ਰੂਪ ਧਾਰ ਕੇ ਵਰਤ ਰਿਹਾ ਹੈ। ਉਸ ਸਮੇਂ ਸਤ, ਤਪ, ਜਤ ਅਤੇ ਦਾਨ ਉਪਰ ਧਰਮ ਕਾਇਮ ਸੀ, ਚਾਰ ਪੈਰ ਧਰਮ ਦੇ ਸਨ। ਉਸ ਸਮੇਂ ਦੇ ਬੰਦੇ ਨਿਰਛਲ, ਨਿਰਵੈਰ, ਰਾਗ ਦ੍ਵੈਸ਼ ਤੋਂ ਰਹਿਤ, ਗਿਆਨਵਾਨ ਹੋਇਆ ਕਰਦੇ ਸਨ। ਗੁਰੂ ਮਹਾਰਾਜ ਜੀ ਇਸਦੇ ਬਾਰੇ ਫੁਰਮਾਨ ਕਰਦੇ ਹਨ –

*ਸਤਜੁਗਿ ਸਚੁ ਕਹੈ ਸਭੁ ਕੋਈ।।*
*ਘਰਿ ਘਰਿ ਭਗਤਿ ਗੁਰਮੁਖਿ ਹੋਈ॥*
*ਸਤਜੁਗਿ ਧਰਮੁ ਪੈਰ ਹੈ ਚਾਰਿ॥*
*ਗੁਰਮੁਖਿ ਬੂਝੈ ਕੋ ਬੀਚਾਰਿ॥* *ਪੰਨਾ - 880*

ਵਾਹਿਗੁਰੂ ਦੀ ਪਰੀਪੂਰਨਤਾ ਨੂੰ ਗੁਰਮੁਖ ਰਾਹੀਂ ਹੀ ਵਿਚਾਰ ਕੇ ਬੁਝਿਆ ਜਾ ਸਕਦਾ ਹੈ ਪਰ ਹਰ ਜੁੱਗ ਵਿਚ ਵਾਹਿਗੁਰੂ ਦੇ ਨਾਮ ਦੀ ਵਡਿਆਈ ਹੀ ਹੁੰਦੀ ਰਹੀ ਹੈ। ਦੋ ਚੀਜ਼ਾਂ ਅਵਸ਼ਕ ਸਨ ਇਕ ਤਾਂ ਪ੍ਰਭੂ ਦਾ ਨਾਮ ਜਪਣਾ, ਦੂਜਾ ਸਮਰੱਥ ਗੁਰੂ ਦੀ ਸ਼ਰਨ ਪ੍ਰਾਪਤ ਹੋ ਕੇ ਅਗਿਆਨ ਦਾ ਨਾਸ਼ ਕਰਕੇ ਆਪਣੀ ਮੁਕਤੀ ਪ੍ਰਾਪਤ ਕਰਨੀ।

*ਜੁਗ ਚਾਰੇ ਨਾਮਿ ਵਡਿਆਈ ਹੋਈ॥*
*ਜਿ ਨਾਮਿ ਲਾਗੈ ਸੋ ਮੁਕਤਿ ਹੋਵੈ*
*ਗੁਰ ਬਿਨੁ ਨਾਮੁ ਨ ਪਾਵੈ ਕੋਈ॥* *ਪੰਨਾ - 880*

ਸੋ ਸਮਾਂ ਅੱਗੇ ਵਧਿਆ, ਮਨੁੱਖ ਦੀ ਸੋਚ ਵਿਚ ਫਰਕ ਪੈ ਗਿਆ, ਵਾਹਿਗੂਰੂ ਦੀ ਪਰੀਪੂਰਨਤਾ ਜੋ ਅੰਤਮ ਸੱਚ ਹੈ, ਉਸ ਉਪਰ ਨਿਸ਼ਚਾ ਕਮਜ਼ੋਰ ਹੋ ਗਿਆ, ਸੋ ਇਹ ਸ਼ਕਤੀ ਜਿਸ ਨੂੰ ਸੱਚ ਕਿਹਾ ਜਾਂਦਾ ਹੈ, ਉਹ ਆਦਮੀ ਦੇ ਮਨ ਤੋਂ ਉਤਰ ਗਈ ਅਤੇ ਤਿੰਨ ਪੈਰ ਧਰਮ ਦੇ ਰਹਿ ਗਏ ਜਿਸ ਅਨੁਸਾਰ ਤ੍ਰੇਤੇ ਜੁੱਗ ਦਾ ਵਰਤਾਰਾ ਰਿਹਾ। ਪ੍ਰਮੇਸ਼ਰ ਦੇ ਗਿਆਨ ਨੂੰ ਭੁੱਲ ਕੇ ਕਰਮਕਾਂਡ ਦਾ ਪਸਾਰਾ ਹੋ ਗਿਆ ਅਤੇ ਵਾਹਿਗੁਰੂ ਜੀ ਨੂੰ ਘਟ ਘਟ ਵਿਚ ਵਿਆਪਕ ਜਾਣਨ ਦੀ ਥਾਂ ਦੂਰ ਜਾਣਿਆ ਗਿਆ ਪਰ ਸਮਰੱਥ ਗੁਰੂ ਰਾਹੀਂ ਅਧਿਕਾਰੀ ਇਸ ਗੱਲ ਨੂੰ ਬੁਝਦੇ ਸਨ ਅਤੇ ਗੁਰੂ ਮਹਾਰਾਜ ਦਾ ਫੁਰਮਾਨ ਹੈ ਕਿ ਜਿਸ ਦੇ ਅੰਦਰ ਨਾਮ ਦੀ ਸੋਝੀ ਸੀ, ਜੋ ਘਟ ਘਟ ਵਿਚ ਵਿਆਪਕ ਪ੍ਰਭੂ ਦਾ ਗਿਆਨ ਹਿਰਦੇ ਵਿਚ ਵਸਾਉਂਦਾ ਸੀ ਉਸ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਸੀ, ਇਸ ਜੁੱਗ ਵਿਚ ਹਉਮੈ ਦਾ ਅੰਸ ਮਨੁੱਖ ਵਿਚ ਪ੍ਰਵੇਸ਼ ਕਰਨ ਲੱਗਾ, ਫੁਰਮਾਨ ਹੈ –

*ਤ੍ਰੇਤੈ ਇਕ ਕਲ ਕੀਨੀ ਦੂਰਿ॥*
*ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥*
*ਗੁਰਮੁਖਿ ਬੂਝੈ ਸੋਝੀ ਹੋਈ॥*
*ਅੰਤਰਿ ਨਾਮੁ ਵਸੈ ਸੁਖੁ ਹੋਈ॥* *ਪੰਨਾ - 880*

ਇਸ ਤਰ੍ਹਾਂ ਤ੍ਰੇਤੇ ਜੁਗ ਦਾ ਸਮਾਂ ਲੰਘ ਗਿਆ, ਦੁਆਪਰ ਯੁੱਗ ਦਾ ਆਰੰਭ ਹੋਇਆ, ਤ੍ਰੇਤੇ ਯੁੱਗ ਦੇ ਅੰਦਰ ਸ੍ਰੀ ਰਾਮ ਚੰਦਰ ਜੀ ਮਰਿਆਦਾ ਪੁਰਸ਼ੋਤਮ ਜੀ ਦਾ ਅਵਤਾਰ ਹੋਇਆ, ਦੁਆਪਰ ਯੁੱਗ ਦੇ ਅੰਦਰ ਕ੍ਰਿਸ਼ਨ ਮਹਾਰਾਜ ਜੀ ਦਾ ਅਵਤਾਰ ਹੋਇਆ। ਇਸ ਯੁੱਗ ਅੰਦਰ ਵੈਰੀ ਅਤੇ ਬਿਗਾਨੇ ਦੇ ਭਾਵ ਆਦਮੀ ਦੇ ਅੰਦਰ ਜਾਗ ਪਏ, ਦੁਬਿਧਾ ਨੇ ਜਨਮ ਲੈ ਲਿਆ, ਦੋ ਪੈਰ ਧਰਮ ਦੇ ਖਿਸਕ ਗਏ, ਸਿਰਫ ਦੋ ਪੈਰਾਂ ਉਪਰ ਇਸ ਯੁੱਗ ਦਾ ਕਾਰਜ

ਚਲਦਾ ਰਿਹਾ, ਮਾਇਆ ਦੇ ਹਨ੍ਹੇਰੇ ਅੰਦਰ ਪੰਜ ਭਰਮਾਂ ਨੇ ਆਦਮੀ ਨੂੰ ਗ੍ਰਸ ਲਿਆ ਜਿਨ੍ਹਾਂ ਦੇ ਨਾਮ ਹਨ ਭੇਦ ਭਰਮ, ਸੰਗ ਭਰਮ, ਕਰਤਤੂ ਭਰਮ, ਜਗਤ ਤੇ ਪ੍ਰਭੂ ਦਾ ਅੱਡੋ-ਅੱਡ ਹੋਣ ਦਾ ਭਰਮ ਅਤੇ ਜਗਤ ਤੇ ਪ੍ਰਭੂ ਦਾ ਵਿਕਾਰ ਹੋਣ ਦਾ ਭਰਮ ਚਲ ਪਿਆ। ਜਿਸ ਨੇ ਪ੍ਰਮੇਸ਼ਰ ਦੀ ਪਰੀਪੂਰਨਤਾ ਤੇ ਪੜ੍ਹਦਾ ਪਾ ਦਿਤਾ ਪਰ ਸਮਰੱਥ ਗੁਰੂਆਂ ਨੇ ਇਸ ਜੁੱਗ ਦੇ ਉਧਾਰ ਲਈ ਨਾਮ ਦੀ ਦ੍ਰਿੜ੍ਹਤਾ ਦ੍ਰਿੜ੍ਹਾਈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਦੁਆਪੁਰਿ ਦੂਜੈ ਦੁਬਿਧਾ ਹੋਇ॥*
*ਭਰਮਿ ਭੁਲਾਨੇ ਜਾਣਹਿ ਦੋਇ॥*
*ਦੁਆਪੁਰਿ ਧਰਮਿ ਦੁਇ ਪੈਰ ਰਖਾਏ॥*
*ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ॥* *ਪੰਨਾ - 880*

ਇਸ ਜੁੱਗ ਵਿਚ ਕਰਮਕਾਂਡ ਦਾ ਵਰਤਾਰਾ ਹੋ ਗਿਆ ਸੀ, ਦੇਵਤਿਆਂ ਦੀ ਪੂਜਾ ਆਰੰਭ ਹੋ ਚੁਕੀ ਸੀ, ਸ਼ਕਤੀਆਂ ਪ੍ਰਾਪਤ ਕਰਨ ਵਾਸਤੇ ਦੇਵਤਿਆਂ ਨੂੰ ਹੀ ਸ਼੍ਰੋਮਣੀ ਗਿਣਿਆ ਜਾਂਦਾ ਸੀ ਅਤੇ ਉਨ੍ਹਾਂ ਤੋਂ ਹੀ ਵਰ ਪ੍ਰਾਪਤ ਕੀਤੇ ਜਾਂਦੇ ਸਨ, ਉਨ੍ਹਾਂ ਤੋਂ ਹੀ ਸੰਸਾਰਕ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਸਨ। ਮਨੁੱਖ ਪ੍ਰਮੇਸ਼ਰ ਵਲੋਂ ਬਹੁਤ ਪਿਛੇ ਹਟ ਗਿਆ ਅਤੇ ਆਪਣੇ ਕਾਰਜ ਦੇਵ ਸ਼ਕਤੀਆਂ ਤੋਂ ਸਿੱਧ ਕਰਨ ਲਈ ਦੇਵ ਪੂਜਾ ਵਿਚ ਫਸ ਗਿਆ। ਇਸ ਯੁੱਗ ਦੇ ਅੰਦਰ ਆਪਸ ਵਿਚ ਜੰਗ ਹੋਣੇ ਸ਼ੁਰੂ ਹੋ ਗਏ, ਅਧਰਮ ਦਾ ਪਸਾਰਾ ਹੋਣ ਲੱਗਾ, ਇਸ ਯੁੱਗ ਦੇ ਲੰਘਣ ਪਿਛੋਂ ਜੋ ਸਮਾਂ ਆਇਆ ਉਸ ਨੂੰ ਕਲਜੁੱਗ ਆਖਿਆ ਜਾਂਦਾ ਹੈ, ਪਹਿਲੇ ਯੁੱਗਾਂ ਵਿਚ ਕਲਜੁੱਗ ਬਾਰੇ ਅਤੇ ਇਸ ਵਿਚ ਵਰਤਣ ਵਾਲੇ ਆਚਾਰ, ਵਿਚਾਰ, ਅਹਾਰ ਧਾਰਮਕ ਨਿਸ਼ਚੇ ਰਿਸ਼ੀਆਂ ਮੁਨੀਆਂ ਨੇ ਵਿਚਾਰੇ। ਕਲਜੁਗ ਨੂੰ ਬਹੁਤ ਭਿਆਨਕ ਆਖਿਆ ਗਿਆ ਕਿਉਂਕਿ ਇਸ ਯੁੱਗ ਵਿਚ ਕਰਮ ਧਰਮ, ਪੂਜਾ, ਦਾਨ ਦੀ ਕੋਈ ਪੇਸ਼ ਨਹੀਂ ਜਾਣੀ ਸੀ। ਕਲਜੁੱਗ ਤੋਂ ਸਾਰੇ ਹੀ ਡਰਦੇ ਸਨ ਅਤੇ ਇਥੋਂ ਤਕ ਕਿ ਪਾਂਡਵਾਂ ਨੂੰ ਜਿਸ ਵਕਤ ਪਤਾ ਲੱਗਿਆ ਕਿ ਕਲਜੁੱਗ ਆ ਗਿਆ ਹੈ ਤਾਂ ਉਨ੍ਹਾਂ ਨੇ ਕ੍ਰਿਸ਼ਨ ਮਹਾਰਾਜ ਜੀ ਨੂੰ ਪੁਛਿਆ ਕਿ ਕਲਜੁੱਗ ਦੇ ਅੰਦਰ ਸੂਰਜ ਦੀ ਰੋਸ਼ਨੀ ਕਿਹੋ ਜਿਹੀ ਹੋਵੇਗੀ? ਦਰਿਆ ਕਿਵੇਂ ਚਲਣਗੇ? ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਪ੍ਰਕ੍ਰਿਤੀ ਤਾਂ ਆਪਣੇ ਨੇਮ ਅਨੁਸਾਰ ਹੀ ਚਲਦੀ ਰਹਿੰਦੀ ਹੈ, ਪ੍ਰਕ੍ਰਿਤੀ ਉਪਰ ਮਨੁੱਖਾਂ ਦੇ ਖਿਆਲਾਂ ਦਾ ਅਸਰ ਪੈਂਦਾ ਹੈ ਕਿਉਂਕਿ ਪ੍ਰਕ੍ਰਿਤੀ ਅਤੇ ਮਨੁੱਖ ਦੀ ਅੰਦਰੋਂ ਕੋਈ ਸਾਂਝ ਹੈ, ਆਪ ਨੇ ਦਸਿਆ ਕਿ ਕਲਜੁੱਗ ਵਿਚ ਮਨੁੱਖਾਂ ਦੇ ਖਿਆਲ ਬਦਲ ਜਾਣਗੇ, ਆਪੋ ਧਾਪੀ ਫੈਲ ਜਾਵੇਗੀ, ਕੋਈ ਕਿਸੇ ਨੂੰ ਮੰਨੇਗਾ ਨਹੀਂ, ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ -

*ਕਲਜੁਗਿ ਧਰਮ ਕਲਾ ਇਕ ਰਹਾਏ॥* *ਪੰਨਾ - 880*

ਕਲਜੁੱਗ ਵਿਚ ਕੇਵਲ ਦਾਨ ਦੀ ਸ਼ਕਤੀ ਹੋਵੇਗੀ ਪਰ ਉਸ ਦਾ ਫਲ ਨਹੀਂ ਮਿਲੇਗਾ ਕਿਉਂਕਿ ਆਦਮੀ ਦੇ ਅੰਦਰ ਅਭਿਮਾਨ ਵਧ ਜਾਵੇਗਾ, ਉਹ ਆਪਣੀ ਪ੍ਰਸ਼ੰਸਾ ਲਈ ਵਰਤ ਰਖੇਗਾ, ਪੁੰਨ ਦਾਨ ਕਰੇਗਾ ਪਰ ਉਸ ਦਾ ਫਲ ਉਸ ਨੂੰ ਪ੍ਰਾਪਤ ਨਹੀਂ ਹੋਵੇਗਾ। ਗੁਰੂ ਨੌਵੇਂ ਪਾਤਸ਼ਾਹ ਜੀ ਦਾ ਫੁਰਮਾਨ ਹੈ -

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥*
*ਪੰਨਾ - 1428*

*ਕਲਜੁਗਿ ਧਰਮ ਕਲਾ ਇਕ ਰਹਾਏ॥*
*ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥*
*ਮਾਇਆ ਮੋਹੁ ਅਤਿ ਗੁਬਾਰੁ॥*
*ਸਤਗੁਰੁ ਭੇਟੈ ਨਾਮਿ ਉਧਾਰੁ॥* *ਪੰਨਾ - 880*

ਮਾਇਆ ਦਾ ਮੋਹ ਐਨਾ ਫੈਲ ਜਾਵੇਗਾ ਕਿ ਕਾਲੀ ਬੋਲੀ ਹਨ੍ਹੇਰੀ ਜਿਸ ਵਿਚ ਹੱਥ ਮਾਰਿਆਂ ਵੀ ਨਹੀਂ ਦਿਸਣਾ। ਐਸੀ ਅਵਸਥਾ ਬੰਦਿਆਂ ਦੀ ਅਧਿਆਤਮਕ ਤੌਰ ਤੇ ਹੋ ਜਾਵੇਗੀ, ਅੰਦਰ ਅਗਿਆਨ ਵਧ ਜਾਵੇਗਾ, ਆਪੋ ਧਾਪੀ ਪੈ ਜਾਵੇਗੀ ਅਤੇ ਮਨੁੱਖਾਂ ਦਾ ਜੀਵਨ ਅਤਿ ਘ੍ਰਿਣਾਦਾਇਕ ਹੋ ਜਾਵੇਗਾ।

*ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ॥*
*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ*
*ਵਿਰਲੈ ਹਉਮੈ ਮਾਰੀ॥* *ਪੰਨਾ - 1131*

ਸਾਰਿਆਂ ਜੁਗਾਂ ਵਿਚ ਵਾਹਿਗੁਰੂ ਇਕੋ ਹੀ ਇਕ ਰਸ ਸਮਾਇਆ ਹੋਇਆ ਹੈ, ਹੋਰ ਇਸ ਥਾਂ ਦੂਜਾ ਹੈ ਹੀ ਕੋਈ ਨਹੀਂ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜਦੋਂ ਤਕ ਇਹ ਸੱਚ ਦੀ ਸਿਫਤ ਸਲਾਹ ਨਹੀਂ ਕਰਦਾ, ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਮੁਖ ਦੇ ਰਾਹੀਂ ਨਾਮ ਦੀ ਪ੍ਰਾਪਤੀ ਕਰਕੇ ਜੀਵ ਦਾ ਉਧਾਰ ਹੁੰਦਾ ਹੈ, ਸਾਰਿਆਂ ਜੁਗਾਂ ਵਿਚ ਨਾਮ ਦੀ ਵਡਿਆਈ ਚਲੀ ਆਉਂਦੀ ਹੈ, ਇਸ ਗੱਲ ਨੂੰ ਕੋਈ ਵਿਰਲਾ ਹੀ ਗੁਰੂ ਦੁਆਰਾ ਬੁਝਦਾ ਹੈ, ਨਾਮ ਧਿਆਉਣ ਵਾਲੇ ਭਗਤ ਦੀ ਜੁਗੋ ਜੁਗ ਵਡਿਆਈ ਹੁੰਦੀ ਆਈ ਹੈ ਜਿਵੇਂ ਕਿ ਫੁਰਮਾਨ ਹੈ -

*ਸਭਿ ਜੁਗ ਮਹਿ ਸਾਚਾ ਏਕੋ ਸੋਈ॥*
*ਸਭ ਮਹਿ ਸਚੁ ਦੂਜਾ ਨਹੀ ਕੋਈ॥*
*ਸਾਚੀ ਕੀਰਤਿ ਸਚੁ ਸੁਖੁ ਹੋਈ॥*
*ਗੁਰਮੁਖਿ ਨਾਮੁ ਵਖਾਣੈ ਕੋਈ॥*
*ਸਭ ਜੁਗ ਮਹਿ ਨਾਮੁ ਊਤਮੁ ਹੋਈ॥*
*ਗੁਰਮੁਖਿ ਵਿਰਲਾ ਬੂਝੈ ਕੋਈ॥*
*ਹਰਿ ਨਾਮੁ ਧਿਆਏ ਭਗਤੁ ਜਨੁ ਸੋਈ॥*
*ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ॥*
*ਪੰਨਾ - 880*

ਇਸ ਤਰ੍ਹਾਂ ਸਮੇਂ ਦੇ ਲੰਘਣ ਨਾਲ ਆਦਮੀ ਅੰਧਕਾਰ ਵਲ ਵਧਦਾ ਚਲਿਆ ਗਿਆ, ਭਾਰਤੀ ਸੰਸਕ੍ਰਿਤੀ ਨੇ ਅੰਦਰ ਦੀ ਖੋਜ ਬਹੁਤ ਹੀ ਗਹਿਰੇ ਜਾ ਕੇ ਕੀਤੀ ਅਤੇ ਉਸ ਤੱਤ ਨੂੰ ਪ੍ਰਤੱਖ ਕਰ ਲਿਆ, ਜਿਸ ਰਾਹੀਂ ਸਾਰੇ ਸੰਸਾਰ

ਦੀ ਕ੍ਰਿਆ ਚਲ ਰਹੀ ਹੈ। ਪੱਛਮੀ ਚਿੰਤਕਾਂ ਨੇ ਅੰਦਰ ਦੀ ਖੋਜ ਦੀ ਥਾਂ ਪ੍ਰਕ੍ਰਿਤੀ ਦੀ ਖੋਜ ਕੀਤੀ ਅਤੇ ਪ੍ਰਕ੍ਰਿਤੀ ਦੀਆਂ ਦੇਣਾਂ ਵਿਚੋਂ ਸੁੱਖ ਲੱਭਣ ਦੀ ਕੋਸ਼ਿਸ਼ ਕੀਤੀ, ਪ੍ਰਕ੍ਰਿਤੀ ਦੀ ਖੋਜ ਨੇ ਸਹੂਲਤਾਂ ਤਾਂ ਐਨੀਆਂ ਦੇ ਦਿਤੀਆਂ ਕਿ ਗਿਣੀਆਂ ਨਹੀਂ ਜਾ ਸਕਦੀਆਂ। ਕੰਮਪਿਊਟਰਾਂ ਰਾਹੀਂ ਹੋ ਰਹੀਆਂ ਕਰਾਮਾਤਾਂ ਨੂੰ ਦੇਖ ਕੇ ਆਦਮੀ ਹੈਰਾਨ ਹੋ ਜਾਂਦਾ ਹੈ। ਮੈਡੀਕਲ ਸਾਇੰਸ ਨੇ ਆਦਮੀ ਦਾ ਇਕ-ਇਕ ਕਣ ਟੋਹ ਲਿਆ ਪਰ ਇਨ੍ਹਾਂ ਨੂੰ ਸੁੱਖ ਕਿਸੇ ਥਾਂ ਤੋਂ ਪ੍ਰਾਪਤ ਨਾ ਹੋਇਆ। ਜ਼ਿੰਦਗੀ ਦੀ ਰਫਤਾਰ ਬਹੁਤ ਤੇਜ਼ ਹੋ ਗਈ, ਪਰਮ ਸੁੱਖ ਤੋਂ ਟੁੱਟ ਕੇ ਆਦਮੀ ਦੁਖਾਂ ਦੀ ਖੱਡ ਵਲ ਨੂੰ ਰੁੜਦਾ ਹੀ ਤੁਰਿਆ ਜਾ ਰਿਹਾ ਹੈ। ਆਦਮੀ ਆਪਣੇ ਖਾਤਮੇ ਵਾਸਤੇ ਐਟਮੀ ਹਥਿਆਰ ਬਣਾ ਰਿਹਾ ਹੈ, ਕੈਮੀਕਲ ਬੰਬ ਤਿਆਰ ਕਰ ਰਿਹਾ ਹੈ, ਐਨੀਆਂ ਗੈਸਾਂ ਤਿਆਰ ਕਰ ਰਿਹਾ ਹੈ ਜੋ ਆਦਮੀ ਦਾ ਦਮ ਹੀ ਘੁਟ ਦੇਣ। ਅੱਜ ਇਹ ਆਪਣੇ ਆਪ ਨੂੰ ਨਸ਼ਟ ਕਰਨ ਦੇ ਰਾਹ ਪਿਆ ਹੋਇਆ ਹੈ, ਡਰ ਨੂੰ ਦੂਰ ਕਰਨ ਲਈ ਹਥਿਆਰਾਂ ਦੀ ਲੋੜ ਮਹਿਸੂਸ ਕਰਦਾ ਹੈ। ਜੀਵਨ ਵਿਚ ਸੱਚ ਦੀ ਰੌ ਰੁਮਕ ਨਹੀਂ ਰਹੀ, ਕਿਸੇ ਜੀਵਨ ਵਿਚੋਂ ਸੁਗੰਧੀ ਨਹੀਂ ਆ ਰਹੀ, ਇਸ ਦੇ ਵਿਪਰੀਤ ਡਰ, ਬੇ-ਵਿਸ਼ਵਾਸ਼ੀ, ਚਿੰਤਾਵਾਂ, ਆਸਾ, ਅੰਦੇਸੇ, ਵੈਰ, ਵਿਰੋਧ, ਕਾਮ, ਕ੍ਰੋਧ ਅਨੇਕਾਂ ਦੂਸ਼ਿਤ ਖਿਆਲ ਪੈਦਾ ਹੋ ਰਹੇ ਹਨ। ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਭਾਰਤੀ ਚਿੰਤਕਾਂ ਨੇ ਮਨੁੱਖ ਦੀ ਕਲਿਆਣ ਲਈ ਉਪਨਿਸ਼ਦਾਂ, ਸਿਮ੍ਰਤੀਆਂ ਅਤੇ ਸਾਸ਼ਤਰਾਂ ਦਾ ਨਿਰਮਾਣ ਕੀਤਾ ਜਿਨ੍ਹਾਂ ਵਿਚ ਵੱਖ-ਵੱਖ ਖਿਆਲ ਵੇਦਾਂ ਵਿਚੋਂ ਅਧਿਐਨ ਕਰਕੇ ਪ੍ਰਗਟ ਕੀਤੇ। ਲੋਕ ਸਾਸ਼ਤਰਾਂ ਨੂੰ ਪੜ੍ਹਦੇ ਸਨ, ਵਿਚਾਰਦੇ ਸਨ, ਪਰ ਕੋਈ ਕਰੋੜਾਂ ਵਿਚੋਂ ਇਕ ਅੱਧ ਹੀ ਸਤਿ ਦੀ ਪ੍ਰਾਪਤੀ ਤਕ ਪਹੁੰਚਦਾ ਸੀ, ਤਿੰਨਾਂ ਜੁਗਾਂ ਵਿਚ ਲੋਕ ਵਖਿਆਨ ਕਰਕੇ ਪੜ੍ਹ ਕੇ, ਥੱਕ ਗਏ ਪਰ ਮਾਇਆ ਨੇ ਪਾਏ ਹੋਏ ਭਰਮਾਂ ਦਾ ਨਾਸ਼ ਨਾ ਹੋਣ ਦਿਤਾ, ਬੁੱਧੀ ਮੰਡਲ ਤਕ ਹੀ ਸਾਰਾ ਗਿਆਨ ਸੀਮਤ ਹੋ ਗਿਆ, ਸਾਸ਼ਤਰਾਂ ਦੇ ਵੱਖ-ਵੱਖ ਮਤ ਹੋਣ ਕਰਕੇ ਜਗਿਆਸੂ ਨੂੰ ਕਿਸੇ ਕਿਨਾਰੇ ਤੇ ਪਹੁੰਚਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਗੋਤਮ ਤਪੇ ਨੇ ਰਿਗਵੇਦ ਦਾ ਅਧਿਐਨ ਕਰਕੇ ਨਿਆਏ ਸਾਸ਼ਤਰ ਦੀ ਰਚਨਾ ਕੀਤੀ ਅਤੇ ਸੰਸਾਰ ਨੂੰ ਦਸਿਆ ਕਿ ਕਿਸੇ ਦੇ ਵਸ ਕੁਝ ਵੀ ਨਹੀਂ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥* *ਪੰਨਾ - 277*

ਨਿਆਏ ਸਾਸ਼ਤਰਾਂ ਵਿਚ ਵੀ ਦਸਿਆ ਗਿਆ ਕਿ ਸਭ ਕੁਝ ਕਰਤੇ ਦੇ ਵਸ ਹੈ, ਆਦਮੀ ਦਾ ਜ਼ੋਰ ਨਹੀਂ ਚਲਦਾ, ਦੋਹਾਂ ਸਿਰਿਆਂ ਉਪਰ ਕਰਤਾਰ ਹੈ ਉਸ ਨੇ ਪ੍ਰਮੇਸ਼ਰ ਨੂੰ ਨਿਆਰਾ ਕਰਕੇ ਦਿਖਲਾਇਆ। ਵਾਹਿਗੁਰੂ ਤਾਂ ਕਿਸੇ ਨੇ ਦੇਖਿਆ ਨਹੀਂ, ਕੁਦਰਤ ਦੇ ਵਿਚ ਹੀ ਸਾਰਾ ਸੰਸਾਰ ਭਰਮ ਵਿਚ ਭੁੱਲ ਗਿਆ, ਸਤਿਜੁਗ ਦੇ ਵਿਚ ਸੋਹੰ ਬ੍ਰਹਮ ਦਾ ਜਾਪ ਹੋਇਆ ਕਰਦਾ ਸੀ, ਇਸ ਨਿਆਏ ਸਾਸ਼ਤਰ ਵਿਚ ਦਸਿਆ ਗਿਆ ਕਿ ਭਰਮ ਦਾ ਪੜਦਾ ਪੈਣ ਕਰਕੇ ਜੀਵ ਪਰਮ ਤਤੂ ਤੋਂ ਦੂਰ ਹੋ ਗਿਆ, ਰਿਗਵੇਦ ਵਿਚ ਤਾਂ ਦਸਿਆ ਗਿਆ ਸੀ ਕਿ ਵਾਹਿਗੁਰੂ ਆਪੇ ਹੀ ਆਪ ਹੈ, ਹੋਰ ਦੂਜਾ ਕੋਈ ਨਹੀਂ ਪਰ ਸੰਸਾਰ ਭੁੱਲ ਗਿਆ ਕਿਉਂਕਿ ਸੱਚੇ ਸਤਿਗੁਰੂ ਬਿਨਾਂ ਇਸ ਗੱਲ ਦੀ ਸੋਝੀ ਨਹੀਂ ਪੈਂਦੀ, ਗੌਤਮ ਦੇ ਰਚੇ ਹੋਏ ਨਿਆਏ ਸਾਸ਼ਤਰ ਵਿਚ ਇਕ ਭਰਮ ਪੈਦਾ ਹੋ ਗਿਆ, ਉਹ ਇਹ ਸੀ ਕਿ ਉਸ ਦੇ ਮਤ ਅਨੁਸਾਰ ਜੀਵ ਵਖਰਾ ਹੈ ਅਤੇ ਵਾਹਿਗੁਰੂ ਜੀ ਵਖਰੇ ਹਨ। ਸੋ ਸੋਹੰ ਬ੍ਰਹਮ ਦੇ ਮੰਤਰ ਦੀ ਕੋਈ ਵਿਸ਼ੇਸ਼ਤਾ ਨਾ ਰਹੀ। ਉਸ ਨੇ ਵਾਹਿਗੁਰੂ ਜੀ ਦੀ ਸਰਬ ਸ਼ਕਤੀ ਉਪਰ ਕਿੰਤੂ ਕੀਤਾ ਅਤੇ ਇਹ ਦਸਿਆ ਕਿ ਸ੍ਰਿਸ਼ਟੀ ਦੀ ਰਚਨਾ ਪ੍ਰਮਾਣੂਆਂ ਤੋਂ ਹੁੰਦੀ ਹੈ। ਪ੍ਰਕ੍ਰਿਤੀ ਉਸ ਦੀ ਸ਼ਕਤੀ ਹੈ, ਮਾਇਆ ਅਤੇ ਅਗਿਆਨ ਵੀ ਉਸ ਦੀ ਸ਼ਕਤੀ ਹੈ, ਵਾਹਿਗੁਰੂ ਜੀ ਤਾਂ ਕਰਨ ਕਾਰਨ ਸਮਰੱਥ ਹਨ, ਇਕ ਫੁਰਨੇ ਨਾਲ ਜਗਤ ਦੀ ਰਚਨਾ ਕਰਨ ਦੀ ਸਮਰੱਥਾ ਰਖਦੇ ਹਨ। ਅਜ ਦੇ ਪ੍ਰਕ੍ਰਿਤਕ ਖੋਜੀ ਦਸਦੇ ਹਨ ਕਿ ਸੰਸਾਰ ਦੀ ਰਚਨਾ big bang (ਵੱਡਾ ਧਮਾਕਾ) ਹੋਣ ਉਪਰੰਤ ਜੋ ਸੁੰਨ ਵਿਚ ਹਿਲਜੁਲ ਹੋਈ, ਉਸ ਤੋਂ ਐਨਰਜੀ ਫਿਰ ਇਲੈਕਟਰਾਨ, ਪ੍ਰੋਟਾਨ, ਨਿਊਟ੍ਰਾਨ ਅਤੇ ਪ੍ਰਮਾਣੂਆਂ ਦੀ ਉਤਪਤੀ ਹੋਣ ਉਪਰੰਤ ਬਹੁਤ ਹੀ ਦੀਰਘ ਕਾਲ ਵਿਚ ਤੱਤਾਂ ਦਾ ਜੋੜ ਹੋਣ ਤੋਂ ਹੋਈ, ਉਨ੍ਹਾਂ ਦਾ ਚੇਤਨ ਬ੍ਰਹਮ ਵਿਚ ਕੋਈ ਵੀ ਵਿਸ਼ਵਾਸ਼ ਨਾ ਹੋਣ ਕਰਕੇ ਇਹ theory (ਸਿਧਾਂਤ) ਤੱਤ ਨਹੀਂ ਸਮਝੀ ਜਾਂਦੀ ਕਿਉਂਕਿ big bang ਕਿਸ ਸ਼ਕਤੀ ਨੇ ਕੀਤਾ ਅਤੇ ਸੰਸਾਰ ਨੂੰ ਵਿਉਂਤ ਕਿਸ ਸ਼ਕਤੀ ਨੇ ਦਿਤੀ, ਉਹ ਇਹ ਦਸ ਨਹੀਂ ਸਕਦਾ, ਬਣੀਆਂ ਹੋਈਆਂ ਚੀਜ਼ਾਂ ਦੀ ਤਾਂ ਖੋਜ ਕਰ ਲਈ ਪਰ ਕਿਉਂ ਬਣੀ, ਕਿਸ ਨੇ ਬਣਾਈ ਇਸ ਦਾ ਅਧਿਐਨ ਅਧੂਰਾ ਹੈ।

ਇਸ ਪਿਛੋਂ ਮੀਮਾਂਸਾ ਸਾਸ਼ਤਰ ਦੀ ਰਚਨਾ ਹੋਈ, ਜੋ ਜੁਜਰ ਵੇਦ ਨੂੰ ਵਿਚਾਰ ਕੇ ਹੋਈ। ਇਸ ਵਿਚ ਜੈਮਨੀ ਰਿਸ਼ੀ ਨੇ ਦਸਿਆ ਕਿ ਸੰਸਾਰ ਦੀ ਕ੍ਰਿਆ ਕਰਮਾਂ ਕਰਕੇ ਚਲ ਰਹੀ ਹੈ, ਜੋ ਕਰਮ ਕਰਦਾ ਹੈ ਓਹੀ ਉਸਨੂੰ ਪ੍ਰਾਪਤ ਹੁੰਦੇ ਹਨ। ਉਸ ਨੇ ਕਰਮਕਾਂਡ ਦੀ ਸਥਾਪਨਾ ਕੀਤੀ ਅਤੇ ਉਸ ਨੇ ਦਸਿਆ ਕਿ ਵਾਸ਼ਨਾਵਾਂ ਦਾ ਬੰਨ੍ਹਿਆ ਹੋਇਆ ਜੀਵ ਜਨਮ-ਮਰਨ ਦੇ ਲੰਮੇ ਚੱਕਰ ਵਿਚ ਪੈਂਦਾ ਹੈ। ਮਨ ਵਿਚ ਸੰਸਾ ਹੋਰ ਵਧ ਗਿਆ, ਕਰਮਾਂ ਦੇ ਭਰਮ ਅੰਦਰ ਜੀਵ ਭੁੱਲ ਗਿਆ, ਉਸ ਨੇ ਇਹ ਵੀ ਦਸਿਆ ਕਿ ਮਾਇਆ ਤੇ ਬ੍ਰਹਮ ਇਕੋ ਕਹਾਉਂਦੇ ਹਨ, ਭਰਮ ਕਰਕੇ ਹੀ ਜਗਤ ਦਾ ਵਰਤਣ ਵਿਹਾਰ ਚਲ ਰਿਹਾ ਹੈ। ਇਸ ਸਾਸ਼ਤਰ ਵਿਚ ਤਤੂ ਬ੍ਰਹਮ ਵਿਚ ਭਰਮ ਮਿਲਾ ਦਿਤਾ

ਗਿਆ, ਕਰਮ ਦ੍ਰਿੜ੍ਹਾ ਦਿਤੇ ਗਏ ਅਤੇ ਕਰਮਾਂ ਦਾ ਬੰਨ੍ਹਿਆ ਜੀਵ 84 ਲੱਖ ਜੂਨਾਂ ਦੇ ਚੱਕਰ ਕੱਟ ਰਿਹਾ ਹੈ, ਪਰ ਇਹ ਜੋ ਭਰਮ ਪਏ ਹਨ, ਪੂਰੇ ਸਤਿਗੁਰੂ ਦੀ ਹੋਂਦ ਨਾ ਹੋਣ ਕਰਕੇ ਭਿਆਨਕ ਸੰਸੇ ਦਾ ਰੂਪ ਧਾਰਨ ਕਰ ਗਏ ਅਤੇ ਕਰਮ ਕਰਕੇ ਇਹ ਸੁਰਗ ਦੀ ਇਛਿਆ ਕਰਦੇ ਹਨ ਅਤੇ ਇਛਿਆ ਪੂਰਤੀ ਵਾਸਤੇ ਯੱਗ ਕਰਦੇ ਹਨ, ਸੰਸੇ ਵਧਦੇ ਹੀ ਚਲੇ ਜਾਂਦੇ ਹਨ, ਇਨ੍ਹਾਂ ਦਾ ਖਾਤਮਾ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਹੋਇਆ ਕਰਦਾ। ਇਸ ਪਿਛੋਂ ਸ਼ਾਮ ਵੇਦ ਨੂੰ ਪੜ੍ਹ ਕੇ ਵੇਦਾਂਤ ਦਾ ਵਿਚਾਰ ਲਿਆਂਦਾ। ਵਿਆਸ ਜੀ ਨੇ ਕਿਹਾ ਕਿ ਮਾਇਆ ਭਰਮ ਹੈ। ਇਥੇ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ ਪਰ ਜੋ ਇਸ ਨੇ ਸਿਧਾਂਤ ਦਿਤਾ 'ਅਹੰ ਬ੍ਰਹਮ ਅਸਮੀ' ਪਰਮੇਸ਼ਰ ਮੈਂ ਹੀ ਹਾਂ। ਸਿਧਾਂਤ ਤਾਂ ਇਹ ਠੀਕ ਹੈ ਪਰ ਹਉਮੈ ਵਿਚ ਗ੍ਰਸਿਆ ਜੀਵ ਏਕੋ ਏਕ ਕਹਿ ਕੇ ਛੁਟ ਨਹੀਂ ਸਕਦਾ ਕਿਉਂਕਿ ਉਸ ਨੂੰ ਇਕ ਪਛਾਣ ਨਹੀਂ ਆਈ, ਹਉਮੈ ਨੇ ਅੰਧਕਾਰ ਪਸਾਰਿਆ ਹੋਇਆ ਹੈ। ਹਉਮੈ ਅਤੇ ਗਰਬ ਵਿਚ ਵਿਆਪੇ ਨੂੰ ਇਹ ਗਿਆਨ ਨਾਸਤਕ ਬਣਾਉਂਦਾ ਹੈ। ਉਹ ਅਗਿਆਨੀ ਜਿਸ ਦਾ ਪੰਜੇ ਭਰਮਾਂ ਦਾ ਨਾਸ਼ ਨਹੀਂ ਹੋਇਆ, ਜਿਸ ਦੇ ਅੰਦਰ ਪ੍ਰਭੂ ਦੀ ਜੋਤ ਨਹੀਂ ਜਗੀ, ਜਿਸ ਦਾ ਹਉਮੈ ਦੀ ਨਾਸ਼ ਨਹੀਂ ਹੋਇਆ, ਜਦੋਂ ਉਹ ਕਹਿੰਦਾ ਹੈ ਕਿ ਮੈਂ ਹੀ ਬ੍ਰਹਮ ਹਾਂ ਤਾਂ ਉਹ ਆਪਣੇ ਸਰੀਰ ਨੂੰ ਜਾਣਦਾ ਹੋਇਆ ਕਹਿੰਦਾ ਹੈ ਉਸ ਦੀ ਹੋਂਦ ਨਾ ਖਤਮ ਹੋਣ ਕਰਕੇ ਉਹ ਖੁਸ਼ਕ ਗਿਆਨ ਵਿਚ ਚਲਿਆ ਜਾਂਦਾ ਹੈ, ਵੇਦ ਵਿਆਸ ਜੀ ਨੇ ਵੇਦਾਂਤ ਰਚਣ ਪਿਛੋਂ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਅੰਦਰ ਸ਼ਾਂਤੀ ਨਹੀਂ ਆਈ। ਨਾਰਦਮੁਨੀ ਜੀ ਪਾਸ ਜਾਂਦੇ ਹਨ ਉਨ੍ਹਾਂ ਪਾਸ ਜਾ ਕੇ ਆਪਣੀ ਅਵਸਥਾ ਦਾ ਜ਼ਿਕਰ ਕੀਤਾ। ਨਾਰਦਮੁਨੀ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਭਗਵੰਤ ਦਾ ਜਸ ਭਗਤੀ ਭਾਵ ਵਿਚ ਕੀਤੇ ਬਿਨਾਂ ਸ਼ਾਂਤੀ ਨਹੀਂ ਆ ਸਕਦੀ। ਤਰਨ ਲਈ ਸਮਰੱਥ ਗੁਰੂ ਦੀ ਲੋੜ ਹੈ, ਗੁਰੂ ਤੋਂ ਬਗੈਰ ਕੋਈ ਨਹੀਂ ਤਰਿਆ ਕਰਦਾ। ਇਸੇ ਤਰ੍ਹਾਂ ਸਾਂਖ ਸਾਸ਼ਤਰ ਦੀ ਰਚਨਾ ਅਥਰਵਣ ਵੇਦ ਨੂੰ ਵਿਚਾਰ ਕੇ ਕਪਲਮੁਨੀ ਨੇ ਕੀਤੀ। ਇਸ ਨੇ ਨਿਤ ਅਤੇ ਅਨਿਤ ਦਾ ਵਿਚਾਰ ਦੇ ਕੇ ਦਸਿਆ ਕਿ ਜਦੋਂ ਤਕ ਗਿਆਨ ਨਹੀਂ ਹੁੰਦਾ ਕ੍ਰੋੜਾਂ ਜਤਨ ਕਰੇ ਤਾਂ ਵੀ ਮੁਕਤੀ ਨਹੀਂ ਹੁੰਦੀ। ਗਿਆਨ ਕਰਕੇ ਹੀ ਸੁੱਖ ਦੀ ਉਤਪਤੀ ਹੋਵੇਗੀ। ਆਵਾਗੌਣ ਦਾ ਭਰਮ ਮਿਟ ਜਾਵੇਗਾ ਪਰ ਇਹ ਪ੍ਰਮੇਸ਼ਰ ਨੂੰ ਨਹੀਂ ਮੰਨਦਾ ਸੀ, ਕੇਵਲ ਸਤਿ ਤੇ ਅਸਤਿ ਦਾ ਨਿਰਣਾ ਹੀ ਕਰਦਾ ਸੀ, ਭਗਤੀ ਭਾਵ ਤੋਂ ਬਿਨਾਂ ਇਹ ਗਿਆਨ ਹਿਰਦੇ ਵਿਚ ਨਹੀਂ ਟਿਕਿਆ ਕਰਦਾ, ਆਦਮੀ ਨਾਸਤਕ ਹੋ ਜਾਇਆ ਕਰਦਾ ਹੈ, ਉਸ ਪਿਛੋਂ ਕਣਾਦ ਨੇ ਵਿਸ਼ੇਸ਼ਕ ਸਾਸ਼ਤਰ ਦੀ ਰਚਨਾ ਕੀਤੀ। ਅਥਰਵਣ ਵੇਦ ਨੂੰ ਵਿਚਾਰ ਕੇ ਉਸ ਨੇ ਦਸਿਆ ਕਿ ਜਿਹੋ ਜਿਹੇ ਕੋਈ ਕਰਮ ਕਰੇਗਾ ਉਹੋ ਜਿਹਾ ਹੀ ਫਲ ਉਸ ਨੂੰ ਮਿਲੇਗਾ। ਹੁਕਮ ਦੇ ਅੰਦਰ ਸਾਰੀ ਸ੍ਰਿਸ਼ਟੀ ਹੈ, ਜੋ ਹੁਕਮ ਮੰਨੇਗਾ ਸਹਿਜ ਪਦ ਵਿਖੇ ਲੀਨ ਹੋਵੇਗਾ। ਆਪਣੇ ਵਸ ਕੁਝ ਨਹੀਂ ਹੈ, ਬੁਰਾ ਭਲਾ ਮਨ ਵਿਖੇ ਨਾ ਵਸਾਵੇ, ਇਹ ਨਾ ਕਹੇ ਕਿ ਮੈਂ ਕੀਤਾ ਹੈ ਇਹ ਕਹੇ ਕਿ ਸਮੇਂ ਨੇ ਕੀਤਾ ਹੈ, ਕਿਉਂਕਿ ਉਹ ਸਮੇਂ ਨੂੰ (ਕਾਲ ਨੂੰ) ਮੰਨਦਾ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਦਾ ਵੀ ਫੁਰਮਾਨ ਹੈ -

*ਕਾਲ ਪਾਇ ਬ੍ਰਹਮਾ ਬਪੁਧਰਾ॥*
*ਕਾਲ ਪਾਇ ਸਿਵਜੂ ਅਵਤਰਾ॥*
*ਕਾਲ ਪਾਇ ਕਰਿ ਬਿਸਨ ਪ੍ਰਕਾਸਾ॥*
*ਸਕਲ ਕਾਲ ਕਾ ਕੀਆ ਤਮਾਸਾ॥*
*ਜਵਨ ਕਾਲ ਜੋਗੀ ਸਿਵ ਕੀਓ॥*
*ਬੇਦ ਰਾਜ ਬ੍ਰਹਮਾ ਜੂ ਥੀਓ॥*
*ਜਵਨ ਕਾਲ ਸਭ ਲੋਕ ਸਵਾਰਾ॥*
*ਨਮਸਕਾਰ ਹੈ ਤਾਹਿ ਹਮਾਰਾ॥*

***ਕਬਯੋ ਬਾਚ ਬੇਨਤੀ ਚੌਪਈ***

ਇਸ ਨੇ ਨਿਸ਼ਚਾ ਦਿਤਾ ਕਿ ਜਿਹੋ ਜਿਹੇ ਕੋਈ ਕਰਮ ਕਰੇਗਾ ਉਹੋ ਜਿਹਾ ਫਲ ਉਸ ਨੂੰ ਪ੍ਰਾਪਤ ਹੋਵੇਗਾ। ਪਾਤੰਜਲ ਰਿਸ਼ੀ ਨੇ ਅੰਦਰ ਦੀ ਖੋਜ ਕੀਤੀ ਅਤੇ ਪਾਤੰਜਲ ਯੋਗ ਦੀ ਰਚਨਾ ਕੀਤੀ। ਉਸ ਨੇ ਅਥਰਵਣ ਵੇਦ ਨੂੰ ਵਿਚਾਰ ਕੇ ਦਸਿਆ ਕਿ ਯੋਗ ਕੀਤੇ ਬਗੈਰ ਆਦਮੀ ਆਪਣੇ ਪਰਮ ਮਨੋਰਥ ਨੂੰ ਪ੍ਰਾਪਤ ਨਹੀਂ ਕਰ ਸਕਦਾ। ਚਿਤ ਬਿਰਤੀਆਂ ਦੇ ਨਿਰੁੱਧ ਨੂੰ ਯੋਗ ਆਖਿਆ ਜਾਂਦਾ ਹੈ ਉਸ ਨੇ 8 ਅੰਗ ਯੋਗ ਦੇ ਪ੍ਰਚਲਤ ਕੀਤੇ। ਸਮ, ਦਮ, ਆਸਣ, ਪ੍ਰਾਣਾਯਾਮ, ਬ੍ਰਹਮਚਰੀਯ, ਧਾਰਨਾ, ਧਿਆਨ, ਸਮਾਧੀ। ਇਸ ਵਿਚ ਅੰਦਰਲੀ ਖੋਜ ਕੀਤੀ ਗਈ ਹੈ ਅਤੇ ਪ੍ਰਾਣਾਯਾਮ ਦੇ ਬਲ ਕਰਕੇ ਭੁਜੰਗਾ ਨਾੜੀ ਦਾ ਮੂੰਹ ਖੋਲ੍ਹ ਕੇ ਪ੍ਰਾਣ ਕੁੰਡਲੀ ਦੇ ਬਲ ਨਾਲ ਮੂਲਚੱਕਰ ਨੂੰ ਵੇਧਦੇ ਹਨ, ਉਸ ਪਿਛੋਂ ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਤ ਚੱਕਰ, ਵਿਸ਼ੁੱਧ ਚੱਕਰ ਅਤੇ ਆਗਿਆ ਚੱਕਰ ਵਿਚੀਂ ਹੁੰਦੇ ਹੋਏ ਸਹੰਸਰਾਰ ਦਲ ਕਮਲ ਮੰਡਲ ਵਿਚ ਪਹੁੰਚਦੇ ਹਨ। ਇਥੋਂ ਪ੍ਰਾਣਾਯਾਮ ਦੇ ਬਲ ਨਾਲ ਦਸਮ ਦੁਆਰ ਵਿਚ ਪ੍ਰਵੇਸ਼ ਕਰਦੇ ਹਨ, ਦਸਮ ਦੁਆਰ ਵਿਚ ਅਨਹਦ ਸ਼ਬਦ ਅਤੇ ਜੋਤੀ ਦੇ ਦਰਸ਼ਨ ਹੁੰਦੇ ਹਨ। ਰਿਧੀਆਂ ਸਿਧੀਆਂ ਉਸ ਦੇ ਚਰਨੀਂ ਲਗ ਜਾਂਦੀਆਂ ਹਨ ਪਰ ਇਸ ਵਿਚ ਵੀ ਕਸਰ ਰਹਿ ਗਈ ਕਿ ਵਾਹਿਗੁਰੂ ਜੀ ਪਿਆਰ ਤੋਂ ਬਿਨਾਂ ਨਹੀਂ ਪ੍ਰਾਪਤ ਹੋਇਆ ਕਰਦੇ ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ -

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।*

ਇਸ ਤਰ੍ਹਾਂ ਨਾਲ ਇਨ੍ਹਾਂ ਯੁੱਗਾਂ ਦੀ ਕ੍ਰਿਆ ਚਲਦੀ ਰਹੀ, ਕਲਜੁਗ ਵਿਚ ਪਾਪ ਵਰਤ ਗਿਆ, ਇਸ ਵਿਚ ਕਰਮ ਤੇ ਕਿਰਤ ਦੀ ਕੋਈ ਗੱਲ ਨਹੀਂ ਚਲਦੀ। ਇਥੇ ਸਿਰਫ ਵਾਹਿਗੁਰੂ ਜੀ ਦੀ ਭਗਤੀ ਅਤੇ ਨਾਮ ਦੀ

ਮਹੱਤਤਾ ਹੈ, ਭਾਉ ਭਗਤ ਨੂੰ ਪ੍ਰਵਾਨ ਕੀਤਾ ਗਿਆ ਹੈ, ਕਲਜੁੱਗ ਵਿਚ ਨਾਮ ਦੀ ਵਡਿਆਈ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

***ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ।***
***ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨ ਠੌਰ ਨ ਥਾਈ।***
***ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ।***
***ਪਾਇਆ ਮਾਨਸ ਦੇਹਿ ਕਉ ਐਥੋ ਚੁਕਿਆ ਠੌਰ ਨ ਠਾਈ।***
***ਕਲਿਜੁਗ ਕੇ ਉਪਕਾਰ ਸੁਣਿ ਜੈਸੇ ਬੇਦ ਅਥਰਬਣ ਗਾਈ।***
***ਭਾਉ ਭਗਤਿ ਪਰਵਾਣ ਹੈ ਜਗ ਹੋਮ ਤੇ ਪੁਰਬ ਕਮਾਈ।***
***ਕਰਿ ਕੇ ਨੀਚ ਸਦਾਵਣਾ ਤਾ ਪ੍ਰਭੁ ਲੇਖੈ ਅੰਦਰਿ ਪਾਈ।***
***ਕਲਿਜੁਗਿ ਨਾਵੈ ਕੀ ਵਡਿਆਈ॥***

***ਭਾਈ ਗੁਰਦਾਸ ਜੀ, ਵਾਰ 1/16***

ਕਲਜੁੱਗ ਦੇ ਅੰਦਰ ਜੋ ਆਪਾ-ਧਾਪੀ ਵਰਤ ਗਈ, ਉਸ ਨੇ ਪ੍ਰਮੇਸ਼ਰ ਨੂੰ ਪੂਰੀ ਤਰ੍ਹਾਂ ਨਾਲ ਭੁਲਾ ਦਿਤਾ, ਵੈਰ ਵਿਰੋਧ ਨਫਰਤ, ਅੰਧਕਾਰ ਨੇ ਧਰਮ ਵਿਚ ਪ੍ਰਵੇਸ਼ ਕਰਕੇ ਅਗਿਆਨ ਦੇ ਹਨ੍ਹੇਰੇ ਦਾ ਪਸਾਰ ਕਰ ਦਿਤਾ ਅਤੇ ਸੰਸਾਰ ਸਾਗਰ ਤਰਨਾ ਬਹੁਤ ਹੀ ਮੁਸ਼ਕਲ ਹੋ ਗਿਆ। ਗੁਰੂ ਅਵਤਾਰ ਤੋਂ ਬਿਨਾਂ ਸੰਸਾਰ ਦਾ ਉਧਾਰ ਹੋਣਾ ਹੀ ਮੁਸ਼ਕਲ ਹੈ। ਉਸ ਵੇਲੇ ਦੀ ਹਾਲਤ ਆਪ ਦਸਦੇ ਹਨ ਕਿ ਕਲਜੁਗ ਵਿਚ ਗਿਲਾਨੀ ਉਠ ਖੜ੍ਹੀ ਹੋਈ। ਸੰਸਾਰ ਪਾਪ ਕਰਨ ਕਰਕੇ ਭ੍ਰਿਸ਼ਟ ਹੋ ਗਿਆ, ਆਪਸ ਵਿਚ ਖਹਿ-ਖਹਿ ਕੇ ਮਰਨ ਲੱਗੇ, ਜਿਵੇਂ ਖਹਿ ਕੇ ਬਾਂਸ ਜਲਦੇ ਹਨ। ਜੋ ਕੁਝ ਕਿਸੇ ਦੇ ਮਨ ਵਿਚ ਆਉਂਦਾ ਹੈ ਉਹੋ ਹੀ ਕਰਦਾ ਹੈ, ਕਿਸੇ ਨੇ ਪੱਥਰਾਂ ਨੂੰ ਪੂਜਣਾ ਸ਼ੁਰੂ ਕਰ ਦਿਤਾ, ਕਿਸੇ ਨੇ ਮਰੇ ਬੰਦੇ ਦੀ ਕਬਰ ਨੂੰ ਪੂਜਣਾ ਸ਼ੁਰੂ ਕਰ ਦਿਤਾ, ਕਿਸੇ ਨੇ ਮੜ੍ਹੀਆਂ ਨੂੰ ਪੂਜਣਾ ਸ਼ੁਰੂ ਕਰ ਦਿਤਾ, ਚਿਲੇ ਕੱਟਣੇ ਸ਼ੁਰੂ ਕਰ ਦਿਤੇ ਅਤੇ ਕਲਾ ਤੇ ਕ੍ਰੋਧ ਕਰਕੇ ਝਗੜੇ ਵਧ ਗਏ, ਜੋ ਵੀ ਸਿਆਣਾ ਬੰਦਾ ਆਇਆ, ਉਸ ਨੇ ਆਪਣੀ ਮਰਜ਼ੀ ਦੇ ਕਰਮ ਕਾਂਡ ਬਣਾ ਕੇ ਦੇ ਦਿਤੇ, ਸੰਸਾਰ ਫੋਕਟ ਕਰਮਾਂ ਵਿਚ ਫਸ ਗਿਆ ਅਤੇ ਪੂਰੀ ਤਰ੍ਹਾਂ ਨਾਸਤਕ ਹੋ ਗਿਆ। ਸੰਸਾਰ ਵਿਚ ਬਹੁਤ ਹੀ ਰਸਤੇ ਪ੍ਰਵਿਰਤ ਹੋ ਗਏ। ਜਦੋਂ ਮੁਹੰਮਦ ਸਾਹਿਬ ਜੀ ਸੰਸਾਰ ਤੇ ਆਏ ਉਨ੍ਹਾਂ ਨੇ ਆ ਕੇ ਉਸ ਕੌਮ ਨੂੰ ਪ੍ਰਮੇਸ਼ਰ ਦੇ ਰਾਹ ਤੇ ਚਲਾਇਆ ਪਰ ਉਨ੍ਹਾਂ ਦੇ ਚਾਰ ਯਾਰ ਅਬੂਬਕਰ ਸਦੀਕ, ਉਮਰਫਾਰੂਕ, ਉਸਮਾਨਗਨੀ, ਹਜ਼ਰਤ ਅਲੀ ਹੋਏ। ਇਹ ਮਜ਼ਹਬ ਵੀ ਕਈ ਹਿਸਿਆਂ ਵਿਚ ਵੰਡਿਆ ਗਿਆ। 72 ਫਿਰਕੇ ਹੋ ਗਏ ਅਤੇ ਆਪਸ ਵਿਚ ਵੈਰ ਵਿਰੋਧ, ਮਾਰ ਧਾੜ ਸ਼ੁਰੂ ਹੋ ਗਈ, ਸੁੰਨੀ ਮੁਸਲਮਾਨ ਸ਼ੀਅ ਨੂੰ ਦੇਖ ਨਹੀਂ ਸੀ ਸਕਦੇ ਅਤੇ ਆਪਸ ਵਿਚ ਇਕ ਦੂਜੇ ਦੇ ਜਾਨ ਲੇਵਾ ਦੁਸ਼ਮਣ ਬਣ ਗਏ, ਦੂਜਿਆਂ ਬਾਰੇ ਕੀ ਕਹਿਣਾ ਹੈ ਜੋ ਇਸਲਾਮ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਕਾਫਰ ਕਹਿ ਕੇ ਮਾਰਿਆ ਜਾਂਦਾ ਸੀ, ਲੁੱਟਿਆ ਜਾਂਦਾ ਸੀ। ਭਾਰਤ ਵਿਚ ਜਿੰਨੇ ਰਾਜੇ ਆਏ ਅਕਬਰ ਤੋਂ ਬਿਨਾਂ ਸਾਰੇ ਹੀ ਮੰਦਰ ਢਾਹੁੰਦੇ ਰਹੇ, ਉਨ੍ਹਾਂ ਨੇ ਗਊ ਗਰੀਬ ਨੂੰ ਕੋਹਣਾ ਸ਼ੁਰੂ ਕਰ ਦਿਤਾ, ਧਰਤੀ ਉਪਰ ਪਾਪ ਫੈਲ ਗਿਆ। ਤੀਹ ਰੋਜ਼ੇ, ਦੋ ਈਦਾਂ, ਪੰਜ ਨਿਮਾਜ਼ਾਂ ਦੀ ਸ਼ਰਾ ਚਲਾ ਕੇ ਕਰਮਾਂ ਵਿਚ ਸੰਸਾਰ ਨੂੰ ਕੈਦ ਕਰ ਦਿਤਾ। ਪੀਰ, ਪੈਗੰਬਰ, ਔਲੀਏ, ਗਉਂਸ ਤੇ ਕੁਤਬ ਆਦਿਕ ਬਹੁਤੇ ਭੇਖ ਬਣਾ ਦਿਤੇ, ਅਭਿਮਾਨ ਵਧ ਗਿਆ। ਕਾਫਰ ਤੇ ਦੀਨਅਤ ਦੇ ਵੈਰ ਭਾਵ ਦੇ ਭੇਦ ਵਧ ਗਏ। ਦੇਸ਼ਾਂ ਦੀ ਦ੍ਵੈਤ ਜਾਗ ਪਈ, ਇਕ ਦੂਜੇ ਨੂੰ ਕੋਈ ਸਹਿਨ ਨਹੀਂ ਸੀ ਕਰਦਾ। ਅਜਿਹੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਹੋਇਆ ਆਪ ਨੇ ਜਗਤ ਜਲੰਦੇ ਨੂੰ ਦੇਖਿਆ ਅਤੇ ਉਸ ਦੀ ਪੀੜ ਸੁਣੀ। ਵੱਡੇ-ਵੱਡੇ ਔਲੀਆ ਪੀਰ, ਗੌਂਸ ਸਿੱਧ, ਸਾਧੂ, ਸਾਰਿਆਂ ਨੂੰ ਜਾ ਕੇ ਮਿਲੇ ਅਤੇ ਜੋ ਭੁਲੇਖੇ ਪ੍ਰਮੇਸ਼ਰ ਦੇ ਰਾਹ ਵਿਚ ਪਏ ਹੋਏ ਸਨ ਆਪ ਨੇ ਬਹੁਤ ਹੀ ਸੁਖੈਨ ਢੰਗ ਨਾਲ ਉਹ ਦੂਰ ਕੀਤੇ ਅਤੇ ਇਕ ਨਾਮ ਧਰਮ ਦਾ ਪਸਾਰਾ ਕਰਕੇ ਆਪ ਨੇ ਆਖਿਆ ਕਿ ਹੁਣ ਕਲਜੁੱਗ ਦਾ ਸਮਾਂ ਹੈ, ਇਸ ਵਿਚ ਪ੍ਰਮੇਸ਼ਰ ਦੇ ਭਜਨ ਤੋਂ ਬਿਨਾਂ ਹੋਰ ਕੋਈ ਚੀਜ਼ ਫਲਦਾਇਕ ਨਹੀਂ, ਕਰਮਕਾਂਡ ਵਖਰਾਪੁਣ ਪੈਦਾ ਕਰਦੇ ਹਨ। ਸ਼ਰ੍ਹਾ ਦੇ ਬੰਧਨ ਮਨੁੱਖ ਨੂੰ ਇਕ ਨਹੀਂ ਹੋਣ ਦਿੰਦੇ, ਤਿਲਕ ਤੇ ਜੰਞੂ ਨਮਾਜ਼ ਪੜ੍ਹਨ ਵਾਲਿਆਂ ਨੂੰ ਨਹੀਂ ਭਾਉਂਦੇ ਅਤੇ ਨਮਾਜ਼ ਪੜ੍ਹਨ ਵਾਲਿਆਂ ਦੀ ਬਾਂਗ ਦੂਸਰਿਆਂ ਨੂੰ ਨਹੀਂ ਭਾਉਂਦੀ। ਵਾਹਿਗੁਰੂ ਇਕ ਹੈ, ਇਸ ਸੰਸਾਰ ਵਿਚ ਉਸ ਬਿਨਾਂ ਹੋਰ ਕੋਈ ਨਹੀਂ ਹੈ। ਇਹ ਸੰਦੇਸ਼ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਦਿਤਾ ਅਤੇ ਕਰਮਕਾਂਡ ਦੇ ਸਖਤ ਸੰਗਲਾਂ ਨੂੰ ਤੋੜ ਕੇ ਮਨੁੱਖ ਨੂੰ ਅਜ਼ਾਦ ਕਰਾਇਆ ਅਤੇ ਅਸਲੀ ਰੋਗ ਨੂੰ ਪਛਾਣ ਕੇ ਦਸਿਆ ਕਿ ਮਨੁੱਖ ਹਉਮੈ ਦਾ ਮਰੀਜ਼ ਹੈ, ਹਉਮੈ ਕਰਕੇ ਇਹ ਆਪਣੇ ਆਪ ਨੂੰ ਜੀਵ ਸਮਝਦਾ ਹੈ। ਸਤਿ ਅਵਸਥਾ ਇਹ ਹੈ ਕਿ ਇਕੋ ਪ੍ਰਮੇਸ਼ਰ ਅਨੇਕ ਰੂਪ ਧਾਰ ਕੇ ਹਰ ਥਾਂ ਵਿਆਪਕ ਹੋ ਕੇ ਆਪਣੀ ਸੱਤਾ ਨਾਲ ਹੁਕਮ ਵਿਚ ਕ੍ਰਿਆ ਕਰਾ ਰਿਹਾ ਹੈ। ਜੋ ਇਸ ਹੁਕਮ ਨੂੰ ਸਮਝ ਜਾਂਦਾ ਹੈ ਉਸ ਦੀ ਹਉਮੈ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸਦਾ ਵਖਰਾਪੁਣ ਦੂਰ ਹੋ ਕੇ ਉਸ ਨੂੰ ਇਕੋ ਪ੍ਰਮੇਸ਼ਰ ਹਰ ਥਾਂ ਨਜ਼ਰ ਆਉਂਦਾ ਹੈ। ਦਿਬਜ ਦ੍ਰਿਸ਼ਟ ਪ੍ਰਾਪਤ ਹੋ ਕੇ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਆਪਣੇ ਆਪ ਦੀ ਪਛਾਣ ਬਿਨਾਂ ਹਉਮੈ ਬੰਨਿਆ ਜੀਵ ਦੁਖ ਵਿਚ ਪ੍ਰਵਿਰਤ ਹੋ ਜਾਂਦਾ ਹੈ। ਇਹ ਦਿਬਜ ਦ੍ਰਿਸ਼ਟ ਪ੍ਰਾਪਤ ਕਰਨ ਲਈ ਸਮਰੱਥ ਗੁਰੂ ਦੀ ਲੋੜ ਹੈ। ਗੁਰੂ ਨਾਮ ਦੀ ਦਾਤ ਦਿੰਦਾ ਹੈ ਜੋ ਭਰਮ ਦੇ ਕਿਵਾੜ ਖੋਲ੍ਹ ਦਿੰਦਾ ਹੈ। ਸੰਸਾਰ ਵਿਚ ਵਰਤਣ ਬੈਰਾਗ ਦੀ ਰਖਣੀ ਅਤੇ ਮੁਖ ਕਰਮ ਭਗਤੀ ਕਰਨੀ ਹੈ, ਭਗਤੀ ਨੌਂ ਤਰ੍ਹਾਂ ਦੀ ਹੈ, ਜਿਸ ਵਿਚੋਂ ਪ੍ਰੇਮਾ ਭਗਤੀ ਨੂੰ ਸਭ ਤੋਂ ਉਤਮ ਗਿਣਿਆ ਗਿਆ। ਹਰਿ ਕੀਰਤਨ ਨੂੰ ਭਗਤੀ ਮਾਰਗ ਵਿਚ ਉਤਮ ਸਾਧਨ ਦਸਿਆ। ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ - 1076*

ਆਪ ਜੀ ਨੇ ਨਿਸ਼ਚੇ ਵਿਚ ਗਿਆਨ ਦ੍ਰਿੜ੍ਹ ਕਰਾਇਆ। ਸੰਖੇਪ ਵਿਚ ਵਰਤਣ ਬੈਰਾਗ ਮੁਖ ਭਗਤੀ ਅਤੇ ਨਿਸ਼ਚੇ ਗਿਆਨ ਦੀ ਕ੍ਰਿਆ ਦੱਸੀ। ਆਪ ਨੇ ਸੰਸਾਰ ਨੂੰ ਦਸਿਆ ਕਿ -

*ਸਾਹਿਬੁ ਮੇਰਾ ਏਕੋ ਹੈ॥*
*ਏਕੋ ਹੈ ਭਾਈ ਏਕੋ ਹੈ॥*
*ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥*
*ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥*
*ਪੰਨਾ - 350*

ਆਪ ਜੀ ਨੇ ਬਚਪਨ ਤੋਂ ਹੀ ਸੰਸਾਰ ਉਧਾਰ ਦੀ ਕ੍ਰਿਆ ਸ਼ੁਰੂ ਕਰ ਦਿਤੀ ਸੀ। ਆਪ ਜੀ ਨੂੰ ਛੋਟੀ ਉਮਰ ਵਿਚ ਹੀ ਆਪ ਜੀ ਦੇ ਪਿਤਾ ਮਹਿਤਾ ਕਾਲੂ ਜੀ ਪਾਧੇ ਪਾਸ ਲੈ ਕੇ ਗਏ, ਉਸ ਸਮੇਂ ਪੜ੍ਹਾਉਣ ਵਾਲੇ ਨੂੰ ਪਾਧਾ ਜੀ ਕਿਹਾ ਜਾਂਦਾ ਸੀ। ਗੁਰੂ ਨਾਨਕ ਪਾਤਸ਼ਾਹ ਨੂੰ ਉਸ ਸਕੂਲ ਵਿਚ ਦਾਖਲ ਕਰਾ ਦਿਤਾ। ਪਾਧਾ ਜੀ ਨੇ ਇਹ ਗੱਲ ਕਹੀ ਕਿ ਮਹਿਤਾ ਜੀ! ਬੱਚਾ ਬਹੁਤ ਬੁਧੀਵਾਨ ਲਗਦਾ ਹੈ, ਇਸ ਦੇ ਚਕਰ ਚਿਹਨਾਂ ਤੋਂ ਝਲਕਾਰਾ ਪੈਂਦਾ ਹੈ ਕਿ ਇਹ ਇਕ ਬਹੁਤ ਵੱਡਾ ਵਿਦਵਾਨ ਹੋਵੇਗਾ। ਮੈਂ ਛੇਤੀ ਹੀ ਇਸ ਨੂੰ ਹਿਸਾਬ ਵਿਚ ਪੂਰੀ ਤਰ੍ਹਾਂ ਤਾਕ ਕਰ ਦੇਵਾਂਗਾ। ਅੱਖਰੀ ਵਿਦਿਆ ਵੀ ਜਿੰਨੀ ਮੇਰੇ ਪਾਸ ਹੈ ਸਾਰੀ ਮੈਂ ਇਸ ਨੂੰ ਸਿਖਾ ਦੇਵਾਂਗਾ। ਕਲ੍ਹ ਨੂੰ ਤੁਸੀਂ ਫੱਟੀ ਤੇ ਕਲਮ ਦੇ ਕੇ ਸਮੇਂ ਸਿਰ ਬੱਚਿਆਂ ਨਾਲ ਭੇਜ ਦੇਣਾ।

ਅੱਜ ਗੁਰੂ ਨਾਨਕ ਸਾਹਿਬ ਸਕੂਲ ਆਏ, ਪਾਧਾ ਜੀ ਨੇ ਫੱਟੀ ਤੇ ਅੱਖਰ ਪਾਉਣ ਲਈ ਆਪਣੇ ਪਾਸ ਬੁਲਾਇਆ ਅਤੇ ਫੱਟੀ ਉਪਰ ਆਪਣੇ ਹੱਥ ਨਾਲ 'ਓਅੰ ਨਮੋ ਸਿਧੰ' ਲਿਖ ਦਿਤਾ। ਜਦੋਂ ਪਾਧਾ ਜੀ ਪਹਿਲਾ ਹੀ ਅੱਖਰ ਪਾਉਣ ਲੱਗੇ, ਉਸੇ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਉਸਤਾਦ ਉਪਰ ਪ੍ਰਸ਼ਨ ਕੀਤਾ ਕਿ ਆਪ ਨੇ ਫੱਟੀ ਉਤੇ ਜੋ ਲਿਖਿਆ ਹੈ, ਉਹ ਕੀ ਅੱਖਰ ਹੈ? ਪਾਧਾ ਜੀ ਹੈਰਾਨ ਹੋ ਗਏ ਕਿ ਪਹਿਲੀ ਵਾਰੀ ਇਹ ਬੱਚਾ ਮੇਰੇ ਵਿਦਿਆਲੇ ਵਿਚ ਆਇਆ ਹੈ ਜਿਸ ਨੇ ਮੇਰੇ ਉਤੇ ਹੀ ਪ੍ਰਸ਼ਨ ਕਰ ਦਿਤਾ। ਉਸ ਵੇਲੇ ਉਸ ਨੇ ਪੜ੍ਹ ਕੇ ਸੁਣਾਇਆ ਕਿ ਇਸ ਨੂੰ ਮੰਗਲਾਚਰਣ ਕਹਿੰਦੇ ਹਨ। ਜਦੋਂ ਕੋਈ ਸ਼ੁਭ ਕਾਰਜ ਕਰਨਾ ਹੁੰਦਾ ਹੈ ਉਸ ਵੇਲੇ ਇਹ ਲਿਖਿਆ ਜਾਂਦਾ ਹੈ। ਇਹ ਮੈਂ ਓਅੰਕਾਰ ਨੂੰ ਬੇਨਤੀ ਕਰਕੇ ਲਿਖਿਆ ਹੈ ਕਿ ਕਾਰਜ ਸਿੱਧ ਹੋ ਜਾਵੇ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਪਾਧਾ ਜੀ ਨੂੰ ਪੁਛਿਆ ਕਿ ਕੀ ਆਪ ਓਅੰਕਾਰ ਜੀ ਨੂੰ ਜਾਣਦੇ ਹੋਂ? ਕੀ ਉਹ ਕਦੇ ਆਪ ਦੇ ਧਿਆਨ ਵਿਚ ਆਏ ਹਨ? ਉਸ ਵੇਲੇ ਉਹ ਹੈਰਾਨ ਹੋ ਗਿਆ ਕਿ ਇਸ ਛੋਟੇ ਜਿਹੇ ਬੱਚੇ ਨੇ ਉਹ ਪ੍ਰਸ਼ਨ ਮੇਰੇ ਉਤੇ ਕਰ ਦਿਤਾ ਹੈ ਜੋ ਮੈਨੂੰ ਆਪ ਹੀ ਨਹੀਂ ਆਉਂਦਾ। ਨਾ ਮੈਂ ਓਅੰਕਾਰ ਨੂੰ ਜਾਣਦਾ ਹਾਂ, ਨਾ ਮੈਂ ਉਸ ਨੂੰ ਕਦੇ ਦੇਖਿਆ ਹੈ, ਕੇਵਲ ਰਸਮੋ ਰਸਮੀ ਇਸ ਨੂੰ ਲਿਖਦੇ ਹੀ ਆਏ ਹਾਂ। ਉਸ ਵੇਲੇ ਪਾਧਾ ਜੀ ਨੇ ਆਪਣਾ ਉਤਰ ਦਿੰਦਿਆਂ ਕਿਹਾ ਕਿ ਹੇ ਨਾਨਕ ਜੀ! ਓਅੰਕਾਰ ਬਾਰੇ ਮੈਂ ਸੁਣਿਆ ਹੀ ਹੈ ਪਰ ਮੈਂ ਉਸ ਨੂੰ ਜਾਣਦਾ ਨਹੀਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਦੂਜਾ ਬਚਨ ਕੀਤਾ ਕਿ ਆਪ ਮੈਨੂੰ ਕੀ ਪੜ੍ਹਾਉਣਾ ਚਾਹੁੰਦੇ ਹੋਂ? ਉਸ ਨੇ ਕਿਹਾ ਕਿ ਮੈਂ ਆਪ ਨੂੰ ਹਿਸਾਬ ਕਿਤਾਬ ਵਿਚ ਪੂਰੀ ਤਰ੍ਹਾਂ ਮੁਕੰਮਲ ਕਰ ਦੇਵਾਂਗਾ। ਤੁਹਾਨੂੰ ਡੇਢਿਆਂ, ਸਵਾਇਆਂ, ਊਂਟਿਆਂ, ਡਾਂਚਿਆਂ ਦੇ ਪਹਾੜੇ ਉਂਗਲੀਆਂ ਤੇ ਯਾਦ ਕਰਾ ਦੇਵਾਂਗਾ ਅਤੇ ਤੁਸੀਂ ਇਸ ਕਾਬਲ ਹੋ ਜਾਵੋਗੇ ਕਿ ਖੜ੍ਹੀਆਂ ਖੇਤੀਆਂ ਦੀ ਕਣਕੂਤ ਕਰ ਸਕੋ, ਮਕਾਨਾਂ ਨੂੰ ਲਗਣ ਵਾਲੀਆਂ ਵਸਤਾਂ ਨੂੰ ਤੁਸੀਂ ਗਿਣ ਸਕੋਂ, ਜ਼ਮੀਨਾਂ ਨਾਪ ਸਕੋਂ ਅਤੇ ਹੋਰ ਵੀ ਵਣਜ ਵਪਾਰ ਦੇ ਸਾਰੇ ਹਿਸਾਬ ਕਿਤਾਬ ਰੋਕੜ ਵਹੀ ਰੱਖਣੀ, ਖਾਤੇ ਖੋਲ੍ਹਣੇ ਅਤੇ ਅੰਤਮ ਜੋੜ ਦੇ ਕੇ ਦੇਖਣਾ ਕਿ ਕਿੰਨਾ ਘਾਟਾ ਪਿਆ ਹੈ ਤੇ ਕਿੰਨਾ ਵਾਧਾ ਹੋਇਆ ਹੈ, ਇਨ੍ਹਾਂ ਸਭ ਚੀਜ਼ਾਂ ਦਾ ਮੈਂ ਗਿਆਨ ਕਰਾ ਦੇਵਾਂਗਾ। ਉਹ ਅੱਖਰ ਵੀ ਸਿਖਾ ਦੇਵਾਂਗਾ ਜਿਨ੍ਹਾਂ ਰਾਹੀਂ ਵੱਡੇ-ਵੱਡੇ ਗ੍ਰੰਥ ਵਾਚੇ ਜਾ ਸਕਦੇ ਹਨ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਪੁਛਿਆ ਕਿ ਪਾਧਾ ਜੀ! ਆਪ ਮੈਨੂੰ ਦਸ ਸਕਦੇ ਹੋ ਕਿ ਕੀ ਇਹ ਲੇਖੇ ਪੱਤੇ ਦਰਗਾਹ ਵਿਚ ਵੀ ਸਹਾਇਤਾ ਕਰਨਗੇ? ਕਿਉਂਕਿ ਇਨਸਾਨ ਨੇ ਸੰਸਾਰ ਵਿਚ ਤਾਂ ਰਹਿਣਾ ਨਹੀਂ, ਇਥੇ ਜੋ ਸੰਸਾਰ ਵਿਚ ਆਇਆ ਹੈ ਉਸ ਨੇ ਰਹਿਣਾ ਨਹੀਂ, ਜੋ ਬਣਿਆ ਹੋਇਆ ਹੈ ਉਸ ਨੇ ਢੱਠਣਾ ਭੀ ਹੈ। ਉਥੇ ਲੇਖੇ ਪੱਤੇ ਹੁੰਦੇ ਹਨ, ਵੱਡੇ-ਵੱਡੇ ਰਾਜਿਆਂ ਨੂੰ ਵੀ ਇਹ ਲੇਖੇ ਦੇਣੇ ਪੈਂਦੇ ਹਨ, ਉਨ੍ਹਾਂ ਦੇ ਕੀਤੇ ਕਰਮਾਂ ਨੂੰ ਵਿਚਾਰ ਕੇ ਉਨ੍ਹਾਂ ਨੂੰ ਸਜ਼ਾਵਾਂ ਵੀ ਮਿਲਦੀਆਂ ਹਨ ਅਤੇ ਸਾਬਾਸ਼ ਦੇ ਟਿੱਕੇ ਵੀ ਲਗਦੇ ਹਨ। ਪਾਧਾ ਸੁਣ ਕੇ ਹੈਰਾਨ ਹੋ ਗਿਆ ਅਤੇ ਸੋਚਣ ਲਗ ਗਿਆ ਕਿ ਉਹ ਕਿਹੜੀ ਪੜ੍ਹਾਈ ਹੈ, ਉਹ ਕਿਹੜੇ ਲੇਖੇ ਪੱਤੇ ਹੁੰਦੇ ਹਨ ਜਿਹੜੇ ਦਰਗਾਹ ਵਿਚ ਸਹਾਈ ਹੋਣ। ਉਹ ਗੁਰੂ ਨਾਨਕ ਦੇ ਚਿਹਰੇ ਵਲ ਇਕ ਟਕ ਦ੍ਰਿਸ਼ਟੀ ਕਰਕੇ ਦੇਖ ਰਿਹਾ ਸੀ ਅਤੇ ਉਸ ਦੇ ਮਨ ਵਿਚ ਬਹੁਤ ਉਤਰ ਪ੍ਰਸ਼ਨ, ਸ਼ੰਕੇ, ਸਮਾਧਾਨ ਤੇਜ਼ੀ ਨਾਲ ਲੰਘ ਰਹੇ ਸਨ। ਅਖੀਰ ਉਸਦੇ ਭਾਗ ਜਾਗੇ, ਉਸ ਨੇ ਕਿਹਾ ਕਿ ਹੇ ਨਾਨਕ! ਕੀ ਕੋਈ ਅਜਿਹੀ ਪੜ੍ਹਾਈ ਵੀ ਹੈ ਜਿਸ ਦੇ ਪੜ੍ਹਿਆਂ ਦਰਗਾਹ ਵਿਚ ਮਾਣ ਮਿਲਦਾ ਹੈ, ਜੇ ਤੈਨੂੰ ਪਤਾ ਹੈ ਤਾਂ ਮੈਨੂੰ ਉਸ ਦੇ ਬਾਰੇ ਗਿਆਤ ਕਰਾ? ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਪਾਧਾ ਜੀ! ਉਸ ਪੜ੍ਹਾਈ ਨੂੰ ਪੜ੍ਹਨ ਲਈ ਖਾਸ ਸਿਆਹੀ ਤੇ ਕਲਮ ਚਾਹੀਦੀ ਹੈ ਅਤੇ ਜੋ ਲਿਖਾਰੀ ਹੈ ਉਸ ਬਾਰੇ ਮੈਂ ਤੈਨੂੰ ਦਸਦਾ ਹਾਂ ਕਿ ਇਹ ਸਾਰਾ ਸੰਸਾਰ ਹੰਗਤਾ ਤੇ ਮਮਤਾ ਹੋਣ ਕਰਕੇ ਹਉਮੈ ਰੋਗ ਨੇ ਗ੍ਰਸਿਆ ਹੋਇਆ ਹੈ। ਹਉਮੈ ਕਰਕੇ ਜੰਮਦਾ ਹੈ, ਹਉਮੈ ਕਰਕੇ ਮਰਦਾ

ਹੈ, ਹਉਮੈ ਹੀ ਦੁਖਾਂ ਦਾ ਕਾਰਨ ਹੈ, ਹਉਮੈ ਕਰਕੇ ਹੀ ਇਸ ਨੂੰ ਹਾਨ ਲਾਭ ਦੀਆਂ ਥਪੇੜਾਂ ਪੈਂਦੀਆਂ ਹਨ। ਹਉਮੈ ਕਰਕੇ ਹੀ ਇਸ ਨੂੰ ਕਰਮ ਚਿੰਬੜ ਜਾਂਦੇ ਹਨ ਅਤੇ ਦੁਖ ਪ੍ਰਾਪਤ ਕਰਦਾ ਹੈ। ਜਿਸ ਕਲਮ ਦੀ ਮੈਂ ਗੱਲ ਕਰਦਾ ਹਾਂ ਉਸ ਦੀ ਸਿਆਹੀ ਬਣਾਉਣ ਲਈ ਹਉਮੈ ਨੂੰ ਜਾਲਣਾ ਪੈਂਦਾ ਹੈ। ਮੋਹ ਜੋ ਸਾਰੇ ਵਿਕਾਰਾਂ ਦਾ ਸ਼੍ਰੋਮਣੀ ਹੈ, ਹਉਮੈ ਦੇ ਜਲਿਆਂ ਹੀ ਮੋਹ ਵੀ ਨਾਲ ਹੀ ਜਲ ਜਾਂਦਾ ਹੈ। ਸੋ ਇਸ ਕਾਲਖ ਨੂੰ ਲੈ ਕੇ ਸਿਆਹੀ ਬਣਾ ਅਤੇ ਸ੍ਰੇਸ਼ਟ ਮਤ ਦਾ ਕਾਗਜ਼ ਬਣਾ, ਸ੍ਰੇਸ਼ਟ ਮਤ ਉਹ ਮਤ ਹੈ ਜਿਸ ਵਿਚ ਸਤਿ ਅਤੇ ਅਸਤਿ ਦਾ ਪੂਰੀ ਤਰ੍ਹਾਂ ਨਿਰਨਾ ਕੀਤਾ ਹੋਇਆ ਹੁੰਦਾ ਹੈ, ਕੋਈ ਸ਼ੰਕਾ ਮਨ ਵਿਚ ਨਹੀਂ ਰਿਹਾ ਹੁੰਦਾ, ਜੋ ਵੀ ਦ੍ਰਿਸ਼ਟਮਾਨ ਤੁਹਾਨੂੰ ਨਜ਼ਰੀ ਆਉਂਦਾ ਹੈ, ਇਹ ਸਾਰਾ ਸਤਿ ਦੀ ਸ਼ਕਤੀ ਕਰਕੇ ਦ੍ਰਿਸ਼ਟਮਾਨ ਹੈ, ਪਰ ਇਹ ਛਿਨਭੰਗਰ ਹੈ, ਨਾਸ਼ਵਾਨ ਹੈ, ਇਸਦੇ ਉਹਲੇ ਛੁਪੀ ਹੋਈ ਸ਼ਕਤੀ ਜਿਸ ਦੇ ਆਸਰੇ ਇਹ ਸਾਰਾ ਅਸਤਿ, ਸਤਿ ਵਾਂਗੂੰ ਨਜ਼ਰ ਆਉਂਦਾ ਹੈ ਉਹ ਆਪ ਪ੍ਰਮੇਸ਼ਰ ਸਤਿ ਸਰੂਪ ਪਰਮ ਚੇਤਨ ਹੈ। ਸੋ ਸਤਿ ਅਤੇ ਅਸਤਿ ਦੀ ਪਛਾਣ ਨੂੰ ਵਿਵੇਕ ਕਿਹਾ ਜਾਂਦਾ ਹੈ। ਸਾਡੇ ਜੋ ਸਰੀਰ ਨਜ਼ਰ ਆ ਰਹੇ ਹਨ, ਇਹ ਸਾਰੇ ਕੁਝ ਦੇਰ ਵਾਸਤੇ ਹਨ। ਇਸ ਵਿਚ ਜੋ ਜੀਵ ਆਤਮਾ ਹੈ ਉਹ ਹਉਮੈ ਦੇ ਹਨ੍ਹੇਰੇ ਕਰਕੇ ਪ੍ਰਤੀਤ ਦਿੰਦੀ ਹੈ, ਦਰਅਸਲ ਉਸ ਦੀ ਕੋਈ ਆਪਣੀ ਹਸਤੀ ਨਹੀਂ। ਜਨਮਾਂ ਜਨਮਾਂਤਰਾਂ ਦਾ ਅਧਿਆਸ ਹੋਣ ਕਰਕੇ ਉਹ ਵੱਖਰੀ ਪ੍ਰਤੀਤ ਦਿੰਦੀ ਹੈ। ਪ੍ਰਮੇਸ਼ਰ ਜੋ ਘਟ ਘਟ ਵਿਚ ਵਿਆਪਕ ਹੈ ਉਹ ਆਪ ਹੀ ਆਪਣੀ ਖੇਲ੍ਹ ਕਰ ਰਿਹਾ ਹੈ, ਉਸ ਨੂੰ ਇਹ ਹਉਮੈ ਵਾਲੀ ਬਿਰਤੀ ਸਦਾ ਹੀ ਢਕ ਕੇ ਰਖਦੀ ਹੈ, ਦ੍ਰਿਸ਼ਟਮਾਨ ਅਸਤਿ ਹੈ, ਨਾਸ਼ਵਾਨ ਹੋਣ ਵਾਲੀ ਚੀਜ਼ ਹੈ। ਇਹ ਜੋ ਵਿਚਾਰ ਹੈ ਇਸ ਦਾ ਕਾਗਜ਼ ਬਣਾ –

*ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥*

*ਪੰਨਾ - 16*

ਹੁਣ ਲਿਖਣ ਵਾਲੀ ਜੋ ਕਲਮ ਹੈ, ਉਹ ਭਾਉ ਕਰਮ ਕਰਨ ਨਾਲ ਹੱਥ ਆਉਂਦੀ ਹੈ। ਆਮ ਸਮਝ ਵਿਚ ਆਉਣ ਲਈ ਇਸ ਨੂੰ ਭਗਤੀ ਦੇ ਕਰਮ ਵੀ ਕਿਹਾ ਜਾਂਦਾ ਹੈ। ਨੌਂ ਤਰ੍ਹਾਂ ਦੀ ਭਗਤੀ ਪ੍ਰਚਲਤ ਹੈ ਜਿਸ ਵਿਚੋਂ ਸਿਮਰਨ, ਕੀਰਤਨ, ਰਾਹੀਂ ਭਗਤੀ ਕਰਕੇ ਪ੍ਰੇਮਾ ਭਗਤੀ ਦੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰੇਮਾ ਭਗਤੀ ਰੂਪੀ ਕਲਮ ਨਾਲ ਤੂੰ ਸਾਰ ਰੂਪੀ ਕਾਗਜ਼ ਉਤੇ ਲਿਖਣਾ ਹੈ, ਲਿਖਣ ਵਾਲਾ ਚਿੱਤ ਹੋਇਆ ਕਰਦਾ ਹੈ। ਜੇ ਕਿਸੇ ਕੰਮ ਕਰਨ ਵਿਚ ਚਿਤ ਨਾ ਲਗਦਾ ਹੋਵੇ ਤਾਂ ਐਉਂ ਸਮਝੋ ਕਿ ਹੁਣ ਲਿਖਾਰੀ ਲਿਖ ਨਹੀਂ ਰਿਹਾ। ਜਦੋਂ ਅਸੀਂ ਭਜਨ ਬੰਦਗੀ, ਪਾਠ ਕਰਦੇ ਹਾਂ ਸਾਡਾ ਚਿਤ ਨਹੀਂ ਲਗਦਾ, ਉਸ ਭਜਨ ਬੰਦਗੀ ਦਾ ਜਾਦੂਮਈ ਅਸਰ ਜੋ ਸਾਡੇ ਤੇ ਹੋਣਾ ਸੀ ਉਹ ਨਹੀਂ ਹੋ ਰਿਹਾ ਕਿਉਂਕਿ ਲਿਖਾਰੀ ਪੂਰੀ ਤਰ੍ਹਾਂ ਸਾਵਧਾਨ ਨਹੀਂ ਹੈ। ਚਿੱਤ ਦੀ ਇਕਾਗਰਤਾ ਨਾਲ ਭਜਨ ਬੰਦਗੀ ਦਰਗਾਹ ਵਿਚ ਪ੍ਰਵਾਨ ਹੁੰਦੀ ਹੈ। ਗੈਰਹਾਜ਼ਰੀ ਨਾਲ ਕੀਤਾ ਪੂਜਾ ਪਾਠ ਰਸਮਾਂ ਬਣ ਜਾਂਦੀਆਂ ਹਨ। ਰਸਮਾਂ ਨਿਰਜਿੰਦ ਹੁੰਦੀਆਂ ਹਨ, ਇਸ ਨਾਲ ਅਸੀਂ ਜਿੰਦ ਵਾਲੇ ਤਕ ਨਹੀਂ ਪਹੁੰਚ ਸਕਦੇ। ਇਸ ਕਰਕੇ ਪਾਧਾ ਜੀ! ਚਿੱਤ ਦੀ ਇਕਾਗਰਤਾ ਨਾਲ ਲਿਖ। ਜੋ ਕੁਝ ਲਿਖਣਾ ਹੈ ਉਹ ਵੀ ਮੈਂ ਤੁਹਾਨੂੰ ਦਸਦਾ ਹਾਂ, ਤੂੰ ਪ੍ਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਲਿਖਣਾ ਕਰ, ਇਹ ਨਾਮ ਰਸਨਾ ਨਾਲ ਜਪ ਕੇ ਸੂਖਸ਼ਮ ਹੁੰਦਾ ਹੋਇਆ ਸੁਆਸ ਰਾਹੀਂ ਜਪਣਾ ਸ਼ੁਰੂ ਹੋ ਜਾਵੇਗਾ। ਸੁਆਸ ਤੋਂ ਚਿੱਤ ਦੀ ਇਕਾਗਰਤਾ ਹੋਣ ਨਾਲ ਹਿਰਦੇ ਵਿਚ ਲਿਖਿਆ ਜਾਵੇਗਾ। ਸੋ ਇਸ ਨਾਮ ਨੂੰ ਹਿਰਦੇ ਵਿਚ ਲਿਖ। ਵਾਹਿਗੁਰੂ ਜੀ ਬੇਅੰਤ ਹਨ ਉਨ੍ਹਾਂ ਦੀਆਂ ਬਖਸ਼ਿਸ਼ਾਂ, ਉਨ੍ਹਾਂ ਦੀਆਂ ਸਿਫਤਾਂ, ਉਨ੍ਹਾਂ ਦੀ ਮਿਹਰਾਂ ਦਾ ਕੋਈ ਵੀ ਅੰਤ ਨਹੀਂ ਹੈ। ਉਹ ਬੇਅੰਤ ਹੈ, ਤੂੰ ਉਨ੍ਹਾਂ ਦੀ ਸਿਫਤ ਸਾਲਾਹ ਲਿਖ ਅਤੇ ਆਪਣੇ ਚਿੱਤ ਵਿਚ ਅਨੁਭਵ ਕਰ ਕਿ ਉਹ ਬੇਅੰਤ ਹਨ, ਉਸ ਦੇ ਪਾਰਾਵਾਰ ਦਾ ਕਿਸੇ ਨੇ ਅੰਤ ਨਹੀਂ ਪਾਇਆ। ਜਿੰਨਾਂ ਅਸੀਂ ਜਾਣ ਜਾਂਦੇ ਹਾਂ ਉਸ ਤੋਂ ਵੀ ਵੱਧ ਹੋਰ ਹੈ। ਸੋ ਪਾਧਾ ਜੀ, ਤੂੰ ਇਹ ਲੇਖਾ ਲਿਖ, ਜਦੋਂ ਤੂੰ ਇਹ ਲੇਖੇ ਪੱਤੇ ਲਿਖੇਂਗਾ ਤਾਂ ਦਰਗਾਹ ਵਿਚ ਤੇਰੀ ਸਹਾਇਤਾ ਕਰਨਗੇ। ਜਿਥੇ ਮਾਤਾ ਪਿਤਾ, ਰਿਸ਼ਤੇਦਾਰ, ਸਬੰਧੀ, ਪਿਤਰ ਕੁਝ ਨਹੀਂ ਕਰ ਸਕਦੇ ਹਨ, ਜਿਥੇ ਇਹ ਜੀਵ ਇਕੱਲਾ ਜਾਂਦਾ ਹੈ ਉਥੇ ਇਹ ਲੇਖਾ ਜੀਵ ਦੀ ਰਾਖੀ ਕਰਦਾ ਹੈ, ਉਸ ਦੇ ਨੇੜੇ ਜਮ ਨਹੀਂ ਆਉਂਦੇ। ਉਹ ਆਦਰ ਤੇ ਸਤਿਕਾਰ ਨਾਲ ਦਰਗਾਹ ਵਿਚ ਜਾਂਦਾ ਹੈ। ਉਸ ਦੀ ਧੰਨ-ਧੰਨ ਹੁੰਦੀ ਹੈ, ਉਸ ਨੂੰ ਮਾਣ ਮਿਲਦਾ ਹੈ, ਸੰਸਾਰ ਵਿਚ ਉਹ ਆਪ ਵੀ ਤਰ ਜਾਂਦਾ ਹੈ ਅਤੇ ਹਜ਼ਾਰਾਂ ਲੱਖਾਂ ਨੂੰ ਆਪਣੇ ਬਚਨਾਂ ਨਾਲ ਤਾਰ ਦਿੰਦਾ ਹੈ, ਸੋ ਤੂੰ ਇਹ ਲੇਖਾ ਲਿਖਣ ਦੀ ਜਾਂਚ ਸਿਖ ਲੈ। ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ –

*ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥*
*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥*
*ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥*
*ਬਾਬਾ ਏਹੁ ਲੇਖਾ ਲਿਖਿ ਜਾਣੁ॥*
*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥*

*ਪੰਨਾ - 16*

ਇਸ ਵਿਦਿਆ ਨੂੰ ਦੇਣ ਵਾਲਾ ਸਮਰੱਥ ਗੁਰੂ ਹੋਇਆ ਕਰਦਾ ਹੈ, ਗੁਰੂ ਨੂੰ ਪੁਛ ਕੇ ਚਿਤ ਵਿਚ ਲਿਖ। ਉਸ ਨੇ ਓਅੰਕਾਰ ਨੂੰ ਪੂਰੀ ਤਰ੍ਹਾਂ ਜਾਣਿਆ ਹੁੰਦਾ ਹੈ ਓਹੋ ਹੀ ਸਤ ਅਸੱਤ ਦਾ ਨਿਰਣਾ ਕਰਦਾ ਹੈ।

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪੜ੍ਹਾਈ ਲਿਖਾਈ ਦਾ ਜੋ ਸਾਰ ਹੈ, ਉਹ ਇਹ ਹੈ ਕਿ ਇਸ ਜੀਵ ਦੀਆਂ ਗਲਤ ਰੁਚੀਆਂ ਸਹਿਜ ਵਿਚ ਆ ਜਾਣ, ਸੰਜਮ ਵਿਚ ਆ ਜਾਣ। ਸੰਜਮ ਭਰਿਆ ਜੀਵਨ ਇਹ ਬਤੀਤ ਕਰੇ ਜਿਸ ਵਿਚ ਸਤਿ, ਸੰਤੋਖ, ਦਇਆ, ਖਿਮਾ, ਧੀਰਜ, ਮਨ ਦੀ ਪਵਿਤਰਤਾ, ਸਰੀਰ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ ਅਤੇ ਸ਼ੀਲ ਹੋਵੇ। ਕ੍ਰੋਧ ਨਾ ਕਰਦਾ ਹੋਵੇ, ਲੋਭ ਤੋਂ ਰਹਿਤ ਹੋਵੇ, ਮੋਹ ਦੀ ਜਿਲ੍ਹਣ ਵਿਚ ਨਾ ਫਸਿਆ ਹੋਵੇ,

ਹੰਕਾਰ ਦੇ ਦੂਸ਼ਿਤ ਵਾਤਾਰਵਣ ਵਿਚ ਨਾ ਰਹਿੰਦਾ ਹੋਵੇ, ਕਾਮ ਦੇ ਗੰਦੇ ਛੂੰਮ ਵਿਚ ਨਾ ਲਿਬੜਿਆ ਹੋਵੇ, ਆਸਾ ਅਤੇ ਅੰਦੇਸਿਆਂ ਤੋਂ ਉਪਰ ਹੋਵੇ, ਵਾਹਿਗੁਰੂ ਦੇ ਹੁਕਮ ਵਿਚ ਆਪਣਾ ਜੀਵਨ ਬਤੀਤ ਕਰਦਾ ਹੋਵੇ ਅਤੇ ਉਸ ਦੀ ਰਜ਼ਾ ਨੂੰ ਪਿਆਰ ਨਾਲ ਮੰਨਦਾ ਹੋਵੇ, ਅਜਿਹਾ ਪੜ੍ਹਿਆ ਹੋਇਆ ਸੰਸਾਰ ਦਾ ਭਲਾ ਕਰਦਾ ਹੈ। ਅਹਿੰਸਾ ਦਾ ਵਾਸਾ ਉਸ ਵਿਚ ਹੋਵੇ, ਉਹ ਨਾ ਸਰੀਰ ਨਾਲ, ਨਾ ਮਨ ਨਾਲ, ਨਾ ਬੁੱਧੀ ਨਾਲ, ਨਾ ਕਿਸੇ ਆਤਮਕ ਸ਼ਕਤੀ ਨਾਲ, ਕਿਸੇ ਦਾ ਨੁਕਸਾਨ ਕਰਦਾ ਹੋਵੇ। ਸਾਰੇ ਸੰਸਾਰ ਦਾ ਭਲਾ ਮੰਗਦਾ ਹੋਇਆ ਵਾਹਿਗੁਰੂ ਜੀ ਅੱਗੇ ਅਰਦਾਸ ਕਰਦਾ ਹੋਵੇ ਕਿ ਹੇ ਪ੍ਰਭੂ! ਸਭ ਦਾ ਭਲਾ ਕਰ, ਉਹ ਪੜ੍ਹਿਆ ਹੋਇਆ ਹੈ। ਜਿਸ ਪੜ੍ਹੇ ਹੋਏ ਦੇ ਮਨ ਵਿਚ ਅਭਿਮਾਨ ਹੈ ਉਹ ਮੂਰਖ ਹੈ। ਜਿੰਨਾ-ਜਿੰਨਾ ਜ਼ਿਆਦਾ ਗਿਆਨ ਹੁੰਦਾ ਜਾਵੇਗਾ ਉਨਾਂ ਹੀ ਵਾਹਿਗੁਰੂ ਦੀ ਵਿਸ਼ਾਲਤਾ ਦਾ ਉਸ ਨੂੰ ਪਤਾ ਲਗਦਾ ਜਾਵੇਗਾ ਅਤੇ ਉਹ ਆਪ ਉਨਾਂ ਹੀ ਛੋਟੇ ਤੋਂ ਛੋਟਾ ਹੁੰਦਾ ਜਾਵੇਗਾ। ਅਭਿਮਾਨ ਕਰਨ ਵਾਲਾ ਮੂਰਖ ਹੁੰਦਾ ਹੈ। ਜੋ ਕਾਮ ਦੇ ਜਜ਼ਬੇ ਨੂੰ ਸੀਮਤ ਨਹੀਂ ਕਰ ਸਕਿਆ, ਸੰਸਾਰ ਭਾਵੇਂ ਉਸ ਦੀ ਜੈ ਜੈਕਾਰ ਕਰਦਾ ਹੋਵੇ, ਉਹ ਮਹਾਂਮੂਰਖ ਹੈ। ਲੋਭ ਦੇ ਵਸ ਪਿਆ ਹੋਇਆ ਚੀਜ਼ਾਂ ਵਿਚ ਮਿਲਾਵਟਾਂ ਕਰਦਾ ਹੋਵੇ, ਨਕਲੀ ਦਵਾਈਆਂ ਦਿੰਦਾ ਹੋਵੇ, ਅਜਿਹੇ ਪੁਰਸ਼ ਨੂੰ ਮਹਾਂਮੂਰਖ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਕ੍ਰੋਧ ਅਤੇ ਮੋਹ ਦੇ ਅੰਧਕਾਰ ਵਿਚ ਜੇ ਫਸਿਆ ਹੋਇਆ ਹੈ, ਰੋਸ਼ਨੀ ਦੀ ਕਿਰਨ ਉਸ ਦੇ ਅੰਦਰ ਨਹੀਂ ਜਾਗਦੀ ਅਤੇ ਅੰਧੇਰੇ ਵਿਚ ਹੀ ਆਪਣਾ ਜੀਵਨ ਬਿਤਾਉਂਦਾ ਹੈ ਤਾਂ ਉਸ ਨੂੰ ਕਿਵੇਂ ਪੜ੍ਹਿਆ ਹੋਇਆ ਕਿਹਾ ਜਾ ਸਕਦਾ ਹੈ। ਉਸ ਪੜ੍ਹੇ ਹੋਏ ਉਪਰ ਧਿਰਕਾਰ ਹੈ, ਉਸ ਦੀਆਂ ਲਈਆਂ ਡਿਗਰੀਆਂ ਕਿਸੇ ਕੰਮ ਨਹੀਂ, ਉਸ ਦੇ ਸਿੰਗ ਹੋਰ ਵੀ ਤਿੱਖੇ ਹੋ ਜਾਂਦੇ ਹਨ, ਸਾਂਢਾਂ ਵਾਂਗੂੰ ਭਿੜਦਾ ਹੈ। ਐਸੇ ਪੜ੍ਹਾਕੂ ਵਿਦਿਆ ਦਾ ਗਲਤ ਪ੍ਰਯੋਗ ਕਰਦੇ ਹਨ।

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*
*ਪੰਨਾ - 140*

*ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥*
*ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥*
*ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥*
*ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥*
*ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥*
*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ॥ ਪੰਨਾ - 938*

ਪਾਧਾ ਜੀ ਅਜਿਹੇ ਬਚਨ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਸੁਣ ਕੇ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਕਿ ਹੇ ਨਾਨਕ! ਆਪ ਤਾਂ ਧੁਰ ਤੋਂ ਪੜ੍ਹੇ ਪੜ੍ਹਾਏ ਹੋਂ, ਆਪ ਜਿਸ ਨੂੰ ਪੜ੍ਹਿਆ ਹੋਇਆ ਆਖਦੇ ਹੋ ਉਸ ਦੀ ਕੀ ਨਿਸ਼ਾਨੀ ਹੈ? ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ॥ ਪੰਨਾ - 938*

ਜਿਸ ਦੇ ਹਿਰਦੇ ਵਿਚ ਹਰ ਵਕਤ ਕਰਨ ਕਾਰਨ ਵਾਹਿਗੁਰੂ ਜੀ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ ਜੋ ਮੋਹ ਮਾਇਆ ਤੋਂ ਨਿਰਲੇਪ ਹੋਵੇ, ਪਾਧਾ ਜੀ! ਉਹ ਹੀ ਅਸਲੀ ਪੜ੍ਹਿਆ ਹੋਇਆ ਹੁੰਦਾ ਹੈ, ਦੂਜੇ ਨੂੰ ਪੜ੍ਹਿਆ ਹੋਇਆ ਨਹੀਂ ਕਹਿ ਸਕਦੇ।

ਸੋ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਨੂੰ ਸਹੀ ਪੜ੍ਹਾਈ ਦਾ ਰਾਹ ਦਸਿਆ। ਇਸੇ ਤਰ੍ਹਾਂ ਨਾਲ ਆਪ ਨੇ ਬੀਮਾਰੀਆਂ ਬਾਰੇ ਦਸਦੇ ਹੋਏ ਫੁਰਮਾਨ ਕੀਤਾ ਹੈ ਕਿ ਜ਼ਿਆਦਾਤਰ ਬੀਮਾਰੀਆਂ ਮਨ ਤੋਂ ਪੈਦਾ ਹੁੰਦੀਆਂ ਹਨ, ਮਨ ਜਦੋਂ ਖਿਚਾਓ ਵਿਚ ਆਉਂਦਾ ਹੈ, ਉਦਾਸ ਹੁੰਦਾ ਹੈ ਜਾਂ ਅਭਿਮਾਨ ਨਾਲ ਭਰਦਾ ਹੈ ਜਾਂ ਕ੍ਰੋਧੀ ਹੋ ਜਾਵੇ, ਲੋਭੀ ਹੋ ਜਾਵੇ ਜਾਂ ਕਾਮ ਵਾਸਨਾ ਵਿਚ ਗਰਕ ਹੋ ਜਾਵੇ, ਜਦੋਂ ਈਰਖਾ ਦੀਆਂ ਗਰਮ ਲਹਿਰਾਂ ਇਸ ਨੂੰ ਫੂਕਦੀਆਂ ਹਨ ਤਾਂ ਇਹ ਜਲਣਾ ਸ਼ੁਰੂ ਹੋ ਜਾਂਦਾ ਹੈ, ਤ੍ਰਿਸ਼ਨਾਂ ਦੀ ਅੱਗ ਇਸ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ, ਜਦੋਂ ਮਨ ਰੋਗੀ ਹੋ ਗਿਆ ਉਸ ਵੇਲੇ ਉਸ ਦਾ ਅਸਰ ਸਰੀਰ ਉਤੇ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਸਰੀਰ ਰੋਗੀ ਹੋ ਜਾਂਦਾ ਹੈ, ਬੀਮਾਰ ਮਨ ਆਦਮੀ ਦੇ ਸਰੀਰ ਉਤੇ ਅਸਰ ਪਾਉਂਦਾ ਹੈ। ਜਦੋਂ ਦਿਮਾਗ ਦਾ ਨਿਅੰਤਰਣ ਸਰੀਰ ਉਪਰ ਨਿਯਮ ਪੂਰਵਕ ਨਹੀਂ ਰਹਿੰਦਾ, ਉਸ ਵੇਲੇ ਬਹੁਤ ਸਾਰੇ ਅੰਗ ਸਿਥਲ ਹੋ ਜਾਂਦੇ ਹਨ। ਅਤੇ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ।

ਗੁਰੂ ਨਾਨਕ ਪਾਤਸ਼ਾਹ ਨੂੰ ਦੇਖਣ ਲਈ ਵੈਦ ਬੁਲਾਇਆ ਗਿਆ ਕਿਉਂਕਿ ਆਪ ਕਈ ਮਹੀਨੇ ਤੋਂ ਕਿਸੇ ਨਾਲ ਬੋਲਦੇ ਨਹੀਂ ਸੀ, ਪਏ ਰਹਿੰਦੇ ਸਨ, ਨਾ ਕੁਝ ਖਾਂਦੇ ਸੀ, ਨਾ ਪੀਂਦੇ ਸੀ। ਉਸ ਵੇਲੇ ਵੈਦ ਆਪ ਦੀ ਨਬਜ਼ ਫੜ ਕੇ ਦੇਖਣ ਲੱਗਿਆ ਤਾਂ ਆਪ ਨੇ ਕਿਹਾ ਕਿ ਵੈਦ ਜੀ! ਤੁਸੀਂ ਮੇਰੀ ਬਾਂਹ ਛੱਡ ਦਿਓ, ਤੁਸੀਂ ਨਬਜ਼ ਵਿਚੋਂ ਕੀ ਦੇਖਦੇ ਹੋ। ਉਸ ਨੇ ਕਿਹਾ ਕਿ ਆਦਮੀ ਦੇ ਵਿਚ ਕਫ, ਪਿਤ, ਵਾਇ ਹੋਇਆ ਕਰਦਾ ਹੈ। ਜਦੋਂ ਇਨ੍ਹਾਂ ਦਾ ਸੰਤੁਲਨ ਵਿਗੜ ਜਾਵੇ ਤਾਂ ਆਦਮੀ ਬੀਮਾਰ ਹੋ ਜਾਂਦਾ ਹੈ ਅਤੇ ਅਸੀਂ ਨਾੜਾਂ ਵਿਚ ਵਗਣ ਵਾਲੇ ਲਹੂ ਦੀ ਚਾਲ ਨਾਪਦੇ ਹਾਂ ਤਾਂ ਉਸ ਵੇਲੇ ਸਾਨੂੰ ਪਤਾ ਲਗ ਜਾਂਦਾ ਹੈ ਕਿ ਕਿਹੜਾ ਤੱਤ ਘਟ ਹੈ, ਕਿਹੜਾ ਵਧ ਹੈ, ਉਸੇ ਤਰ੍ਹਾਂ ਦੀ ਦਵਾਈ ਦੇ ਕੇ ਅਸੀਂ ਸਰੀਰ ਨੂੰ ਸਵਸਥ ਕਰ ਦਿੰਦੇ ਹਾਂ।

ਆਪ ਨੇ ਕਿਹਾ ਕਿ ਵੈਦ ਜੀ! ਬਿਮਾਰੀ ਦਾ ਕਾਰਨ ਇਹ ਨਹੀਂ ਹੈ। ਇਹ ਜਦੋਂ ਬਿਮਾਰੀ ਹੋਵੇ ਤਾਂ ਦੇਖ ਸਕਦੇ ਹੋ ਕਿ ਸਰੀਰ ਵਿਚ ਰਕਤ ਦੀ ਚਾਲ ਠੀਕ ਨਹੀਂ ਹੈ। ਉਸ ਦਾ ਕਾਰਨ ਤੁਸੀਂ ਲੱਭ ਲੈਂਦੇ ਹੋ ਪਰ ਸਭ ਕੁਝ ਕਿਉਂ ਹੋਇਆ ਇਸ ਦਾ ਕਾਰਨ ਤੁਹਾਨੂੰ ਨਹੀਂ ਪਤਾ। ਜਦੋਂ ਵੈਦ ਨੇ ਆਪ ਨੂੰ ਬੇਨਤੀ ਕਰਕੇ ਪੁਛਿਆ ਕਿ ਆਪ ਕ੍ਰਿਪਾ ਕਰਕੇ ਦਸੋ ਕਿ ਬਿਮਾਰੀ ਕਿਉਂ ਆਉਂਦੀ ਹੈ? ਤਾਂ ਆਪ ਨੇ

ਦਸਿਆ ਕਿ ਵਾਹਿਗੁਰੂ ਜੀ ਚੇਤਨ ਪੁਰਸ਼ ਘਟ ਘਟ ਵਿਚ ਬਿਰਾਜਮਾਨ ਹਨ, ਸਤਿ ਚਿਤ ਅਨੰਦ ਉਨ੍ਹਾਂ ਦਾ ਸਰੂਪ ਹੈ। ਸਰੀਰ ਨੂੰ ਉਨ੍ਹਾਂ ਦੀ ਛੋਹ ਤੋਂ ਪੂਰਨ ਸਵੱਛਤਾ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਦੀ ਛੋਹ ਰਸ ਰੂਪ ਵਿਚ ਅਸੀਂ ਮਹਿਸੂਸ ਕਰਦੇ ਹਾਂ ਜਾਂ ਜੋਤੀ ਸਰੂਪ ਵਿਚ ਉਨ੍ਹਾਂ ਨੂੰ ਤਕਦੇ ਹਾਂ ਜਾਂ ਕਿਸੇ ਨਾਦ ਦੇ ਰੂਪ ਵਿਚ ਉਨ੍ਹਾਂ ਨੂੰ ਅਸੀਂ ਸੁਣਦੇ ਹਾਂ ਅਤੇ ਉਨ੍ਹਾਂ ਦੀ ਬੇਅੰਤਤਾਈ ਸਾਡੇ ਮਨ ਵਿਚ ਵਧ ਜਾਂਦੀ ਹੈ ਅਤੇ ਪਿਆਰ ਨਾਲ ਅਸੀਂ ਉਨ੍ਹਾਂ ਨਾਲ ਲੱਗੇ ਰਹਿੰਦੇ ਹਾਂ ਅਤੇ ਉਨ੍ਹਾਂ ਦੀ ਜੀਵਨ ਰੌਂ ਜੋ ਹਰ ਛਿਨ ਸਾਡੇ ਸਰੀਰ ਵਿਚ ਵਰਤਦੀ ਹੈ, ਉਹ ਸਾਡੇ ਸਰੀਰ ਨੂੰ ਸਵੱਛਤਾ ਦਿੰਦੀ ਹੈ। ਜਦੋਂ ਉਸ ਆਦਿ ਸ਼ਕਤੀ ਨੂੰ ਭੁੱਲ ਜਾਈਏ, ਉਸ ਨਾਲੋਂ ਸੰਪਰਕ ਟੁੱਟ ਜਾਵੇ, ਉਸ ਵੇਲੇ ਮਨ ਵਿਚ ਵਿਕਾਰ ਪੈਣੇ ਸ਼ੁਰੂ ਹੋ ਜਾਂਦੇ ਹਨ। ਐਉਂ ਸਮਝ ਲਓ ਤਾਜ਼ਾ ਪਾਣੀ ਵਗ ਰਿਹਾ ਹੈ। ਵਗਦੇ ਪਾਣੀ ਵਿਚ ਕੋਈ ਵਿਕਾਰ ਪੈਦਾ ਨਹੀਂ ਹੁੰਦੇ। ਜੇ ਇਹੋ ਪਾਣੀ ਉਛਲ ਕੇ ਛੋਟੇ ਜਿਹੇ ਟੋਭੇ ਵਿਚ ਪੈ ਜਾਵੇ, ਟੋਭੜੀ ਵਿਚ ਪੈ ਜਾਵੇ ਤਾਂ ਸੂਰਜ ਦੀ ਗਰਮੀ, ਮਿੱਟੀ ਘੱਟੇ ਨਾਲ ਉਸ ਵਿਚ ਕੀੜੇ ਪੈ ਜਾਂਦੇ ਹਨ ਅਤੇ ਇਹ ਕਿਉਂ ਹੋਇਆ ਕਿਉਂਕਿ ਉਹ ਆਪਣੇ ਸ੍ਰੋਤ ਨਾਲੋਂ ਟੁੱਟ ਗਿਆ, ਉਸ ਵਿਚ ਤਾਜ਼ਗੀ ਨਾ ਰਹੀ, ਉਸ ਵਿਚ ਬੇਹਾਪਨ ਆ ਗਿਆ। ਇਸੇ ਤਰ੍ਹਾਂ ਪ੍ਰਮੇਸ਼ਰ ਸਭ ਦੀ ਜਿੰਦ ਜਾਨ ਹੈ, ਉਹ ਸਤਿ ਚਿਤ ਅਨੰਦ ਹੈ, ਸਦਾ ਹੀ ਉਸ ਵਿਚ ਖੇੜਾ ਹੈ, ਉਸ ਖੇੜੇ ਕਰਕੇ ਇਸ ਦਾ ਅੰਦਰਲਾ ਕਮਲ ਖਿੜਿਆ ਰਹਿੰਦਾ ਹੈ ਅਤੇ ਉਸ ਖੇੜੇ ਦਾ ਅਸਰ ਇਸ ਦੇ ਸਰੀਰ ਨੂੰ ਸਵੱਸਥ ਰਖਦਾ ਹੈ ਇਹ ਉਦਾਸ ਨਹੀਂ ਹੁੰਦਾ, ਢਹਿੰਦੀ ਕਲਾ ਵਿਚ ਨਹੀਂ ਆਉਂਦਾ, ਇਸ ਦੇ ਅੰਦਰ ਜੀਵਨ ਰੌਂ ਰੁਮਕਦੀ ਹੈ ਅਤੇ ਜਿਸ ਦੇ ਅੰਦਰ ਰੌਂ ਰੁਮਕਦੀ ਹੋਵੇ ਉਸ ਨੂੰ ਜਿਉਂਦਾ ਆਖਦੇ ਹਾਂ। ਜਿਸ ਅੰਦਰੋਂ ਉਹ ਜੀਵਨ ਰੌਂ ਰੁਮਕਣੀ ਬੰਦ ਹੋ ਜਾਂਦੀ ਹੈ, ਥਰਥਰਾਹਟ ਰੁਕ ਜਾਂਦੀ ਹੈ, ਉਹ ਮੁਰਦਾ ਕਿਹਾ ਜਾਂਦਾ ਹੈ। ਜਦੋਂ ਜੀਵਨ ਰੌਂ ਰੁਮਕਣੀ ਬੰਦ ਹੋ ਜਾਵੇ ਤਾਂ ਪਹਿਲਾਂ ਉਸ ਵਿਚ ਬਿਮਾਰੀਆਂ ਆਉਣਗੀਆਂ ਅਤੇ ਫੇਰ ਉਹ ਦੁਖ ਤੇ ਪੀੜਾ ਮਹਿਸੂਸ ਕਰੇਗਾ। ਸੋ ਸਾਦੇ ਲਫਜ਼ਾਂ ਵਿਚ –

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*

*ਪੰਨਾ - 135*

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥* *ਪੰਨਾ - 1256*

ਸੋ ਰੋਗ ਦਾ ਕਾਰਨ ਪ੍ਰਮੇਸ਼ਰ ਨੂੰ ਭੁਲਣਾ ਹੈ। ਜਦੋਂ ਪ੍ਰਮੇਸ਼ਰ ਚਿੱਤ ਆਉਂਦਾ ਹੈ ਉਸ ਵੇਲੇ ਵੱਡੇ ਤੋਂ ਵੱਡੇ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ। ਸੋ ਚਿੱਤ ਆਉਣ ਲਈ ਇਸ ਨੂੰ ਉਸ ਦਾ ਨਾਮ ਲਗਾਤਾਰੀ ਜਪਣਾ ਪੈਂਦਾ ਹੈ। ਜਦੋਂ ਸੁਰਤੀ ਇਸ ਰਸ ਦੇ ਵਿਚ ਲੀਨ ਹੋ ਜਾਵੇ ਤਾਂ ਇਸ ਸੁਰਤੀ ਦਾ ਖਿਚਾਓ, ਅੰਦਰ ਵਲ ਹੋ ਜਾਂਦਾ ਹੈ ਅਤੇ ਬਾਹਰੋਂ ਘਟ ਜਾਂਦਾ ਹੈ। ਇਸ ਨਾਲ ਇਸ ਦੇ ਅੰਦਰੋਂ ਲਹਿਰਾਂ ਉਠਦੀਆਂ ਹਨ, ਕੋਈ ਅਗੰਮੀ ਰਸ ਇਸ ਦੇ ਕਣ-ਕਣ ਵਿਚ ਝਰਦਾ ਮਹਿਸੂਸ ਹੁੰਦਾ ਹੈ। ਸੰਗੀਤਮਈ ਨਾਦ ਸੁਣਦੇ ਹਨ ਅਤੇ ਪ੍ਰਭੂ ਜੋਤ ਇਸ ਨੂੰ ਪ੍ਰਤੱਖ ਦਿਸਦੀ ਹੈ। ਵੈਦ ਜੀ! ਉਸ ਵੇਲੇ ਸਰੀਰ ਵਿਚ ਕੋਈ ਵੀ ਰੋਗ ਨਹੀਂ ਰਹਿੰਦਾ। ਇਸ ਦਾ ਸੁਖਾਲਾ ਪ੍ਰਯੋਗ ਨਾਮ ਦਾਨ ਇਸ਼ਨਾਨ ਦੀ ਕ੍ਰਿਆ ਵਿਚ ਹੈ।

*ਗੁਰਮੁਖਿ ਨਾਮੁ ਦਾਨੁ ਇਸਨਾਨੁ॥* *ਪੰਨਾ - 942*

ਬਾਣੀ ਵਿਚ ਐਸਾ ਫੁਰਮਾਨ ਹੈ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ॥* *ਪੰਨਾ - 611*

ਗੁਰੂ ਤੀਜੇ ਪਾਤਸ਼ਾਹ ਫੁਰਮਾਨ ਕਰਦੇ ਹਨ –

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥*

*ਪੰਨਾ - 922*

ਗੁਰੂ ਨਾਨਕ ਪਾਤਸ਼ਾਹ ਜਪੁਜੀ ਸਾਹਿਬ ਵਿਚ ਫੁਰਮਾਨ ਕਰਦੇ ਹਨ –

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥* *ਪੰਨਾ - 2*

ਆਪ ਨੇ ਪਾਧਾ ਜੀ ਨੂੰ ਕਿਹਾ ਕਿ ਜੇ ਇਸ ਸੱਚੇ ਨਾਮ ਦੀ ਭੁੱਖ ਲਗ ਜਾਵੇ ਤਾਂ ਜਿੰਨੇ ਸੰਸਾਰ ਦੇ ਦੁਖ ਹਨ ਉਸ ਨੂੰ ਇਹ ਭੁੱਖ ਖਾ ਜਾਇਆ ਕਰਦੀ ਹੈ ਅਤੇ ਆਦਮੀ ਸਦਾ ਹੀ ਸਵਸਥ ਰਹਿੰਦਾ ਹੈ, ਬਿਮਾਰੀ ਉਸ ਦੇ ਨੇੜੇ ਤੇੜੇ ਨਹੀਂ ਆਉਂਦੀ। ਸੋ ਤੁਸੀਂ ਮੇਰੀ ਨਬਜ਼ ਦੇਖਦੇ ਹੋ ਇਸ ਵਿਚੋਂ ਤੁਹਾਨੂੰ ਕੁਝ ਨਹੀਂ ਲੱਭਣਾ। ਮੈਂ ਤਾਂ ਆਪਣੇ ਪਿਆਰੇ ਦੇ ਪਿਆਰ ਵਿਚ ਚੁੱਪ ਹਾਂ। ਉਸ ਵਿਚੋਂ ਮੈਨੂੰ ਮਹਾਨ ਪ੍ਰਕਾਸ਼ ਮਹਿਸੂਸ ਹੋ ਰਿਹਾ ਹੈ, ਮੈਂ ਇਕ ਅਗੰਮੀ ਨਾਦ ਵਿਚ ਮਸਤ ਹਾਂ, ਮੈਨੂੰ ਵਿਹਲ ਹੀ ਨਹੀਂ ਕਿ ਮੈਂ ਕੋਈ ਸਰੀਰ ਦੀ ਕ੍ਰਿਆ ਕਰਾਂ। ਮੈਨੂੰ ਭੁੱਖ ਨਹੀਂ ਰਹੀ ਮੇਰੇ ਅੰਦਰੋਂ ਹੀ ਕੋਈ ਐਸਾ ਰਸ ਮਿਲ ਰਿਹਾ ਹੈ ਜੋ ਭੁੱਖ ਨੂੰ ਦੂਰ ਕਰ ਦਿੰਦਾ ਹੈ। ਆਪ ਜੀ ਦਾ ਫੁਰਮਾਨ ਹੈ–

*ਆਖਾ ਜੀਵਾ ਵਿਸਰੈ ਮਰਿ ਜਾਉ॥*
*ਆਖਣਿ ਅਉਖਾ ਸਾਚਾ ਨਾਉ॥*
*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥ ਪੰਨਾ - 9*

ਸੰਸਾਰ ਵਿਚ ਬਿਮਾਰੀ ਪ੍ਰਮੇਸ਼ਰ ਤੋਂ ਭੁੱਲ ਕੇ ਆਇਆ ਕਰਦੀ ਹੈ ਜਦੋਂ ਵਾਹਿਗੁਰੂ ਜੀ ਚਿਤ ਵਿਚ ਵਸ ਜਾਵੇ ਉਸ ਵੇਲੇ ਕੋਈ ਬਿਮਾਰੀ ਨੇੜੇ ਨਹੀਂ ਆਉਂਦੀ। ਸੋ ਐਸੇ ਸੁਨਿਹਰੀ ਅਸੂਲ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਸਹਿਜ ਨਾਲ ਹੀ ਦੱਸੇ ਜਿਨ੍ਹਾਂ ਦਾ ਪ੍ਰਯੋਗ ਕਰਕੇ ਅਸੀਂ ਬਿਮਾਰੀਆਂ ਤੋਂ ਬਚ ਸਕਦੇ ਹਾਂ। ਸੁਖਮਨੀ ਸਾਹਿਬ ਵਿਚ ਗੁਰੂ ਪੰਜਵੇਂ ਪਾਤਸ਼ਾਹ ਨੇ ਸਾਰੇ ਦੁਖਾਂ ਦਾ ਇਲਾਜ ਨਾਮ ਦਸਿਆ ਹੈ–

(ਬਾਕੀ ਪੰਨਾ 25 ਤੇ)

## ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਵਾਲਸਲ (K.T.C.E. Oil) ਇੰਗਲੈਂਡ ਵਾਲਿਆਂ ਦੇ ਘਰ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਸਾਹਿਬਾਨ ਵਲੋਂ ਲਈ ਗਈ ਇੰਟਰਵਿਊ ਦਾ ਵੇਰਵਾ

*(ਲੜੀ ਜੋੜਨ ਲਈ ਵੇਖੋ ਅਕਤੂਬਰ ਅੰਕ, ਪੰਨਾ - 39)*

ਦੂਜਾ ਪ੍ਰਸ਼ਨ - ਰਤਵਾੜਾ ਸਾਹਿਬ ਕਿਸੇ ਨਗਰ ਦਾ ਨਾਮ ਹੈ ਜਾਂ ਰਾੜਾ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਇਸ ਦੇ ਨਾਮ ਨਾਲ ਮਿਲਦਾ ਜੁਲਦਾ ਨਵਾਂ ਅਸਥਾਨ ਸਥਾਪਿਤ ਕੀਤਾ?

ਉਤਰ - ਰਤਵਾੜਾ ਪਿੰਡ ਮੁਲਾਂਪੁਰ ਗਰੀਬਦਾਸ ਤੋਂ ਇਕ ਕਿਲੋਮੀਟਰ ਦੂਰੀ 'ਤੇ ਹੈ। ਜਦੋਂ ਸੰਗਤ ਇਸ ਖਿਆਲ ਦੇ ਵਿਚ ਸੀ ਕਿ ਕੋਈ ਸੈਂਟਰਲ ਪੁਆਇੰਟ ਬਣਾਇਆ ਜਾਵੇ ਜਿਥੇ ਅਸੀਂ ਇਕੱਠੇ ਹੋ ਸਕੀਏ। ਕਿਉਂਕਿ ਮੈਂ ਤਾਂ ਆਪਣੀ ਕੋਠੀ ਵਿਚ ਰਹਿੰਦਾ ਹਾਂ, ਉਥੇ ਐਨਾ ਥਾਉਂ ਨਹੀਂ ਹੈ ਜਿਥੇ ਅਸੀਂ ਇਕੱਠੇ ਹੋ ਜਾਈਏ, ਦੂਸਰਾ ਮੈਂ ਕੋਈ ਡੇਰਾ ਬਣਾਉਣਾ ਨਹੀਂ ਸੀ ਚਾਹੁੰਦਾ। ਇਥੇ ਇਹੀ ਹਰਪਾਲ ਸਿੰਘ ਬੈਠਾ ਸੀ, ਹੋਰ ਬੈਠੇ ਸੀ, ਉਹ ਜ਼ਮੀਨਾਂ ਦੇਖਦੇ ਸੀ। ਮੇਰੇ ਮੂੰਹੋਂ ਨਿਕਲ ਗਿਆ ਕਿ ਘੱਟ ਤੋਂ ਘੱਟ 10 ਏਕੜ ਜ਼ਮੀਨ ਹੋਵੇ ਕਿਉਂਕਿ ਐਨੇ ਟਰੱਕ, ਐਨੀਆਂ ਟਰਾਲੀਆਂ ਆਉਣੀਆਂ ਨੇ ਖੜ੍ਹਨ ਨੂੰ ਥਾਉਂ ਨਹੀਂ ਰਹਿਣਾ, ਸ਼ਹਿਰ ਤੋਂ ਲਾਂਭੇ ਬਣਾਓ। ਸੋ ਪਿੰਡ ਰਤਵਾੜੇ ਦੇ ਲੋਕਾਂ ਨੇ ਆਪਣੀ ਜ਼ਮੀਨ ਦੇਣੀ ਪ੍ਰਵਾਨ ਕਰ ਦਿਤੀ ਕਿ ਸਾਡੀ ਜ਼ਮੀਨ ਦੇ ਵਿਚ ਬਣਾ ਲਓ। ਉਹ ਜ਼ਮੀਨ ਨਦੀ ਦਾ ਬੈਡ ਸੀ, ਮੈਨੂੰ ਨਹੀਂ ਸੀ ਪਤਾ ਇਸ ਗੱਲ ਦਾ। ਮੈਂ ਮੰਨ ਗਿਆ। ਸੋ ਉਹ ਰਤਵਾੜਾ ਪਿੰਡ ਹੈ, ਆਪਣੇ ਆਪ ਹੀ ਉਸ ਇਲਾਕੇ ਨੇ, ਕਿਉਂਕਿ ਇਥੇ ਸਾਹਿਬ ਆ ਗਿਆ, ਗੁਰੂ ਗ੍ਰੰਥ ਸਾਹਿਬ ਇਸ ਵੇਲੇ ਮੌਜੂਦਾ ਗੁਰੂ ਨੇ। ਜਿਥੇ ਮੌਜੂਦਾ ਗੁਰੂ ਆ ਜਾਵੇ ਉਹ ਥਾਂ ਸਾਹਿਬ ਹੋ ਜਾਂਦੀ ਹੈ। ਉਨ੍ਹਾਂ ਲੋਕਾਂ ਨੇ ਅਦਬ ਦੇ ਨਾਲ ਇਸ ਨੂੰ ਰਤਵਾੜਾ ਸਾਹਿਬ ਕਹਿਣਾ ਸ਼ੁਰੂ ਕਰ ਦਿਤਾ। ਜਦੋਂ ਕੋਈ ਪੁਛਦਾ ਹੈ ਕਿ ਮੈਂ ਰਤਵਾੜੇ ਜਾਣੈ? ਤਾਂ ਪਿੰਡ ਵਾਲੇ ਕਹਿੰਦੇ ਨੇ ਰਤਵਾੜਾ ਤਾਂ ਹੈਗਾ ਆਹੀ ਤੇ ਰਤਵਾੜਾ ਸਾਹਿਬ ਓਹ ਹੈ। ਮੈਨੂੰ ਵੀ ਪੁਛਿਆ ਕਈਆਂ ਨੇ ਕਿ ਰਤਵਾੜਾ ਸਾਹਿਬ ਨਾਮ ਕਿਵੇਂ ਪੈ ਗਿਆ। ਮੈਂ ਕਿਹਾ ਜਿਸ ਦਿਨ ਤੋਂ ਗੁਰੂ ਗ੍ਰੰਥ ਸਾਹਿਬ ਆਏ ਨੇ, ਅਖੰਡਪਾਠ, ਕੀਰਤਨ ਚੱਲ ਰਹੇ ਨੇ, ਨਾਮ ਅਭਿਆਸ ਚਲ ਰਹੇ ਨੇ, 24 ਘੰਟੇ ਚਲ ਰਹੇ ਨੇ ਤਾਂ ਜਗ੍ਹਾ ਸਾਫ ਹੋਣੀ ਹੀ ਹੈ। ਗੁਰਦੁਆਰੇ ਦਾ ਨਾਉਂ ਤਾਂ ਈਸ਼ਰ ਪ੍ਰਕਾਸ਼ ਹੈ, ਲੇਕਿਨ ਉਹ ਲੋਕਾਂ ਆਪਣੇ ਆਪ ਹੀ ਉਸ ਜਗ੍ਹਾ ਨੂੰ ਰਤਵਾੜਾ ਸਾਹਿਬ ਬਣਾ

ਦਿਤਾ। ਜਦੋਂ ਹੁਣ ਲੋਕਾਂ ਨੇ ਸਾਹਿਬੀ ਬਣਾ ਦਿਤੀ, ਸਾਡੀ ਤਾਕਤ ਨਹੀਂ ਕਿ ਅਸੀਂ ਉਨ੍ਹਾਂ ਦੀ ਸਾਹਿਬੀ ਹਟਾ ਦੇਈਏ।

ਤੀਜਾ ਪ੍ਰਸ਼ਨ - ਜਿਵੇਂ ਪੁਰਾਤਨ ਸਮੇਂ ਵਿਚ ਵੀ ਅਨੇਕਾਂ ਮਹਾਂਪੁਰਸ਼ ਹੋਏ ਹਨ, ਪਰੰਤੂ ਗੁਰੂ ਮਹਾਰਾਜ ਨਾਲ ਸਬੰਧਿਤ ਨਗਰਾਂ ਤੋਂ ਬਿਨਾਂ ਸਾਹਿਬ ਸ਼ਬਦ ਦੀ ਵਰਤੋਂ ਘੱਟ ਹੀ ਹੁੰਦੀ ਸੀ। ਹੋਤੀ ਮਰਦਾਨ, ਔਰੰਗਾਬਾਦ, ਹਰਖੋਵਾਲ, ਮਸਤੂਆਣਾ, ਰਾਮਪੁਰ ਖੇੜਾ ਆਦਿ ਜਗ੍ਹਾ 'ਤੇ ਮਹਾਂਪੁਰਸ਼ ਹੋਏ, ਹਨ, ਇਨ੍ਹਾਂ ਅਸਥਾਨਾਂ ਦਾ ਵੀ ਪੰਥ ਵਿਚ ਸਤਿਕਾਰਯੋਗ ਦਰਜਾ ਰਿਹਾ ਹੈ। ਪਰੰਤੂ ਇਨ੍ਹਾਂ ਨਗਰਾਂ ਨਾਲ ਵੀ ਸਾਹਿਬ ਨਹੀਂ ਲਗਦਾ ਰਿਹਾ। ਕੀ ਰਤਵਾੜਾ ਸਾਹਿਬ, ਰਾੜਾ ਸਾਹਿਬ, ਬੜੂ ਸਾਹਿਬ ਊਨਾ ਸਾਹਿਬ ਦੀ ਪ੍ਰਾਪਤੀ ਯੋਗ ਹੈ? ਕੱਲ੍ਹ ਨੂੰ ਜਵੱਦੀ, ਲੂਲੋਂ ਆਦਿ ਨਾਲ ਵੀ ਜ਼ਰੂਰ ਸਾਹਿਬ ਲੱਗੇਗਾ। ਕੀ ਇਹ ਚੰਗੀ ਰਵਾਇਤ ਹੈ? ਇਹਦੇ ਬਾਰੇ ਤੁਹਾਡੇ ਕੀ ਵਿਚਾਰ ਨੇ?

ਉਤਰ - ਇਹਦੇ ਬਾਰੇ ਮੈਂ ਦੱਸ ਹੀ ਚੁੱਕਿਆ ਹਾਂ ਕਿਉਂਕਿ ਮੇਰਾ ਵਿਸ਼ਵਾਸ਼ ਇਹ ਹੈ ਕਿ ਜਿਥੇ ਗੁਰੂ ਹੋਏ ਨੇ ਉਥੇ ਸਾਹਿਬ ਕਹਿੰਦੇ ਨੇ। ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਕਹਿਣ ਵਾਸਤੇ ਤਾਂ ਗੁਰੂ ਕਹਿੰਦੇ ਹਾਂ, ਲੇਕਿਨ ਇਹਦਾ ਜਿਹੜਾ ਅਦਬ ਹੈ ਉਹ ਗੁਰੂ ਵੀ ਕਹਿੰਦੇ ਨੇ ਕਿ ਸਾਡੇ ਨਾਲੋਂ ਜੋ ਬਾਣੀ ਹੈ ਉਹ ਉਚੀ ਹੈ। ਗੁਰੂ ਪੰਜਵੇਂ ਪਾਤਸ਼ਾਹ ਨੇ ਬਾਣੀ ਦਾ ਅਦਬ ਕਰਨ ਵਾਸਤੇ ਆਪ ਜਦੋਂ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤੇ, ਉਸ ਤੋਂ ਬਾਅਦ ਐਸਾ ਕਿਹਾ ਜਾਂਦਾ ਹੈ ਕਿ ਉਹ ਧਰਤੀ ਤੇ ਬਿਰਾਜੇ। ਜੋ ਅਸਲੀ ਸਾਹਿਬੀ ਹੈ ਉਹ ਕੋਲ ਹੈ। ਸ਼ਬਦ ਨਾਲ ਜੋ ਸਾਹਿਬੀ ਹੈ ਉਹ ਰਹਿਣੀ ਹੀ ਹੈ, ਉਥੇ ਨਾ ਕਿਸੇ ਬਣਾਇਆ ਹੈ, ਨਾ ਕਿਸੇ ਕੁਛ ਲਿਖਾਇਆ ਹੈ, ਨਾ ਅਸੀਂ ਲਿਖਿਆ ਹੈ, ਉਥੇ ਤਾਂ ਆਪਣੇ ਆਪ ਹੀ ਲੋਕਾਂ ਦੇ ਮੂੰਹ ਤੇ ਚੜ੍ਹ ਗਿਆ। ਪਹਿਲਾਂ ਮੈਨੂੰ ਰਾੜੇ ਵਾਲੇ ਸੰਤ ਕਹਿੰਦੇ ਸੀ। ਮੈਨੂੰ ਨਹੀਂ ਪਤਾ ਕਿਹਨੇ ਚਲਾ ਦਿਤਾ। ਕਹਿੰਦੇ ਬੱਚੇ ਸੀ। ਜਦੋਂ ਮੈਂ ਜਾਣਾ, ਕਿਤੇ ਕਾਰ ਲੈ ਕੇ, ਕਹਿਣਾ ਰਾੜੇ ਵਾਲੇ ਸੰਤ ਜਾ ਰਹੇ ਨੇ। ਜਦੋਂ ਇਹ ਬਣਿਆ, ਉਸ ਵੇਲੇ ਹੀ ਇਹਦਾ ਨਾਉਂ ਰਤਵਾੜਾ ਸਾਹਿਬ ਬਣਾ ਦਿਤਾ। ਕਿਸੇ ਨੇ ਬਣਾਇਆ ਨਹੀਂ, ਨਾ ਕਿਸੇ ਨੇ ਕਾਗਜ਼ਾਂ 'ਚ ਕਿਹਾ ਹੈ। ਜਦੋਂ ਸਾਰੀ ਜਨਤਾ ਹੀ ਇਹ ਗੱਲ ਕਹਿੰਦੀ ਹੈ, ਤਾਂ ਜੇ ਅਸੀਂ ਕਹਿੰਦੇ ਹਾਂ ਕਿ ਇਹਨੂੰ ਸਾਹਿਬ ਨਾ ਕਹੋ, ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਡਰਦੇ ਹਾਂ ਕਿ ਸਾਹਿਬ ਤਾਂ ਬੈਠਾ ਹੈ। ਅਸੀਂ ਉਹਦੀ ਸਾਹਿਬੀ ਕਿਵੇਂ ਹਟਾਈਏ? ਇਹ ਤਾਂ ਗੁਰੂ ਗ੍ਰੰਥ ਸਾਹਿਬ ਜਿਥੇ ਹੋਣ ਉਥੇ ਸਾਹਿਬੀ ਆਉਣੀ ਹੀ ਆਉਣੀ ਹੈ। ਇਹ ਕਿਸੇ ਸੰਤ ਨਾਲ ਨਹੀਂ ਸਬੰਧ ਰਖਦੀ, ਗੁਰੂ ਨਾਲ ਰੱਖਦੀ ਹੈ। ਜੇ ਤੁਸੀਂ ਮੈਨੂੰ ਕਹੋ, ਮੈਂ ਤਾਂ ਮੋਹਾਲੀ ਰਹਿੰਦਾ ਹਾਂ, ਮੈਂ ਤਾਂ ਉਥੇ ਰਹਿੰਦਾ

ਹੀ ਨਹੀਂ। ਸਾਡਾ ਨਿਸ਼ਚਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਾਰੇ ਗੁਰੂ ਝੁਕੇ ਨੇ, ਜਦ ਗੁਰੂ ਦਸਵੇਂ ਪਾਤਸ਼ਾਹ ਨੇ ਮਸਤਕ ਨਿਵਾ ਦਿਤਾ, ਜੇ ਅਸੀਂ ਇਹਨੂੰ ਲੜੀਵਾਰ ਵੀ ਲਈਏ ਤਾਂ ਗੁਰੂ ਅੰਗਦ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਝੁਕੇ। ਗੁਰੂ ਅੰਗਦ ਸਾਹਿਬ ਤੀਸਰੇ, ਚੌਥੇ, ਪੰਜਵੇਂ ਇਸ ਤਰ੍ਹਾਂ ਚਲਦਾ ਚਲਦਾ ਗੁਰੂ ਦਸਵੇਂ ਪਾਤਸ਼ਾਹ ਜਿਹੜੇ ਮਹਾਨ ਗੁਰੂ ਸੰਸਾਰ ਦੇ ਅੰਦਰ ਪ੍ਰਸਿੱਧ ਨੇ, ਉਹ ਜੇ ਕਿਸੇ ਨੂੰ ਝੁਕੇ ਤਾਂ ਪੰਜ ਪੈਸੇ ਨਾਰੀਅਲ ਲੈ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਝੁਕੇ। ਸੋ ਜਦੋਂ ਉਸ ਗੁਰੂ ਦੇ ਅੱਗੇ ਝੁਕੇ ਤਾਂ ਇਸ ਗੁਰੂ ਦੀ ਮਹਾਨਤਾ ਬਹੁਤ ਵੱਡੀ ਹੈ, ਜਿਹੜੀ ਸਾਨੂੰ ਸਮਝ ਲੈਣੀ ਚਾਹੀਦੀ ਹੈ। ਇਹ ਜੋ ਸਵਾਲ ਹੈ ਇਹ ਇਕ ਐਵੇਂ ਕਿੰਤੂ ਹੈ, ਲੇਕਿਨ ਜੋ ਸਾਡਾ ਨਿਸ਼ਚਾ ਹੈ ਉਹ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਸਾਹਿਬ ਹੈ, ਉਹ ਸਾਹਿਬ ਨੇ ਆਪਣਾ ਨਾਮ ਆਪੇ ਰਤਵਾੜਾ ਸਾਹਿਬ ਪੁਆ ਲਿਆ ਤੇ ਗੁਰਦੁਆਰਾ ਤਾਂ ਈਸ਼ਰ ਪ੍ਰਕਾਸ਼ ਹੈ।

ਮੈਂ ਇਕ ਹੋਰ ਚਾਹੁੰਦਾ ਸੀ, ਮੇਰੇ ਘਰੋਂ ਚਾਹੁੰਦੇ ਸੀ ਕਿ ਇਹ ਸਾਹਿਬ ਨਾਮ ਕਿਉਂ ਪੈਂਦਾ ਜਾਂਦਾ ਹੈ। ਮੈਨੂੰ ਆਪਣੇ ਆਪ ਹੀ ਇਹਦਾ ਜਵਾਬ ਆਇਆ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ 'ਸਾਹਿਬ' ਨਹੀਂ ਮੰਨਦੇ। ਉਹਨੂੰ ਛੋਟਾ ਮੰਨ ਰਹੇ ਹਾਂ। ਜਦੋਂ ਗੁਰੂ ਗ੍ਰੰਥ ਸਾਹਿਬ ਅੱਗੇ ਸਾਰੇ ਗੁਰੂ ਝੁਕ ਗਏ, ਜਿਥੇ ਉਹਦਾ ਵਾਸਾ ਹੈ ਉਹ ਸਾਹਿਬ ਹੈ। ਕੋਈ ਕਹਿੰਦਾ ਹੈ ਦੂਜਿਆਂ ਨੂੰ ਸਾਹਿਬ, ਨਹੀਂ ਕਹਿੰਦਾ ਨਾ ਕਹੇ, ਸਾਡੇ ਤਾਂ ਸਾਰਿਆਂ ਨੇ ਸਾਹਿਬ ਕਹਿਣਾ ਸ਼ੁਰੂ ਕਰ ਦਿਤਾ। ਅਸੀਂ ਨਹੀਂ ਹਟਾ ਸਕਦੇ। ਮੇਰਾ ਖਿਆਲ ਹੈ ਕਾਗਜ਼ਾਂ ਵਿਚ ਸਾਹਿਬ ਆ ਗਿਆ ਹੋਣਾ।

ਚੌਥਾ ਪ੍ਰਸ਼ਨ – ਬਾਬਾ ਜੀ! ਇਹ ਸਵਾਲ ਮੈਂ ਤਾਂ ਪੁੱਛ ਰਿਹਾ ਹਾਂ ਕਿ ਕਈ ਐਸੇ ਲੋਕ ਵੀ ਹੁੰਦੇ ਨੇ ਜਿਹੜੇ ਸਾਮ੍ਹਣੇ ਗੱਲ ਨਹੀਂ ਕਰਦੇ, ਮੀਡੀਏ ਦਾ ਫਰਜ਼ ਬਣਦਾ ਹੈ ਕਿ ਹਰ ਤਰ੍ਹਾਂ ਦਾ ਸਵਾਲ ਪੁੱਛਿਆ ਜਾਵੇ ਤਾਂ ਕਿ ਲੋਕਾਂ ਦਾ ਜੇ ਕੋਈ ਵਹਿਮ ਹੈ ਤਾਂ ਉਹ ਦੂਰ ਹੋ ਸਕੇ। ਗੁਰਦੁਆਰੇ ਗੁਰੂ ਸਾਹਿਬਾਂ ਦੇ ਨਾਮ ਅਸੀਂ ਸੁਣਦੇ ਹਾਂ, ਜਾਂ ਫੇਰ ਸਿੰਘ ਸਭਾ ਗੁਰਦੁਆਰੇ ਬਣਨ ਦੀ ਰਵਾਇਤ ਸ਼ੁਰੂ ਹੋਈ, ਰਾੜਾ ਸਾਹਿਬ ਗੁਰਦੁਆਰੇ ਦਾ ਨਾਮ ਗੁਰਦੁਆਰਾ ਕਰਮਸਰ ਹੈ। ਰਤਵਾੜਾ ਸਾਹਿਬ ਵਿਖੇ ਗੁਰਦੁਆਰੇ ਦਾ ਨਾਮ ਗੁਰਦੁਆਰਾ ਈਸ਼ਰ ਪ੍ਰਕਾਸ਼ ਹੈ। ਗੁਰਦੁਆਰਾ ਈਸ਼ਰ ਪ੍ਰਕਾਸ਼ ਤਾਂ ਕਈ ਥਾਈਂ ਸਥਾਪਿਤ ਹੋ ਚੁੱਕੇ ਹਨ। ਇਹ ਰੁਝਾਨ ਕਿਥੋਂ ਤੱਕ ਠੀਕ ਹੈ?

ਉਤਰ – ਕਿਉਂਕਿ ਅਸੀਂ ਮਹਾਂਪੁਰਸ਼ਾਂ ਨੂੰ ਪਿਆਰ ਕਰਦੇ ਹਾਂ। ਆਪਣੇ ਬਾਪ ਦੇ ਨਾਮ ਤੇ ਲੋਕ ਵੱਡੀਆਂ-ਵੱਡੀਆਂ ਯਾਦਗਾਰਾਂ ਬਣਾ ਦਿੰਦੇ ਹਨ। ਸਾਨੂੰ ਜਿਹਨੇ

ਰੂਹਾਨੀ ਰਾਹ ਦਿਖਾਇਆ, ਜਿਹਨੇ ਸਾਨੂੰ ਸਹੀ ਰਸਤੇ ’ਤੇ ਤੋਰਿਆ ਤੇ ਉਨ੍ਹਾਂ ਦੀ ਯਾਦ ਵਾਸਤੇ ਅਸੀਂ ਤਾਂ ਗੇਟ ਵੀ ਬਣਾਇਆ ਹੈ, ਉਹ ਵੀ ਉਨ੍ਹਾਂ ਦੇ ਨਾਮ ’ਤੇ ਹੈ। ਸੜਕ ਹੈ ਉਹ ਵੀ ਈਸ਼ਰ ਮਾਰਗ ਹੈ ਤੇ ਇਹ ਵੀ ਈਸ਼ਰ ਪ੍ਰਕਾਸ਼ ਹੈ। ਸੋ ਬਾਕੀ ਜੋ ਅਸੀਂ ਬਾਣੀ ਦੇ ਹਿਸਾਬ ਨਾਲ ਰਹੀਏ ਤਾਂ ਸੰਤ ਤੇ ਰੱਬ ਦੇ ਵਿਚ ਕੋਈ ਭੇਦ ਨਹੀਂ।

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥ ਅੰਗ - 5*

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ - 707*

ਸੋ ਅਸੀਂ ਜਿਹਨੂੰ ਪਿਆਰ ਕਰਦੇ ਹਾਂ ਉਹਦੇ ਨਾਮ ’ਤੇ ਬਣਾਇਆ ਹੈ। ਗੁਰੂਆਂ ਦੇ ਨਾਉਂ ’ਤੇ ਗੁਰਦੁਆਰੇ ਜਿਹੜੇ ਹੈਗੇ, ਉਹ ਸਾਰੇ ਉਹ ਨੇ ਜਿਥੇ ਗੁਰੂ ਸਾਹਿਬ ਆਪ ਜਾ ਕੇ ਬੈਠੇ ਨੇ, ਅਸੀਂ ਇਹ ਭੁਲੇਖਾ ਨਹੀਂ ਸੀ ਪਾਉਣਾ ਚਾਹੁੰਦੇ ਤੇ ਉਹ ਭੁਲੇਖਾ ਨਾ ਪਾਉਣ ਕਰਕੇ ਅਸੀਂ ਮਹਾਂਪੁਰਸ਼ਾਂ ਦੀ ਯਾਦ ਵਿਚ ਬਣਾਇਐ। ਯਾਦ ਵਿਚ ਅਨੇਕਾਂ ਚੀਜ਼ਾਂ ਬਣਦੀਆਂ ਨੇ। ਸਕੂਲ ਬਣਦੇ ਨੇ, ਪੰਜਾਬ ਵਿਚ ਆਪਣੇ ਹਰ ਥਾਂ ਦੇ ਉਤੇ ਹੈਗੇ। ਉਨ੍ਹਾਂ ਮਹਾਂਪੁਰਸ਼ਾਂ ਨੇ ਬਚਪਨ ਤੋਂ ਲੈ ਕੇ ਆਖਰੀ ਸੁਆਸ ਤੱਕ ਗੁਰਬਾਣੀ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਹੈ। ਸੋ ਉਨ੍ਹਾਂ ਦੀ ਮਾਨਤਾ ਵਾਸਤੇ ਜੇ ਅਸੀਂ ਨਾਉਂ ਰੱਖ ਲੈਂਦੇ ਹਾਂ। ਸਾਨੂੰ ਪ੍ਰੇਰਨਾ ਮਿਲਦੀ ਹੈ। ਦੂਸਰਾ ਹੈ ਅਸੀਂ ਸਿੰਘ ਸਭਾ ਵਗੈਰਾ ਕਿਉਂ ਨਹੀਂ ਰੱਖਿਆ। ਉਹ ਇਹ ਹੈ ਕਿ ਅਸੀਂ ਟਰੱਸਟ ਬਣਾਇਆ ਹੈ, ਟਰੱਸਟ ਦਾ ਨਾਉਂ ਹੈ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ। ਅਸੀਂ ਸਾਰੇ ਵਿਸ਼ਵ ਨੂੰ ਆਪਣੇ ਘੇਰੇ ’ਚ ਲੈ ਕੇ ਪ੍ਰਚਾਰ ਕਰਨਾ ਚਾਹੁੰਦੇ ਹਾਂ, ਕਿਉਂਕਿ ਸਾਡਾ ਨਿਸ਼ਚਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਕਿਸੇ ਦੀ ਆਪਣੀ ਮਲਕੀਅਤ ਨਹੀਂ ਹਨ, ਗੁਰੂ ਨਾਨਕ ਸਾਹਿਬ ਦੇ ਸਿਧਾਂਤ ਨੇ ਉਹ ਕਿਸੇ ਦੀ ਮਲਕੀਅਤ ਨਹੀਂ ਹੈ, ਉਹ ਸਾਰੇ ਵਿਸ਼ਵ ਦੇ ਸਾਂਝੇ ਨੇ। ਅਸੀਂ ਸਾਰੇ ਵਿਸ਼ਵ ਨੂੰ ਦੇਣਾ ਚਾਹੁੰਦੇ ਹਾਂ। ਇਸ ਕਰਕੇ ਅਸੀਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨਾਉਂ ਰੱਖ ਕੇ, ਉਹਦੇ ’ਚੋ ਨਿਜੀ ਮਾਲਕੀ ਸਭ ਦੀ ਕੱਢ ਦਿਤੀ। ਟਰੱਸਟ ਬਣ ਗਿਆ ਤੇ ਸੈਂਕੜੇ ਹੀ ਬੰਦੇ ਉਹਦੇ ਮੈਂਬਰ ਨੇ। ਸਲਾਹਕਾਰ ਕਮੇਟੀਆਂ ਨੇ। ਉਹ ਇਹੀ ਵਜ੍ਹਾ ਹੈ ਕਿ ਸਾਡਾ ਜੋ ਇਕੱਠ ਹੁੰਦਾ ਹੈ ਧਾਰਮਿਕ ਦੀਵਾਨ ਦਾ, ਅੱਜ ਤੱਕ ਹੋਇਆ ਨਹੀਂ ਕਿਤੇ ਵੀ, ਸਾਡਾ ਇਕ ਹਜ਼ਾਰ ਫੁੱਟ ਲੰਬਾ ਪੰਡਾਲ ਤੇ ਢਾਈ ਸੌ ਫੁੱਟ ਚੌੜਾ ਪੰਡਾਲ ਤੇ 120 ਟੈਲੀਵੀਜ਼ਨਾਂ ਉਥੇ ਲਗ ਜਾਣੀਆਂ ਇਸ ਗੱਲ ਦਾ ਸੂਚਕ ਨੇ ਕਿ ਕਿਵੇਂ ਲੋਕ ਪਿਆਰ ਕਰਕੇ ਇਕ

(ਬਾਕੀ ਪੰਨਾ 41 ਤੇ)

(ਪੰਨਾ 20 ਦੀ ਬਾਕੀ)

***ਸਰਬ ਰੋਗ ਕਾ ਅਉਖਦੁ ਨਾਮੁ॥*** ***ਪੰਨਾ - 274***

ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ –

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥*** ***ਪੰਨਾ - 259***

ਆਪ ਨੇ ਦਸਿਆ ਕਿ ਦੁਖਾਂ, ਕਲੇਸ਼ਾਂ ਸਭਨਾਂ ਚੀਜ਼ਾਂ ਦਾ ਜੋ ਇਲਾਜ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ। ਆਪ ਜੀ ਨੇ ਬੇਅੰਤ ਹੋਰ ਤਰੀਕਿਆਂ ਨਾਲ ਸੰਸਾਰ ਨੂੰ ਫੋਕਟ ਕਰਮਾਂ ਵਿਚੋਂ ਕੱਢਿਆ। ਜੇ ਮਸਜਿਦ ਵਿਚ ਨਵਾਬ ਦੌਲਤ ਖਾਨ ਨਾਲ ਨਮਾਜ਼ ਪੜ੍ਹਨ ਗਏ ਉਥੇ ਦਸਿਆ ਕਿ ਨਵਾਬ ਸਾਹਿਬ ਤੂੰ ਤਾਂ ਘੋੜੇ ਖਰੀਦਣ ਗਿਆ ਹੋਇਆ ਸੀ ਅਤੇ ਕਾਜ਼ੀ ਨੂੰ ਦਸਿਆ ਕਿ ਤੁਸੀਂ ਨਵਜਾਈ ਵਛੇਰੀ ਨੂੰ ਖੂਹ ਵਿਚ ਗਿਰਨ ਤੋਂ ਮੋੜਦੇ ਰਹੇ। ਤੁਹਾਡੀ ਨਮਾਜ਼ ਦਿਖਾਵੇ ਦੀ ਸੀ, ਇਹ ਅੱਲਾਹ ਦੇ ਦਰ 'ਤੇ ਪ੍ਰਵਾਨ ਨਹੀਂ ਹੁੰਦੀ ਕਿਉਂਕਿ ਤੁਹਾਡਾ ਜੋ ਨਮਾਜ਼ ਪੜ੍ਹਨ ਦਾ ਮੰਤਵ ਸੀ ਉਹ ਸੀ ਅੱਲਾਹ ਤਾਲਾਹ ਨਾਲ ਜੁੜਨਾ ਪਰ ਤੁਸੀਂ ਉਸ ਨੂੰ ਛੱਡ ਕੇ ਕੇਵਲ ਅੱਖਰ ਗਿਣੇ ਹਨ, ਮਨ ਤੁਹਾਡਾ ਬਾਹਰ ਫਿਰਦਾ ਰਿਹਾ। ਸੋ ਆਪ ਨੇ ਪੰਜ ਨਮਾਜ਼ਾਂ ਪੜ੍ਹਨ ਦਾ ਪੂਰੀ ਤਰ੍ਹਾਂ ਤਰੀਕਾ ਦਸਿਆ।

ਇਸ ਤਰ੍ਹਾਂ ਜਦੋਂ ਆਪ ਮੋਦੀ ਦੇ ਕਿਰਤ ਕਰਦੇ ਹਨ ਉਸ ਵੇਲੇ ਆਪ ਨੇ ਪ੍ਰਤੱਖ ਰੂਪ ਵਿਚ ਦਿਖਾ ਦਿਤਾ ਕਿ ਪ੍ਰਮੇਸ਼ਰ ਦੇ ਨਾਮ ਤੇ ਕੀਤਿਆਂ ਕ੍ਰਿਤ ਵਿਚ ਕਦੇ ਘਾਟਾ ਨਹੀਂ ਪੈਂਦਾ। ਆਪ ਨੇ ਤੇਰ੍ਹਵੀਂ ਧੜੀ ਤੋਲਣ ਲਈ ਤੇਰਾ-ਤੇਰਾ ਕਹਿ ਕੇ ਤੋਲਣਾ ਸ਼ੁਰੂ ਕਰ ਦਿਤਾ। ਨਵਾਬ ਪਾਸ ਸ਼ਿਕਾਇਤ ਪਹੁੰਚੀ ਕਿ ਨਾਨਕ ਤਾਂ ਤੇਰਾ-ਤੇਰਾ ਕਰਕੇ ਬੋਰੀਆਂ ਭਰੀ ਜਾ ਰਿਹਾ ਹੈ, ਚੌਂਦਵੀਂ ਧੜੀ ਦਾ ਨਾਮ ਹੀ ਨਹੀਂ ਲੈਂਦਾ। ਨਵਾਬ ਨੇ ਜਦੋਂ ਹਿਸਾਬ ਕੀਤਾ ਤਾਂ ਗੁਰੂ ਨਾਨਕ ਪਾਤਸ਼ਾਹ ਦਾ 700 ਤੋਂ ਜ਼ਿਆਦਾ ਦਾ ਵਾਧਾ ਨਿਕਲਿਆ। ਉਸ ਵੇਲੇ ਦਾ ਵਾਧਾ ਅੱਜ ਦੇ ਇਕ ਲੱਖ ਪੰਜ ਹਜ਼ਾਰ ਦੇ ਬਰਾਬਰ ਹੈ। ਮਹਾਰਾਜ ਜੀ ਨੇ ਸ਼ੁਧ ਕਿਰਤ ਕਰਨ ਦੀ ਜਾਚ ਦਸੀ, ਸਹੀ ਤੋਲਣੀ ਦੀ ਜਾਚ ਦੱਸੀ।

ਆਪ ਨੇ ਪ੍ਰਮੇਸ਼ਰ ਦੀ ਹੋਂਦ ਸਭਨਾਂ ਦੇ ਮਨ ਵਿਚ ਵਸਾਈ। ਗੁਰੂ ਮਹਾਰਾਜ ਜੀ ਭੇਖਾਂ ਵਿਚ ਛੁਪੀ ਹੋਈ ਬੁਰਿਆਈ ਨੂੰ ਸਾਮ੍ਹਣੇ ਲਿਆਏ, ਉਨ੍ਹਾਂ ਨੇ ਸੱਚ ਦਾ ਜਨੇਊ ਪਹਿਨਣ ਦੀ ਜਾਂਚ ਦੱਸੀ, ਕਿਸੇ ਵੀ ਭਰਮ ਤੇ ਭੇਖ ਨੂੰ ਆਪ ਨੇ ਨਹੀਂ ਅਪਣਾਇਆ। ਫੋਕੇ ਕਰਮਕਾਂਡਾਂ ਦੇ ਵਿਚੋਂ ਕੱਢ ਕੇ 'ਸਤਿਨਾਮ' ਨਾਲ ਜੋੜਿਆ।

ਆਪ ਜੀ ਬਗਦਾਦ ਗਏ, ਕਾਹਬਾ ਸ਼ਰੀਫ ਗਏ, ਸੁਮੇਰ ਪਰਬਤ ਤੇ ਸਿਧਾਂ ਨੂੰ ਮਿਲੇ ਅਤੇ ਆਪ ਨੇ ਆਪਣਾ ਮਤ ਨਿਰਾਲਾ ਕਰਕੇ ਦਸਿਆ ਅਤੇ ਕਿਹਾ ਕਿ ਪ੍ਰਮੇਸ਼ਰ ਨੂੰ ਮਿਲਣ ਦਾ ਰਾਹ 'ਕਲਜੁੱਗ ਵਿਚ "ਨਾਨਕ ਨਾਮ ਸੁਖਾਲਾ" ਹੈ। ਆਪ ਨੇ ਹਠ ਯੋਗ, ਰਾਜ ਯੋਗ ਅਤੇ ਹੋਰ ਤਪ ਵਗੈਰਾ ਬਾਰੇ ਦਸਦਿਆਂ ਸਭ ਤੋਂ ਸੁਖੈਨ ਮਾਰਗ ਨਾਮ ਦਾ ਦਸਿਆ ਅਤੇ ਫੁਰਮਾਨ ਕੀਤਾ ਹੈ –

***ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥***
***ਪੰਨਾ - 1185***

ਨਾਮ ਕਿਥੋਂ ਮਿਲਦਾ ਹੈ, ਉਸ ਦੇ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ –

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥***
***ਲਾਦਿ ਖੇਪ ਸੰਤਹ ਸੰਗਿ ਚਾਲੁ॥***
***ਅਵਰ ਤਿਆਗਿ ਬਿਖਿਆ ਜੰਜਾਲ॥***
***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥*** ***ਪੰਨਾ - 283***

ਆਪ ਜੀ ਦਾ ਫੁਰਮਾਨ ਸੀ ਕਿ ਗੁਰੂ ਤੋਂ ਬਗੈਰ ਮੁਕਤੀ ਨਹੀਂ ਹੁੰਦੀ। ਮੁਕਤੀ ਪੂਰਨ ਗਿਆਨ ਹੋ ਜਾਵੇ ਫੇਰ ਹੁੰਦੀ ਹੈ। ਗਿਆਨ ਗੁਰੂ ਤੋਂ ਬਿਨਾਂ ਹੋਇਆ ਹੀ ਨਹੀਂ ਕਰਦਾ। ਫੁਰਮਾਨ ਹੈ –

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥*** ***ਪੰਨਾ - 59***

ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਵਿਚ ਧਰਮ ਦਾ ਪੰਥ ਚਲਾਇਆ ਅਤੇ ਸੰਸਾਰ ਨੂੰ ਸਭ ਤੋਂ ਸੁਖੈਨ ਮਾਰਗ ਸੁਰਤਿ ਸਬਦਿ ਰਾਹੀਂ ਨਾਮ ਦਾ ਦਰਸਾਇਆ ਜਿਸ ਨੂੰ ਕਰਨ ਲਈ ਵਣਾਂ ਵਿਚ ਜਾਣ ਦੀ ਲੋੜ ਨਹੀਂ ਹੈ, ਨਾ ਘਰ ਛੱਡ ਕੇ ਪਹਾੜਾਂ ਦੀਆਂ ਗੁਫਾਵਾਂ ਵਿਚ ਜਾਣ ਦੀ ਲੋੜ ਹੈ। ਆਪਣੇ ਮਨ ਨੂੰ ਸਾਧਣਾ ਹੈ, ਮਨ ਨੂੰ ਨਾਮ ਨਾਲ ਲਾਉਣਾ ਹੈ, ਹੱਥਾਂ ਪੈਰਾਂ ਨਾਲ ਕੰਮ ਕਰੋ, ਚਿਤ ਨੂੰ ਹਰੀ ਨਾਲ ਲਾ ਕੇ ਉਸ ਪਰਮ ਪਦ ਨੂੰ ਪ੍ਰਾਪਤ ਕਰੋ ਜਿਸ ਲਈ ਸਾਨੂੰ ਇਹ ਮਨੁੱਖਾ ਦੇਹ ਪ੍ਰਾਪਤ ਹੋਈ ਹੈ। ਜਿੰਨਾ ਵੀ ਗੁਰੂ ਨਾਨਕ ਪਾਤਸ਼ਾਹ ਲਈ ਲਿਖੋ, ਉਨਾਂ ਹੀ ਥੋੜ੍ਹਾ ਹੈ। ਸੋ ਸੰਖੇਪ ਵਿਚ, ਗੁਰੂ ਨਾਨਕ ਪਾਤਸ਼ਾਹ ਨੇ ਧੁੰਦ ਨੂੰ ਦੂਰ ਕੀਤਾ ਅਤੇ ਮਨਾਂ ਵਿਚ ਪਏ ਅਗਿਆਨ ਦੇ ਹਨ੍ਹੇਰੇ ਨੂੰ ਖਤਮ ਕਰਕੇ ਸਤਿਨਾਮ ਦੀ ਜੋਤ ਜਗਾ ਕੇ ਇਸ ਸੰਸਾਰ ਨੂੰ ਤਰਨ ਦਾ ਮਾਰਗ ਦਸਿਆ ਜਿਸ ਨੂੰ **'ਨਾਨਕ ਨਾਮ ਸੁਖਾਲਾ'** ਕਿਹਾ ਜਾਂਦਾ ਹੈ।

# ਗੁਰੂ ਅਮਰਦਾਸ ਜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ –21 )*

ਗੁਰੂ ਅਮਰਦਾਸ ਜੀ ਮਹਾਰਾਜ ਜਦੋਂ ਆਪ ਸੇਵਾ ਵਿਚ ਆਏ ਪਰ ਪਹਿਲਾਂ ਦਾ ਖਿਆਲ ਸੀ ਕਿ ਸ਼ਾਇਦ ਇਥੇ ਤਪ ਹੁੰਦਾ ਹੋਵੇ, ਧੂਣੀਆਂ ਤਾਪਣੀਆਂ ਪੈਣ, ਜਲ ਧਾਰੇ ਕਰਨੇ ਪੈਣ ਤੇ ਜਿਸ ਵਕਤ ਗੁਰੂ ਘਰ ਦਾ ਵਰਤਾਰਾ ਦੇਖਿਆ ਕਿ ਇਥੇ ਤਾਂ ਸੇਵਾ ਪ੍ਰਧਾਨ ਹੈ। ਉਸ ਵੇਲੇ ਆਪ ਨੇ ਸ੍ਰੀ ਮਾਨ ਜੀ ਨੂੰ ਕਿਹਾ, "ਲੰਗਰ ਦੇ ਜੋ ਇੰਚਾਰਜ ਸਨ ਜੋ ਦੇਵਤਾ, ਉਨ੍ਹਾਂ ਨੂੰ ਆਪ ਕਹਿਣ ਲੱਗੇ, ਮੈਨੂੰ ਸੇਵਾ ਦੇ ਦਿਓ, ਜਲ ਦੀ ਸੇਵਾ ਦੇ ਦਿਓ।" ਜਲ ਦੀ ਸੇਵਾ ਮਿਲ ਗਈ, ਆਪ ਸਾਰਾ ਦਿਨ ਪਾਣੀ ਢੋਈ ਗਏ, ਸਾਰੇ ਬਰਤਨ ਭਰ ਦਿੱਤੇ, ਛਿੜਕਾਣ ਕਰ ਦਿੱਤੇ, ਬਰਤਨ ਮਾਂਜਣੇ ਸ਼ੁਰੂ ਕਰ ਦਿੱਤੇ, ਪੱਖੇ ਝਲਦੇ ਨੇ, ਬੇਅੰਤ ਕਿਸਮ ਦੀ ਸੇਵਾ ਆਪ ਨੇ ਸ਼ੁਰੂ ਕਰ ਲਈ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਨੂੰ ਜੋ ਅੰਮ੍ਰਿਤ ਵੇਲੇ ਜਲ ਲਿਆਇਆ ਜਾਂਦਾ ਹੈ ਇਸ਼ਨਾਨ ਲਈ, ਉਸ ਦੀ ਸੇਵਾ ਆਪ ਨੇ ਲੈ ਲਈ। ਪਹਿਰ ਰਾਤ ਰਹਿੰਦੀ ਗੁਰੂ ਮਹਾਰਾਜ ਜੀ ਇਸ਼ਨਾਨ ਕਰਦੇ ਸਨ। ਸੋ ਆਪ ਨੇ ਪਹਿਲਾਂ ਹੀ ਚਲੇ ਜਾਣਾ, ਸਰਦੀ ਹੋਵੇ, ਗਰਮੀ ਹੋਵੇ, ਵਰਖਾ ਹੋਵੇ। ਕਿਸੇ ਤਰ੍ਹਾਂ ਨਾਲ ਨਾਗਾ ਨਹੀਂ ਪਾਉਣਾ ਕਦੇ ਵੀ। ਬਹੁਤ ਘਾਲ ਘਾਲਣੀ ਸ਼ੁਰੂ ਕਰ ਦਿੱਤੀ ਤੇ ਭਾਈ ਸੰਤੋਖ ਸਿੰਘ ਜੀ ਫ਼ੁਰਮਾਨ ਕਰਦੇ ਨੇ ਕਿ ਬਹੁਤ ਭਾਰੀ ਸੇਵਾ ਕਰੀ ਜਿਹੜੀ ਕੋਈ ਕਰ ਨਹੀਂ ਸਕਦਾ –

*ਸੀਤ ਉਸਨ ਬਰਖਾ ਬਡ ਹੋਵਤਿ*
*ਸੇਵਹਿਂ ਇਕ ਸਮ ਜਾਨਹਿਂ ਨਾਂਹਿ।*
*ਤਪ ਬਿਸਾਲ ਕਰ ਘਾਲ ਸੁ ਘਾਲਹਿਂ*
*ਧੰਨ ਜਨਮ ਕਰਿ ਲੀਨਿ ਉਪਾਹਿ।*
*ਤੱਦਪਿ ਰੁਖ ਨਹਿਂ ਗੁਰ ਕਛੁ ਕਰਿ ਹੈਂ*
*ਉਦਾਸੀਨ ਸੀ ਬ੍ਰਿਤੀ ਰਾਖਹਿਂ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383*

ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਇਕ ਦਿਨ ਬੁਲਾ ਕੇ ਮੁੜ ਕੇ ਬੁਲਾਇਆ ਹੀ ਨਹੀਂ, ਇਸ਼ਨਾਨ ਵੀ ਕਰਾਉਂਦੇ ਸੀ, ਹੋਰ ਵੀ ਸੇਵਾ ਕਰਦੇ ਸੀ, ਬਿਸਤਰੇ ਵੀ ਵਿਛਾਉਂਦੇ ਸਨ, ਬਸਤਰ ਵੀ ਧੋਂਦੇ ਸਨ, ਸਭ ਕੁਝ ਕਰਦੇ ਸਨ ਪਰ ਮਹਾਰਾਜ ਜੀ ਉਦਾਸੀਨ ਬਿਰਤੀ ਰਖਦੇ ਸਨ ਫੇਰ ਵੀ ਵਧ ਚੜ੍ਹ ਕੇ ਮਨ ਵਿਚ ਚਾਓ ਸੀ –

*ਨਿਕਟ ਬਿਠਾਇ ਨ ਬੋਲਹਿਂ ਬੂਝਹਿਂ*
*ਅਗਮ ਗੁਰੂ ਗਤਿ ਲਖੀ ਨ ਜਾਹਿ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383*

ਕੋਲ ਕਹਿੰਦੇ ਨੇ ਕਦੇ ਨਹੀਂ ਪੁਛਿਆ ਕਿ ਬਾਬਾ ਅਮਰਦਾਸ ਘਰ ਦਾ ਕੀ ਹਾਲ ਹੈ। ਬਾਲ-ਬੱਚਿਆਂ ਨੂੰ ਛੱਡ ਕੇ ਆਏ ਹੋ, ਜਾ ਕੇ ਮਿਲ ਆਓ ਤੁਸੀਂ। ਹਾਲਾਂਕਿ ਰਿਸ਼ਤੇਦਾਰੀ ਸੀ। ਕੋਈ ਗੱਲ ਕਰੀ ਹੀ ਨਹੀਂ, ਨਾ ਸੁਖ ਦੀ, ਨਾ ਦੁਖ ਦੀ। ਕੋਲ ਰਖਦੇ ਨੇ।

*ਸਿਖ ਇਮ ਭਨਤਿ, ਅਪਰ ਜੇ ਨਰ ਹੈਂ .......।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383*

ਬਾਕੀ ਸੇਵਾਦਾਰਾਂ ਨੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ –

*........... ਬਹੁ ਬਿਧਿ ਕੇ ਠਾਨਹਿਂ ਉਪਹਾਸ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383*

ਕਹਿੰਦੇ ਮਖੌਲ ਹੀ ਕਰੀ ਜਾਂਦੇ ਨੇ ਬੇਅੰਤ ਤਰੀਕਿਆਂ ਨਾਲ। ਕਹਿੰਦੇ ਇਹ ਦੇਖੋ ਇਕਹੱਤਰ ਸਾਲ ਦਾ ਹੋ ਕੇ ਇਥੇ ਪਹੁੰਚਿਆ ਹੈ। ਦੂਜਾ ਕਹਿੰਦਾ ਕਿ ਆਉਣਾ ਹੀ ਸੀ। ਹੁਣ ਘਰਦਿਆਂ ਨੂੰ ਲੋੜ ਹੈ ਬੁੜ੍ਹਿਆਂ ਦੀ, ਘਰੋਂ ਕੱਢ ਦਿੱਤਾ ਧੱਕੇ ਦੇ ਕੇ। ਜਾਂਦਾ ਨਾ ਜੇ ਘਰ ਕੋਈ ਪੁਛ ਹੁੰਦੀ।

*ਘਰ ਤੇ ਮਨਹੁ ਨਿਕਾਸ੍ਯੋ ਕਿਸਿ ਨੇ*
*ਦਰਬ ਨਹੀਂ ਕੁਛ ਇਸਕੇ ਪਾਸ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਪੈਸਾ ਟਕਾ ਇਸ ਦੀ ਜੇਬ ਵਿਚ ਕੋਈ ਹੈ ਨਹੀਂ, ਘਰਦਿਆਂ ਨੇ ਕੱਢ ਦਿੱਤਾ ਤੇ ਗੁਰੂ ਘਰ ਵਿਚ ਆ ਗਿਆ ਤੇ ਗੁਰੂ ਘਰ ਤਾਂ –

*ਗੁਰ ਨਿਰਾਸਰੇ ਕੋ ਸੁ ਆਸਰਾ*
*ਇਮ ਲਖਿ ਆਯਹੁ ਇਨਹੁ ਅਵਾਸ।*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਇਨ੍ਹਾਂ ਕੋਲ ਇਹ ਦੇਖ ਕੇ ਆਇਆ ਹੈ ਕਿ ਮੈਨੂੰ ਹੋਰ ਕਿਤੇ ਤਾਂ ਥਾਂ ਨਹੀਂ ਹੈ ਤੇ ਮੈਨੂੰ ਤਾਂ ਇਥੇ ਹੀ ਥਾਂ ਮਿਲਦਾ ਹੈ।

*ਟੁਕਰੇ ਖਾਨ ਰਹ੍ਯੋ ਪਰਿ ਕੈ*
*ਇਹ ਸਭ ਨੋ ਤ੍ਯਾਗ੍ਯੋ ਭਯੋ ਨਿਰਾਸ॥*

*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383*

ਕਹਿੰਦੇ ਹੁਣ ਤਾਂ ਰੋਟੀਆਂ 'ਤੇ ਹੀ ਕੰਮ ਕਰੀ ਜਾਂਦਾ ਹੈ ਕਿਉਂਕਿ ਨਿਰਾਸ਼ ਹੋ ਗਿਆ, ਰੋਟੀ ਮਿਲੀ ਜਾਵੇ ਤਾਂ ਥੋੜ੍ਹੀ ਚੀਜ਼ ਹੈ ਇਸ ਨੂੰ। ਸੋ ਇਸ ਤਰ੍ਹਾਂ ਦੇ ਤਾਹਨੇ-ਮਿਹਣੇ

ਮਾਰਦੇ ਨੇ ਸਾਧ ਸੰਗਤ ਜੀ! ਪਰ ਜਿਹੜਾ ਸੇਵਕ ਹੁੰਦਾ ਹੈ ਉਹ ਕੋਈ ਸੁਖਾਲਾ ਨਹੀਂ ਹੈ ਬਣਨਾ। ਜਿਸ ਨੇ ਸਿਰ ਤਲੀ ਤੇ ਰੱਖ ਲਿਆ ਉਸ ਨੂੰ ਤਾਹਨੇ ਮਿਲਣੇ ਕੁਛ ਨਹੀਂ ਕਹਿੰਦੇ ਇਸ ਤਰ੍ਹਾਂ ਫੁਰਮਾਉਂਦੇ ਨੇ –

*ਧਾਰਨਾ - ਸੇਵਕ ਨਾ ਮੰਨਦੇ ਜੀ,*
*ਦੁਨੀਆਂ ਦੇ ਤਾਹਨੇ ਮਿਹਣੇ -2, 2.*
*ਦੁਨੀਆਂ ਦੇ ਤਾਹਨੇ ਮਿਹਣੇ -2, 2.*
*ਸੇਵਕ ਨਾ ਮੰਨਦੇ ਜੀ,........... -2.*

ਸੰਸਾਰ ਸ਼ੁਰੂ ਤੋਂ ਹੀ ਤਾਹਨੇ ਮਿਹਣੇ ਦਿੰਦਾ ਆਇਆ ਹੈ। ਗੁਰੂ ਘਰ ਦੇ ਅੰਦਰ ਥਾਂ ਮਿਲਦਾ ਹੈ, ਜੀਵਨ ਸਫਲ ਹੁੰਦਾ ਹੈ। ਕਹਿੰਦੇ ਕਿ ਲੈ! ਬਹਿ ਗਿਆ ਉਥੇ ਜਾ ਕੇ –

*ਨਿਜ ਕੁਲ ਕੋ ਨਿਜ ਗ੍ਰਿਹ ਕੋ ਤਜਿ ਕਰਿ*
*ਨਹੀਂ ਜਾਇ ਪੁਨ ਕੀਨਿ ਸੰਭਾਲ।*
*ਨਰ ਉਪਹਾਸ ਕਰਨਿ ਸਭਿ ਲਾਗੇ*
*ਬ੍ਰਿੱਧ ਹੋਇ ਕਿਆ ਕੀਨੀ ਢਾਲਿ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1378*

ਕਹਿੰਦੇ ਬੁੜ੍ਹਾ ਹੋ ਗਿਆ ਆਹ ਕਿਹੜੀ ਚਾਲ ਇਸਨੇ ਫੜ ਲਈ ਘਰ 'ਚੋਂ ਨਿਕਲ ਆਇਆ। ਕਹਿੰਦੇ ਥਾਂ ਨਹੀਂ ਹੋਏਗਾ –

*ਫਿਰਹਿ ਨਿਥਾਵਾਂ ਥਾਂਵ ਨ ਪਾਵਹਿ,*
*ਅਹੈ ਨਿਮਾਨਾ ਮਾਨ ਨ ਕਾਇ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਇਸ ਦਾ ਮਾਣ ਨਹੀਂ ਕੋਈ ਕਰਦਾ ਹੋਏਗਾ, ਇਸ ਨੂੰ ਥਾਂ ਨਹੀਂ ਕੋਈ ਹੋਣਾ।

*ਰੈਨਿ ਦਿਵਸ ਇਤ ਉਤ ਕੋ ਬਿਚਰਤਿ*
*ਸਭਿ ਕੇ ਆਗੈ ਸੇਵ ਕਮਾਇ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਤਾਂ ਹੀ ਹਰੇਕ ਦਾ ਕਿਹਾ ਮੰਨੀਂ ਜਾਂਦਾ ਹੈ ਕੋਈ ਕਹਿ ਦੇਵੇ ਬਾਬਾ ਮੈਂ ਨਹਾਉਣਾ ਹੈ, ਪਾਣੀ ਲਿਆ ਦੇ। ਆਪ ਸਾਰਿਆਂ ਦਾ ਇਸ਼ਨਾਨ ਕਰਾਉਂਦੇ ਸੀ, ਨੱਠ-ਨੱਠ ਕੇ ਪਾਣੀ ਲਿਆਉਣਾ। ਉਸ ਦੀ ਪ੍ਰਸੰਸਾ ਨਹੀਂ ਕਰਨੀ ਕਿ ਆਹ ਸੇਵਾ ਕਰਦਾ ਹੈ ਨਾਂਹ! ਕਹਿੰਦੇ ਡਰਦਾ ਮਾਰਿਆ ਕੋਈ ਕਹਿ ਦਿਓ, ਨੱਠਿਆ ਫਿਰਦਾ ਹੈ, ਸਾਰਿਆਂ ਨੂੰ ਇਸ਼ਨਾਨ ਕਰਾਉਂਦਾ ਹੈ –

*ਸਭਿ ਕੋ ਕਹਜੋ ਕਰੈ ਉਰ ਡਰਪਤਿ ..........।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਅੰਦਰੋਂ ਡਰਨ ਕਰਕੇ ਜਿਹੜਾ ਵੀ ਇਸ ਨੂੰ ਸੇਵਾ ਲਈ ਕਹਿ ਦਿੰਦਾ ਹੈ ਕਿ ਆਹ ਮੇਰੇ ਬਰਤਨ ਮਾਂਜ ਲਿਆ, ਕਹਿੰਦੇ, ਉਦੋਂ ਹੀ ਮਾਂਜ ਲਿਆਉਂਦਾ ਹੈ। ਜੇ ਕੋਈ ਕਹੇ ਇਥੇ ਝਾੜੂ ਦੇ ਦੇ, ਉਸੇ ਵੇਲੇ ਦੇਣ ਲੱਗ ਜਾਂਦਾ ਹੈ ਜੇ ਕਹੇ ਬਾਬਾ ਮੇਰੇ ਕੱਪੜੇ ਧੋ ਲਿਆ, ਕਹਿੰਦੇ, ਉਸੇ ਵੇਲੇ ਧੋ ਕੇ, ਸੁਕਾ ਕੇ ਲੈ ਆਉਂਦਾ ਹੈ।

*ਸਭਿ ਕੋ ਕਹਜੋ ਕਰੈ ਉਰ ਡਰਪਤਿ ਨਹੀਂ*
*ਨਿਕਾਸ ਦਹਿਂ ਇਸ ਥਾਇਂ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਤਾਂ ਡਰਦਾ ਮਾਰਿਆ ਕਰਦਾ ਹੈ ਕਿ ਮੈਨੂੰ ਕਿਤੇ ਇਸ ਥਾਂ ਤੋਂ ਕੱਢ ਨਾ ਦੇਣ। ਇਸ ਤਰ੍ਹਾਂ ਕਹਿੰਦੇ ਹਾਸੇ ਕਰਦੇ ਨੇ ਨਿੰਦਕ ਲੋਕ –

*ਇਮਿ ਨਿੰਦਕ ਉਪਹਾਸ ਜੁਗਤਿ ਬਹੁ ਨਿੰਦਹਿਂ,*
*ਬਿੰਦਹਿਂ ਨਹੀਂ ਗਵਾਰ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਕਹਿੰਦੇ ਗਵਾਰਾਂ ਨੂੰ ਪਤਾ ਨਹੀਂ ਹੈ ਕਿ ਇਹ ਤਾਂ ਦੀਨ-ਦੁਨੀਆਂ ਦੇ ਪਾਤਿਸ਼ਾਹ ਬਣਨ ਦੀ ਤਿਆਰੀ ਕਰ ਰਹੇ ਨੇ ਤਖਤ ਤੇ ਬਿਠਾਉਣ ਦੀ। ਸੋ ਇਸ ਅਵਸਥਾਵਾਂ ਸਾਧ ਸੰਗਤ ਜੀ! ਇਵੇਂ ਨਹੀਂ ਪ੍ਰਾਪਤ ਨਹੀਂ ਹੋਇਆ ਕਰਦੀਆਂ। ਪ੍ਰੇਮ ਦੀ ਮੰਜ਼ਲ ਤੇ ਪਹੁੰਚਣ ਵਾਸਤੇ –

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412*

*ਧਾਰਨਾ - ਮਰ ਕੇ ਹੀ ਪਹੁੰਚੀਦੈ,*
*ਪ੍ਰੇਮ ਦੀ ਮੰਜਲ ਉਤੇ -2, 2.*
*ਪ੍ਰੇਮ ਦੀ ਮੰਜਲ ਉਤੇ -2, 2.*
*ਮਰ ਕੇ ਹੀ ਪਹੁੰਚੀਦੈ,.......... -2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

*ਅਬ ਹਮ ਚਲੀ ਠਾਕੁਰ ਪਹਿ ਹਾਰਿ॥*
*ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥*
*ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥*
*ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥*
*ਅੰਗ - 528*

ਜਦੋਂ ਪ੍ਰਭੂ ਦੀ ਸ਼ਰਨ ਵਿਚ ਆ ਗਏ –

*ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥*
*ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥*
*ਅੰਗ - 528*

ਕਹਿੰਦੇ ਲੋਕਾਂ ਦੀਆਂ ਚਤੁਰਾਈਆਂ ਤੇ ਉਪਮਾਂ ਨੂੰ ਅੱਗ ਵਿਚ ਜਾਲ ਦੇ। ਕਹੀ ਜਾਓ ਬੁਰਾ, ਕਹੀ ਜਾਓ ਭਲਾ, ਅਸੀਂ ਤਾਂ ਆ ਗਏ ਗੁਰੂ ਦੀ ਸ਼ਰਨ ਵਿਚ। ਸੋ ਆਪ ਏਸ ਗੱਲ ਤੋਂ ਬੇ-ਪਰਵਾਹ ਹੋ ਕੇ ਸੇਵਾ ਕਰ ਰਹੇ ਨੇ ਕਿਉਂਕਿ ਜਿੰਨਾ ਚਿਰ ਸੇਵਕ ਦੀ ਬਿਰਤੀ ਸਮਸਰ ਨਹੀਂ ਹੁੰਦੀ ਓਨਾ ਚਿਰ ਸੇਵਕ ਨਹੀਂ ਆਖਿਆ ਜਾਂਦਾ।

*ਬੁਰਾ ਭਲਾ ਜੋ ਸਮ ਕਰਿ ਜਾਣੈ*
*ਇਨ ਬਿਧਿ ਸਾਹਿਬੁ ਰਮਤੁ ਰਹੈ॥ ਅੰਗ - 432*

ਦੋਹੇ ਬਰਾਬਰ ਕਰਨੇ ਪੈਂਦੇ ਨੇ। ਨਿੰਦਿਆ ਕਰਦੇ ਨੇ ਦੋ ਚਾਰ ਸਾਲ ਨਹੀਂ ਬਾਰਾਂ ਸਾਲ ਲੰਘ ਗਏ ਇਸੇ ਤਰ੍ਹਾਂ। ਨਾ ਤਾਂ ਗੁਰੂ ਸਾਹਿਬ ਬੁਲਾਉਂਦੇ ਨੇ, ਮੁੜ ਕੇ ਬੁਲਾਇਆ ਹੀ ਨਹੀਂ ਸੀ। ਏਧਰ ਇਹ ਬਾਤਾਂ ਕਰਦੇ ਨੇ ਕਿ ਡਰਦੇ ਮਾਰੇ ਸੇਵਾ ਕਰਦੇ ਨੇ -

*ਇਮਿ ਨਿੰਦਕ ਉਪਹਾਸ ਜੁਗਤਿ ਬਹੁ ਨਿੰਦਹਿਂ,*
*ਬਿੰਦਹਿਂ ਨਹੀਂ ਗਵਾਰ।*
*ਦੀਨ ਦੁਨੀ ਕਾ ਪਾਤਸ਼ਾਹ ਹੁਇ*
*ਜਿਸ ਕੇ ਸਮ ਕੋ ਹੈ ਨ ਉਦਾਰ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਪਤਾ ਨਹੀਂ ਹੈ ਕਿ ਇਹ ਤਾਂ ਦੀਨ ਦੁਨੀਆਂ ਦੇ ਪਤਿਸ਼ਾਹ ਹੋ ਜਾਣੇ ਨੇ, ਕੋਈ ਇਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ -

*ਸਿੱਖਜਨ ਅਰੁ ਨਿੰਦਕ ਤੇ ਸੁਨਿ ਕਰਿ*
*ਹਰਖ ਨ ਸ਼ੋਕ ਕਰਹਿਂ ਕਿਸ ਬਾਰਿ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1384*

ਨਾ ਹਰਖ ਨ ਸੋਗ, ਨਾ ਗੁੱਸਾ ਕਰਦੇ ਨੇ, ਨਾ ਖੁਸ਼ੀ ਕਰਦੇ ਨੇ -

*ਇੱਕ ਸੇਵ ਕੇ ਤਤਪਰ ਹ੍ਵੈ ਕਰਿ*
*ਗੁਰੂ ਅਰਾਧਹਿਂ ਸਰਬ ਪ੍ਰਕਾਰ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1383*

ਸੋ ਇਹ ਸੇਵਾ ਮੁਸ਼ਕਲ ਹੈ ਸਾਧ ਸੰਗਤ ਜੀ!

*ਧਾਰਨਾ - ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ -2, 2.*
*ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ -2, 4.*
*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਭਾਈ ਗੁਰਦਾਸ ਜੀ ਦੀ ਵਾਰ 3/18*

ਗੱਲਾਂ ਨਾਲ ਨਾ ਸੇਵਾ ਕਮਾ ਸਕਦਾ ਹੈ, ਨਾ ਸਿਖ ਬਣ ਸਕਦਾ ਹੈ। ਸੋ ਜਦੋਂ ਤੱਕ ਆਪਣੇ ਆਪ ਨੂੰ ਮਾਰਦਾ ਨਹੀਂ ਹੈ ਓਨਾ ਚਿਰ ਨਹੀਂ ਬਣਦਾ -

*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ ਦੀ ਵਾਰ 3/18*

*ਸਾਬਰ ਹੋਵੇ ਸਬਰ ਵਾਲਾ, ਸਿਦਕੀ ਹੋਵੇ,*
*ਭਰਮ ਦਾ ਨਾਸ਼ ਹੋਵੇ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਭਾਈ ਗੁਰਦਾਸ ਜੀ ਦੀ ਵਾਰ 3/18*

ਗੁਲਾਮ ਬਣਨਾ ਪ੍ਰਵਾਨ ਕਰ ਲੈ, ਫੇਰ ਜਾ ਕੇ ਸਿੱਖੀ ਪ੍ਰਾਪਤ ਹੁੰਦੀ ਹੈ ਨਹੀਂ ਤਾਂ ਪ੍ਰਾਪਤ ਨਹੀਂ ਹੋਇਆ ਕਰਦੀ, ਸਾਧ ਸੰਗਤ ਜੀ!

ਇਕ ਇਬਰਾਹੀਮ ਨਾ ਦਾ ਬਾਦਸ਼ਾਹ ਸੀ। ਉਨ੍ਹਾਂ ਦਿਨਾਂ ਵਿਚ ਗੁਲਾਮ ਰੱਖਣ ਦਾ ਰਿਵਾਜ ਸੀ। ਬੰਦੇ ਫੜ ਕੇ ਲੈ ਜਾਣੇ ਤੇ ਲਿਜਾ ਕੇ ਵੇਚ ਦੇਣੇ। ਉਸ ਨੇ ਇਕ ਗੁਲਾਮ ਰੱਖ ਲਿਆ। ਜਦੋਂ ਗੁਲਾਮ ਨੂੰ ਦੇਖਿਆ ਤਾਂ ਉਸ ਦੇ ਮਨ ਵਿਚ ਖਿਆਲ ਆਇਆ ਕਿ ਇਹ ਕੋਈ ਚੰਗੇ ਘਰ ਦਾ ਬੰਦਾ ਹੈ। ਹੋਵੇ ਨਾ ਤਾਂ ਮੈਂ ਇਸ ਨੂੰ ਕੋਈ ਰਿਆਇਤਾਂ ਦੇਵਾਂ। ਉਸ ਨੇ ਬੁਲਾਇਆ ਤੇ ਕਹਿਣ ਲੱਗਿਆ ਕਿ ਐ ਗੁਲਾਮ! ਤੇਰਾ ਨਾ ਕੀ ਹੈ? ਤੇਰੀਆਂ ਖਾਣ ਦੀਆਂ ਰੁਚੀਆਂ ਕੀ ਨੇ? ਖਾਣੇ ਵਿਚ ਤੂੰ ਕੀ ਖਾਣਾ ਚਾਹੁੰਦਾ ਹੈਂ? ਤੀਸਰਾ ਇਹ ਕਿ ਤੂੰ ਕਿਹੋ ਜਿਹੇ ਕੱਪੜੇ ਪਹਿਨਣੇ ਚਾਹੁੰਦਾ ਹੈ? ਚੌਥਾ ਇਹ ਦੱਸ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈਂ ਕਦੋਂ ਜਾਗਣਾ ਚਾਹੁੰਦਾ ਹੈਂ?

ਉਹ ਕਹਿਣ ਲੱਗਿਆ, "ਬਾਦਸ਼ਾਹ! ਜਦੋਂ ਮੈਂ ਅਜਾਦ ਸੀ ਉਸ ਵੇਲੇ ਮੇਰਾ ਨਾਂ ਸੀ। ਉਸ ਵੇਲੇ ਮੈਂ ਮਨ ਮਰਜੀ ਦਾ ਖਾਂਦਾ ਸੀ, ਮਰਜੀ ਨਾਲ ਉਠਦਾ ਸੀ, ਮਰਜ਼ੀ ਨਾਲ ਸੌਂਦਾ ਸੀ, ਮਨਮਰਜੀ ਦਾ ਕੱਪੜਾ ਪਹਿਨਦਾ ਸੀ। ਹੁਣ ਮੈਂ ਗੁਲਾਮ ਹੋ ਗਿਆ। ਗੁਲਾਮ ਦਾ ਕੋਈ ਹੱਕ ਨਹੀਂ ਹੁੰਦਾ, ਕੋਈ ਕਾਨੂੰਨ ਨਹੀਂ ਹੈ ਦੁਨੀਆਂ ਦੇ ਅੰਦਰ ਜਿਹੜਾ ਗੁਲਾਮ ਦੀ ਰਾਖੀ ਕਰ ਸਕੇ। ਮਾਲਕ ਦੇ ਰਹਿਮ ਤੇ ਹੁੰਦਾ ਹੈ।"

ਜਦੋਂ ਪਹਿਲਾਂ ਪਹਿਲਾਂ ਗੁਲਾਮ ਫੜ ਕੇ ਅਮਰੀਕਾ ਲੈ ਕੇ ਗਏ ਤੇ ਸਜ਼ਾਵਾਂ ਬੜੀਆਂ ਸਖਤ ਦਿੰਦੇ ਸਨ। ਪਾਣੀ ਉਬਾਲ ਕੇ ਉਸ ਦੇ ਵਿਚ ਸੁੱਟ ਦੇਣਾ ਜਿਸ ਨੇ ਕੋਈ ਗਲਤੀ ਕਰ ਦਿੱਤੀ। ਪਸ਼ੂਆਂ ਵਾਂਗ ਕਿੱਲਿਆਂ ਤੇ ਬੰਨ੍ਹ ਦਿੰਦੇ ਸਨ। ਜੋ ਖਾਣ ਨੂੰ ਦੇ ਦਿੱਤਾ ਖਾ ਲਿਆ।

ਸੋ ਕਹਿਣ ਲੱਗਿਆ, "ਮਹਾਰਾਜ! ਜਦੋਂ ਮੈਂ ਹੁਣ ਗੁਲਾਮ ਹੋ ਗਿਆ ਹੁਣ ਮੇਰਾ ਕੋਈ ਹੱਕ ਨਹੀਂ ਹੈ। ਮੇਰਾ ਨਾਂ ਜਿਹੜਾ ਤੁਸੀਂ ਰੱਖ ਦਿਓਗੇ ਮੈਨੂੰ ਦੱਸ ਦਿਓ, ਮੈਂ ਉਸੇ ਤੇ ਬੋਲ ਪਿਆ ਕਰਾਂਗਾ। ਬਾਕੀ ਜਿਹੜਾ ਕੁਝ ਖਾਣ ਨੂੰ ਦੇ ਦਿਆ ਕਰੋਗੇ ਮੈਂ ਖਾ ਲਿਆ ਕਰਾਂਗਾ। ਜਦੋਂ ਤੁਸੀਂ ਕਹਿ ਦੇਵੋਗੇ ਕਿ ਜਾਹ ਸੌਂ ਜਾ, ਮੈਂ ਸੌਂ ਜਾਇਆ ਕਰਾਂਗਾ ਜਦੋਂ ਆਵਾਜ਼ ਮਾਰੋਗੇ ਮੈਂ ਉਠ ਕੇ ਆ ਜਾਵਾਂਗਾ ਤੇ ਜਿਹੋ ਜਿਹੇ ਕੱਪੜੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ, ਓਹੋ ਜਿਹੇ ਮੈਨੂੰ ਪਹਿਨਾ ਦਿਓ।

ਸੋ –

*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*

*ਭਾਈ ਗੁਰਦਾਸ ਜੀ ਦੀ ਵਾਰ 3/18*

ਜਦੋਂ ਤੱਕ ਇਹ ਬਿਰਤੀ ਨਹੀਂ ਆਉਂਦੀ, ਆਪਣੇ ਆਪ ਨੂੰ ਗੁਲਾਮ ਨਹੀਂ ਕਹਿੰਦਾ ਓਨਾ ਚਿਰ ਗੁਰੂ ਨਾਲ ਸੰਧ ਨਹੀਂ ਰਲਿਆ ਕਰਦੀ। ਜਦੋਂ ਐਨੀ ਨਿਮਰਤਾ ਵਿਚ ਆ ਜਾਵੇ ਕਿ ਮੈਂ ਸੱਚੇ ਪਾਤਿਸ਼ਾਹ! ਤੇਰਾ ਹੀ ਹਾਂ। ਸਭ ਕੁਝ ਮੈਂ ਦੇ ਦਿੱਤਾ, ਮੈਂ ਤਾਂ ਆਪਣੇ ਕੋਲ ਕੁਝ ਵੀ ਨਹੀਂ ਰਖਿਆ। ਸੋ ਸੰਸਾਰ ਵਿਚ ਜਦੋਂ ਅਸੀਂ ਸੇਵਾ ਕਰਦੇ ਹਾਂ ਤਾਂ ਸੇਵਾ ਦਾ ਫਲ ਮਿਲਦਾ ਹੈ ਸਾਧ ਸੰਗਤ ਜੀ! ਨਿਸ਼ਕਾਮ ਸੇਵਕ ਨੂੰ ਪ੍ਰਭੂ ਦੀ ਦਰਗਾਹ ਵਿਚ ਥਾਂ ਮਿਲ ਜਾਂਦੀ ਹੈ–

*ਧਾਰਨਾ - ਦਰਗਹ ਮਿਲਦੈ ਥਾਉਂ,*
*ਜੇ ਵਿਚ ਦੁਨੀਆਂ ਸੇਵ ਕਮਾਈਐ -2, 2.*
*ਜੇ ਵਿਚ ਦੁਨੀਆਂ ਸੇਵ ਕਮਾਈਐ -2,2.*
*ਦਰਗਹ ਮਿਲਦੈ ਥਾਉਂ............. -2.*

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਅੰਗ - 26*

ਪਰ ਉਹ ਸੇਵਾ –

*ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥*
*ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ॥*
*ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ॥ ਅੰਗ - 29*

ਹਉਮੈ ਵਿਚੋਂ ਮਾਰ। ਜਿੰਨਾ ਚਿਰ ਹਉਮੈ ਨੂੰ ਨਹੀਂ ਮਾਰਦਾ, ਤਨ ਤੇ ਮਨ ਗੁਰੂ ਦਾ ਨਹੀਂ ਕਰਦਾ ਓਨੀ ਦੇਰ ਤੱਕ ਇਹ ਸੇਵਾ ਥਾਂ ਨਹੀਂ ਪਿਆ ਕਰਦੀ। ਸੋ ਏਸ ਤਰ੍ਹਾਂ ਦੇ ਨਾਲ ਸੇਵਾ ਕਰ ਰਹੇ ਨੇ ਬਾਬਾ ਅਮਰ ਦਾਸ ਜੀ। ਸਾਲ ਲੰਘ ਗਿਆ, ਬਸਤਰ ਨਹੀਂ ਮਿਲੇ ਆਪ ਨੂੰ, ਸਿਰਫ ਦੋ ਗਜ ਕੱਪੜਾ ਮਿਲਿਆ। ਆਪ ਨੇ ਸੀਸ ਤੇ ਬੰਨ੍ਹ ਲਿਆ। ਫੇਰ ਅਗਲਾ ਸਾਲ ਇਸੇ ਤਰ੍ਹਾਂ ਕਰਦਿਆਂ ਲੰਘ ਗਿਆ। ਫੇਰ ਦੋ ਗਜ ਕੱਪੜਾ ਮਿਲਿਆ, ਉਹ ਵੀ ਸੀਸ ਤੇ ਬੰਨ੍ਹ ਲਿਆ ਤੇ ਉਪਰ ਰੱਸੀਆਂ ਬੰਨ੍ਹ ਲਈਆਂ ਤੇ ਸਰੀਰ ਕਮਜ਼ੋਰ ਹੁੰਦਾ ਚਲਿਆ ਗਿਆ। ਬਸਤਰ ਪਾਟ ਗਏ, ਹੱਥਾਂ ਪੈਰਾਂ ਦੀਆਂ ਬਿਆਈਆਂ ਪਾਟ ਗਈਆਂ, ਸਰੀਰ ਬਹੁਤ ਕਮਜ਼ੋਰ ਹੋ ਗਿਆ ਪਰ ਸੇਵਾ ਦਾ ਚਾਓ ਵਧਦਾ ਹੀ ਤੁਰਿਆ ਜਾਂਦਾ ਹੈ। ਇਸ ਬਾਤ ਦੀ ਕੋਈ ਪਰਵਾਹ ਨਹੀਂ ਕਿ ਗੁਰੂ ਮਹਾਰਾਜ ਜੀ ਬੁਲਾਉਂਦੇ ਨੇ ਜਾਂ ਨਹੀਂ। ਪੂਰੇ ਬਾਰਾਂ ਸਾਲ ਲੰਘ ਗਏ ਏਸ ਤਰ੍ਹਾਂ ਸੇਵਾ ਕਰਦਿਆਂ ਨੂੰ। ਦੋ ਤਰ੍ਹਾਂ ਦੀ ਸੇਵਾ ਹੁੰਦੀ ਹੈ ਇਕ ਹੁੰਦਾ ਹੈ –

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*

*ਅੰਗ - 286*

ਇਕ ਸੇਵਾ ਹੁੰਦੀ ਹੈ ਕਾਮਨਾ ਸਹਿਤ। ਕਾਮਨਾ ਸਹਿਤ ਸੇਵਾ ਕਰਨ ਦੇ ਨਾਲ ਜੋ ਕੁਝ ਮੰਗਿਆ ਜਾਂਦਾ ਹੈ ਉਹ ਪ੍ਰਾਪਤ ਹੁੰਦਾ ਹੈ –

*ਧਾਰਨਾ - ਕਰਕੇ ਕੋਈ ਵੇਖ ਲਓ,*
*ਸੇਵਾ ਤੋਂ ਮਿਲਦੈ ਮੇਵਾ -2, 2.*
*ਸੇਵਾ ਤੋਂ ਮਿਲਦੈ ਮੇਵਾ -2, 2.*
*ਕਰਕੇ ਕੋਈ ਵੇਖ ਲਓ,.......... -2.*

*ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ,*
*ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।*
*ਸਿਖ ਕਉ ਪਿਆਇ ਪਾਨੀ, ਭਾਉ ਕਰਿ ਕੁਰਖੇਤ,*
*ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।*
*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।*

*ਕਬਿੱਤ (ਭਾਈ ਗੁਰਦਾਸ ਜੀ)*

ਪੁੰਨਾ ਦਾ ਵੇਰਵਾ ਭਾਈ ਗੁਰਦਾਸ ਜੀ ਦਸਦੇ ਨੇ ਕਿ –

*ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ,........॥*

*ਕਬਿੱਤ (ਭਾਈ ਗੁਰਦਾਸ ਜੀ)*

ਐਨਾ ਹੀ ਪੁੰਨ ਇਕ ਸਿੱਖ ਨੂੰ ਪ੍ਰਸ਼ਾਦਾ ਛਕਾ ਦੇਵੇ ਘਰ ਬੁਲਾ ਕੇ, ਪ੍ਰਾਪਤ ਹੋ ਜਾਇਆ ਕਰਦਾ ਹੈ।

*ਸਿਖ ਕਉ ਪਿਲਾਇ ਪਾਨੀ,*
*ਭਾਉ ਕਰਿ ਕੁਰਖੇਤ...........॥*

*ਕਬਿੱਤ (ਭਾਈ ਗੁਰਦਾਸ ਜੀ)*

ਭਾਉ, ਪਿਆਰ ਨਾਲ ਪਾਣੀ ਪੁਛ ਕੇ, ਪਿਲਾ ਦੇਵੇ ਤਾਂ ਕੁਰੂਕਸ਼ੇਤਰ ਜਿੰਨਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ।

*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।*

*ਕਬਿੱਤ (ਭਾਈ ਗੁਰਦਾਸ ਜੀ)*

ਸੱਤ ਮੰਦਰ ਸੋਨੇ ਦੇ ਬਣਾ ਦਿੱਤੇ ਐਨਾ ਹੀ ਪੁੰਨ ਸਿੱਖ ਨੂੰ ਸ਼ਬਦ ਸਿਖਾਉਣ ਦਾ ਹੋਇਆ ਕਰਦਾ ਹੈ, ਬਾਣੀ ਯਾਦ ਕਰਾ ਦੇਵੇ। ਜਿਸ ਤਰ੍ਹਾਂ ਵੀਹ ਵਾਰੀ ਕਿਸੇ ਸਾਧੂ ਦੇ ਦਰਸ਼ਨ ਕਰਨ ਜਾਂਦਾ ਹੈ ਐਨਾ ਹੀ ਪੁੰਨ ਹੁੰਦਾ ਹੈ ਜੇ ਗੁਰਸਿਖ ਨੂੰ ਲੱਤਾਂ ਘੁੱਟ ਕੇ ਸੁਲਾ ਦੇਵੇ। ਇਹ ਰਿਵਾਜ ਹੋਇਆ ਕਰਦਾ ਸੀ ਕਿਉਂਕਿ ਪਹਿਲਾਂ ਪੈਦਲ ਚਲਿਆ ਕਰਦੇ ਸਨ। ਗੁਰਸਿਖਾਂ ਦੀ ਸੇਵਾ ਕਰਦੇ ਸਨ। ਇਥੋਂ ਤੱਕ ਸੀ ਕਿ ਗੁਰੂ ਵੀ ਸੇਵਾ ਕਰਦੇ ਸਨ।

ਇਕ ਵਾਰੀ ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਅੰਮ੍ਰਿਤਸਰ ਬਿਰਾਜਮਾਨ ਨੇ ਤੇ ਦੂਰ ਤੋਂ ਸੰਗਤ ਆ ਰਹੀ ਹੈ। ਜਦੋਂ ਸੰਗਤ ਨੇ ਲਾਹੌਰ ਆ ਕੇ ਰਾਤ ਕੱਟੀ। ਉਸ ਦਿਨ ਸ਼ਾਮ ਨੂੰ ਸਾਰਿਆਂ ਨੇ ਇਹ ਫੁਰਨਾ ਕੀਤਾ ਕਿ ਅੰਮ੍ਰਿਤ ਵੇਲੇ ਉਠ ਕੇ ਚੱਲੀਏ ਤੇ ਕੱਲ੍ਹ ਨੂੰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਕੇ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਪਾਂ ਹਾਜ਼ਰੀਆਂ ਭਰਨੀਆਂ ਹਨ, ਬੱਚੇ ਬੁਢੇ ਤੇ ਬੀਬੀਆਂ ਸਭ ਨਾਲ ਸਨ। ਬਹੁਤ ਤੇਜੀ ਦੇ ਨਾਲ ਤੁਰੇ ਆਉਂਦੇ ਨੇ, ਪੈਂਤੀ ਮੀਲ ਦਾ ਫਾਸਲਾ ਸੀ ਤੇ ਚਲਦੇ ਚਲਦੇ ਜਦੋਂ ਆਪ ਪਿੱਪਲੀ ਸਾਹਿਬ ਦੇ ਕੋਲ ਆਏ ਤਾਂ ਉਥੇ ਆ ਕੇ ਰਾਤ ਪੈ ਗਈ ਤੇ ਸੰਗਤ ਥੱਕ ਗਈ, ਹੌਲੀ ਹੌਲੀ ਤੁਰਦੇ ਨੇ, ਪਿਛੇ ਰਹਿ ਜਾਂਦੀਆਂ ਨੇ ਬੀਬੀਆਂ, ਇੰਤਜਾਰ ਕਰਦਾ ਹੈ ਜਥੇਦਾਰ, ਬਿਰਧ ਥੱਕ ਜਾਂਦੇ ਨੇ, ਪਿੱਛੇ ਬਹਿ ਜਾਂਦੇ ਨੇ, ਤੁਰਦੇ ਨਹੀਂ, ਸੋਚਦੇ ਨੇ ਕਿ ਕੀ ਕਰਿਆ ਜਾਵੇ, ਰਾਤ ਵੱਡੀ ਪੈਂਦੀ ਜਾਂਦੀ ਹੈ ਅਜੇ ਦਰਬਾਰ ਸਾਹਿਬ ਅੰਮ੍ਰਿਤਸਰ ਦੂਰ ਹੈ ਤੇ ਖਾਧਾ ਵੀ ਕੁਝ ਨਹੀਂ ਸਵੇਰ ਦੇ ਉਸੇ ਤਰ੍ਹਾਂ ਤੁਰੇ ਹੋਏ ਹਾਂ, ਪ੍ਰਸ਼ਾਦੇ ਛਕ ਕੇ, ਦੁਪਹਿਰੇ ਰਿਤੇ ਵਿਸ਼ਰਾਮ ਨਹੀਂ ਕੀਤਾ ਤੇ ਏਧਰ ਗੁਰੂ ਮਹਾਰਾਜ ਮਾਤਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਇਕ ਟੋਕਰਾ ਪ੍ਰਸ਼ਾਦਿਆਂ ਦਾ ਤੇ ਇਕ ਦੇਗਾ ਦਾਲੇ ਦਾ ਬਣਾਓ, ਦਸਣਾ ਨਹੀਂ ਕਿਸੇ ਨੂੰ, ਚੁਪ ਕਰਕੇ ਬਣਾਓ। ਸੋ ਗੁਪਤ ਤਰੀਕੇ ਨਾਲ ਆਪ ਮੂੰਹ ਹਨ੍ਹੇਰਾ ਹੁੰਦੀ ਸਾਰ ਟੋਕਰਾ ਆਪ ਨੇ ਚੁਕ ਲਿਆ ਤੇ ਦੇਗਾ ਮਾਤਾ ਜੀ ਦੇ ਸੀਸ ਤੇ ਰੱਖ ਦਿੱਤਾ, ਪੱਖੇ ਕੋਲ ਲੈ ਲਏ ਤੇ ਉਸੇ ਤਰ੍ਹਾਂ ਪਿੱਪਲੀ ਸਾਹਿਬ ਨੂੰ ਤੁਰ ਪਏ ਤੇ ਉਥੇ ਸੰਗਤ ਦੇ ਪਹੁੰਚਣ ਤੋਂ ਪਹਿਲਾਂ ਹੀ ਜਾ ਕੇ ਬੈਠ ਗਏ। ਜਦੋਂ ਸੰਗਤ ਆਈ ਤਾਂ ਕਹਿੰਦੇ, "ਆਓ ਸਾਧ ਸੰਗਤ ਜੀ! ਗੁਰੂ ਕਾ ਲੰਗਰ ਤਿਆਰ ਹੈ ਤੇ ਪੰਜ ਇਸ਼ਨਾਨੇ ਕਰ ਲਓ।"

ਆਪ ਹੀ ਡੋਲ ਲੈ ਕੇ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ। ਮਹਾਰਾਜ ਜੀ ਜਲ ਪਾਉਂਦੇ ਨੇ ਤੇ ਮਾਤਾ ਜੀ ਚਰਨ ਧੋਂਦੇ ਨੇ। ਬੜੇ ਪ੍ਰਸੰਨ ਹੋਏ ਕਿ ਇਹ ਤਾਂ ਬੜੇ ਚੰਗੇ ਗੁਰਸਿਖ ਆ ਗਏ। ਪ੍ਰਸ਼ਾਦੇ ਛਕਾ ਕੇ ਕਹਿੰਦੇ ਦੱਸੋ ਹੁਣ ਕੀ ਖ਼ੁਸ਼ੀ ਹੈ। ਪੱਖੇ ਝੱਲਣੇ ਸ਼ੁਰੂ ਕਰ ਦਿੱਤੇ। ਕਹਿੰਦੇ, ਗੁਰਸਿਖਾ! ਅਸੀਂ ਪ੍ਰਸ਼ਾਦਾ ਛਕ ਕੇ ਹੁਣ ਕੁਝ ਵਲ ਹੋਏ ਹਾਂ ਤੇ ਚਾਹੁੰਦੇ ਹਾਂ ਕਿ ਹੁਣੇ ਦਰਬਾਰ ਸਾਹਿਬ ਪਹੁੰਚ ਜਾਈਏ। ਸੋ ਸੰਗਤ ਸਾਰੀ ਚੱਲ ਪਈ ਸ਼ਬਦ ਪੜ੍ਹਦੇ ਜਾਂਦੇ ਨੇ ਵੈਰਾਗ ਦੇ। ਗੁਰੂ ਜੀ ਤੇ ਮਾਤਾ ਜੀ ਸੰਗਤ ਨੂੰ ਪੱਖਾ ਝਲਦੇ ਨੇ ਦੌੜ-ਦੌੜ ਕੇ ਕਦੇ ਏਧਰ ਝਲਦੇ ਨੇ, ਕਦੇ ਓਧਰ ਝਲਦੇ ਨੇ। ਜਦੋਂ ਦਰਬਾਰ ਸਾਹਿਬ ਪਹੁੰਚ ਗਏ ਤਾਂ ਉਥੇ ਇਕ ਪਾਸੇ ਪਰਕਰਮਾ ਵਿਚ ਲੈ ਗਏ ਕਹਿੰਦੇ ਲੈ ਗੁਰਸਿਖੋ! ਇਥੇ ਆਰਾਮ ਕਰੋ, ਵਿਸ਼ਰਾਮ ਕਰੋ। ਅੰਮ੍ਰਿਤ ਵੇਲਾ ਤਾਂ ਹੋਣ ਵਾਲਾ ਹੀ ਹੈ ਤੇ ਤੁਸੀਂ ਛੇਤੀ-ਛੇਤੀ ਅੱਖ ਲਾ ਲਓ ਤੇ ਅਸੀਂ ਪੱਖਾ ਝਲਦੇ ਹਾਂ। ਕਹਿੰਦੇ ਗੁਰਸਿਖਾ! ਤੂੰ ਤਾਂ ਬਹੁਤ ਸੇਵਾ ਕਰ ਰਿਹਾ ਹੈਂ। ਜਦੋਂ ਦਾ ਸਾਨੂੰ ਮਿਲਿਆ ਹੈਂ ਬਹੁਤ ਸੇਵਾ ਕਰ ਰਿਹਾ ਹੈ, ਧੰਨ ਹੈ ਤੇਰਾ ਜਨਮ। ਸੋ ਉਸ ਵੇਲੇ ਸੰਗਤ ਬਿਰਾਜ ਗਈ। ਮਹਾਰਾਜ ਜੀ ਤੇ ਮਾਤਾ ਜੀ ਪੱਖਾ ਝਲਦੇ ਨੇ, ਜਿਸ ਨੂੰ ਨੀਂਦ ਨਹੀਂ ਆਉਂਦੀ ਲੱਤਾਂ ਘੁਟਦੇ ਨੇ ਉਨ੍ਹਾਂ ਦੀਆਂ, ਪਿੱਠ ਘੁਟਦੇ ਨੇ ਤੇ ਜਦੋਂ ਇਕ ਸੌਂ ਜਾਂਦਾ ਹੈ ਤਾਂ ਦੂਸਰੇ ਨੂੰ। ਇਕ ਬਿਰਧ ਨੂੰ ਨੀਂਦ ਨਹੀਂ ਆ ਰਹੀ ਤੇ ਪਾਸੇ ਲਈ ਜਾਂਦਾ ਹੈ। ਗੁਰੂ ਮਹਾਰਾਜ ਜੀ ਉਸ ਦੀਆਂ ਲੱਤਾਂ ਦਬਾ ਰਹੇ ਨੇ, ਪਿੱਠ ਦਬਾ ਰਹੇ ਨੇ।

ਉਹ ਵਾਰ ਵਾਰ ਕਹਿੰਦਾ ਹੈ, "ਗੁਰਸਿਖਾ! ਤੂੰ ਤਾਂ ਆਰਾਮ ਹੀ ਨਹੀਂ ਕਰਿਆ ਅਜੇ ਤੱਕ। ਤੂੰ ਤਾਂ ਆਰਾਮ ਕਰ ਲੈ ਤੇ ਮੈਨੂੰ ਆਪਣਾ ਨਾ ਪਤਾ ਦੱਸ। ਜਦੋਂ ਸਵੇਰੇ ਮੈਂ ਗੁਰੂ ਮਹਾਰਾਜ ਜੀ ਦਰਸ਼ਨ ਕਰਾਂਗਾ ਤਾਂ ਤੇਰੀ ਸੇਵਾ ਅਸੀਂ ਜਰੂਰ ਉਨ੍ਹਾਂ ਨੂੰ ਦੱਸਣੀ ਹੈ ਕਿਉਂਕਿ ਇਹੋ ਜਿਹੀ ਸੇਵਾ ਅਸੀਂ ਦੇਖੀ ਨਹੀਂ ਕਿਸੇ ਦੀ ਕਦੇ।

ਓਧਰ ਬੀਬੀਆਂ ਨੂੰ ਪੱਖਾ ਝੱਲ ਰਹੇ ਨੇ ਮਾਤਾ ਜੀ। ਜਿਸ ਨੂੰ ਨੀਂਦ ਨਹੀਂ ਆਉਂਦੀ ਉਸ ਦੇ ਚਰਨ ਦਬਾਉਂਦੇ ਨੇ। ਅੰਮ੍ਰਿਤ ਵੇਲਾ ਹੋ ਗਿਆ, ਇਸ਼ਨਾਨ ਦਾ ਮੌਕਾ ਹੋ ਗਿਆ ਤੇ ਓਧਰਲੇ ਪਾਸੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਗੁਰੂ ਮਹਾਰਾਜ ਜੀ ਦੇ ਦਰਵਾਜੇ ਦੇ ਅੱਗੇ ਖੜ੍ਹੇ ਇੰਤਜਾਰ ਕਰ ਰਹੇ ਨੇ ਕਿ ਹੁਣ ਸਮਾਂ ਹੋ ਗਿਆ ਆਪ ਬਾਹਰ ਆਉਣਗੇ ਪਰ ਦਰਵਾਜਾ ਨਹੀਂ ਖੁਲਿਆ। ਸੇਵਾਦਾਰਾਂ ਨੂੰ ਪੁਛਿਆ ਕਿ ਕੀ ਗੱਲ ਅੱਜ ਮਹਾਰਾਜ ਨਹੀਂ ਆਏ।"

ਉਹ ਕਹਿੰਦੇ ਕਿ ਮਹਾਰਾਜ ਜੀ ਦਾ ਤਾਂ ਪਤਾ ਹੀ ਨਹੀਂ, ਸ਼ਾਮ ਦੇ ਹੀ ਕਿਥੇ ਗਏ ਹੋਏ ਨੇ, ਪਤਾ ਨਹੀਂ ਕਿਹੜੇ ਪ੍ਰੇਮੀ ਨੂੰ ਤਾਰਨ ਗਏ ਹੋਏ ਨੇ, ਉਹ ਤਾਂ ਅਜੇ ਤੱਕ ਵਾਪਸ ਨਹੀਂ ਆਏ ਤੇ ਸਾਨੂੰ ਦੱਸ ਕੇ ਵੀ ਨਹੀਂ ਗਏ, ਇਸੇ ਤਰ੍ਹਾਂ ਗੁਪਤ ਤਰੀਕੇ ਨਾਲ ਚਲੇ ਗਏ, ਮਾਤਾ ਜੀ ਨਾਲ ਨੇ। ਉਸ ਵੇਲੇ ਭਾਈ ਗੁਰਦਾਸ ਜੀ ਸਮਝ ਗਏ ਕਿ ਕੋਈ ਕੌਤਕ ਹੈ ਤੇ ਬਾਬਾ ਬੁੱਢਾ ਜੀ ਨੂੰ ਕਹਿਣ ਲੱਗੇ ਕਿ ਬਾਬਾ ਜੀ! ਤੁਹਾਨੂੰ ਗੁਰੂ ਨਾਨਕ ਸਾਹਿਬ ਦਾ ਵਰ ਹੈ ਕਿ ਸਤਿਗੁਰੂ ਤੁਹਾਡੇ ਨੇਤਰਾਂ ਤੋਂ ਕਦੇ ਲਾਂਭੇ ਨਹੀਂ ਹੋਏਗਾ। ਤੁਸੀਂ ਕਿਰਪਾ ਕਰਕੇ ਦੱਸੋ ਤਾਂ ਸਹੀ ਕਿ ਮਹਾਰਾਜ ਏਸ ਵੇਲੇ ਕਿਥੇ ਨੇ ਤਾਂ ਕਿ ਆਪਾਂ ਚੱਲ ਕੇ ਲੈ ਆਈਏ, ਬੇਨਤੀ ਕਰੀਏ, ਹੁਣ ਸੰਗਤ ਵਿਚ ਆ ਕੇ ਦਰਸ਼ਨ ਦੇਣ।

ਬਾਬਾ ਜੀ ਕਹਿਣ ਲੱਗੇ ਕਿ ਕੋਈ ਪਤਾ ਨਹੀਂ ਹੈ ਕਿਉਂਕਿ ਨਿਮਰਤਾ ਗੁਰਮੁਖਾਂ ਦਾ ਗਹਿਣਾ ਹੋਇਆ ਕਰਦਾ ਹੈ। ਸਭ ਕੁਝ ਜਾਣਦੇ ਹੋਏ ਵੀ ਨਹੀਂ ਦਸਦੇ ਕਿ ਸਾਨੂੰ ਪਤਾ ਹੈ। ਸੋ ਆਪ ਕਹਿਣ ਲੱਗੇ ਕਿ ਆਪਾਂ ਦੇਖ ਲੈਂਦੇ

ਹਾਂ ਤੁਰ ਫਿਰ ਕੇ ਪਹਿਲਾਂ ਸੰਗਤ ਵਿਚ ਦੇਖ ਲੇਈਏ ਫੇਰ ਬਾਹਰ ਦੇਖ ਲਵਾਂਗੇ, ਪੁਛ ਲਵਾਂਗੇ ਹੋਰ ਗੁਰਸਿਖਾਂ ਨੂੰ। ਚਲੋ ਆਓ ਦੇਖੀਏ। ਹੌਲੀ ਹੌਲੀ ਪਰਕਰਮਾ ਵਿਚ ਜਾਂਦੇ ਜਾਂਦੇ ਅੱਗੇ ਕੀ ਦੇਖਦੇ ਨੇ ਕਿ ਪੱਖਾ ਵੀ ਝੱਲਿਆ ਜਾ ਰਿਹਾ ਹੈ ਸੁੱਤੀ ਪਈ ਸੰਗਤ ਨੂੰ ਤੇ ਇਕ ਪ੍ਰੇਮੀ ਇਕ ਬਿਰਧ ਦੀਆਂ ਲੱਤਾ ਘੁਟਦਾ ਹੈ। ਤੇ ਉਹ ਬਿਰਧ ਕਹਿ ਰਿਹਾ ਹੈ ਕਿ ਪ੍ਰੇਮੀਆ! ਮੈਨੂੰ ਤੂੰ ਆਪਣਾ ਨਾਂ ਤਾਂ ਦੱਸ, ਮੈਨੂੰ ਨੀਂਦ ਤਾਂ ਨਹੀਂ ਆਉਂਦੀ ਪਰ ਤੂੰ ਮੇਰਾ ਥਕੇਵਾਂ ਲਾਹ ਦਿੱਤਾ। ਮੈਂ ਜਰੂਰ ਗੁਰੂ ਮਹਾਰਾਜ ਜੀ ਪਾਸ ਤੇਰਾ ਜ਼ਿਕਰ ਕਰਨਾ ਹੈ। ਗੁਰੂ ਮਹਾਰਾਜ ਜੀ ਨੇ ਜਦੋਂ ਦੇਖਿਆ ਕਿ ਬਾਬਾ ਬੁੱਢਾ ਜੀ ਆ ਰਹੇ ਨੇ ਤੇ ਭਾਈ ਗੁਰਦਾਸ ਜੀ ਆ ਰਹੇ ਨੇ ਤਾਂ ਆਪ ਨੇ ਨੀਵੀਂ ਪਾ ਲਈ। ਆਪ ਬਹੁਤ ਹੇਠਾਂ ਨੂੰ ਹੋ ਗਏ ਤਾ ਕਿ ਪਛਾਣ ਨਾ ਲੈਣ। ਉਨ੍ਹਾਂ ਨੇ ਪਛਾਣ ਲਿਆ ਤੇ ਜਦੋਂ ਆ ਕੇ ਨਮਸ਼ਕਾਰ ਕਰੀ।

ਨਮਸ਼ਕਾਰ ਕਰਕੇ ਕਹਿਣ ਲੱਗੇ, "ਪਾਤਿਸ਼ਾਹ! ਕਿੰਨੇ ਸੇਵਕ ਨੇ, ਕਿੰਨੇ ਹੀ ਗੁਰਸਿਖ ਨੇ ਐਨਿਆਂ ਦੇ ਹੁੰਦੇ ਆਪ ਹੱਥੀਂ ਸੇਵਾ ਕਰ ਰਹੇ ਹੋ, ਕੱਲ੍ਹ ਸ਼ਾਮ ਦੇ ਲੱਗੇ ਹੋਏ ਹੋ, ਪੱਖੇ ਝੱਲੀ ਜਾਂਦੇ ਹੋ।"

ਜਦੋਂ ਐਨੀ ਗੱਲ ਸੁਣੀ ਤਾਂ ਉਹ ਬਾਬਾ ਉਠ ਕੇ ਧਾਹਾਂ ਮਾਰਨ ਲੱਗ ਗਿਆ ਕਹਿਣ ਲੱਗਿਆ, "ਸਤਿਗੁਰੂ ਸੱਚੇ ਪਾਤਿਸ਼ਾਹ! ਆਪ? ਆਪ ਤੋਂ ਅਸੀਂ ਲੱਤਾਂ ਘੁਟਵਾਈਆਂ, ਆਪ ਪੱਖੇ ਝੱਲਦੇ ਰਹੇ?"

ਸਾਰੀ ਸੰਗਤ ਉਠ ਕੇ ਬੈਠ ਗਈ, ਸੰਗਤ ਚਰਨਾਂ ਵੱਲ ਨੂੰ ਦੌੜਦੀ ਹੈ।

ਉਸ ਵੇਲੇ ਮਹਾਰਾਜ ਜੀ ਕਹਿੰਦੇ, "ਬਾਬਾ ਬੁੱਢਾ ਜੀ! ਭਾਈ ਗੁਰਦਾਸ ਜੀ! ਤੁਸੀਂ ਸਾਰੇ ਸਿੱਖ ਸੰਗਤ ਦੀ ਸੇਵਾ ਕਰਕੇ ਲਾਹਾ ਲੈਂਦੇ ਹੋ ਪਰ ਜਦੋਂ ਅਸੀਂ ਕਿਤੇ ਸੇਵਾ ਕਰਨ ਲਗਦੇ ਹਾਂ ਤਾਂ ਸਾਨੂੰ ਤੁਸੀਂ ਸੇਵਾ ਨਹੀਂ ਕਰਨ ਦਿੰਦੇ। ਅਸੀਂ ਤਾਂ ਜਦੋਂ ਗੁਰਸਿਖਾਂ ਦੀ ਸੇਵਾ ਕਰਦੇ ਹਾਂ ਤਾਂ ਨਿਹਾਲ ਹੋ ਜਾਂਦੇ ਹਾਂ।"

ਏਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਹੋਵਾਂ ਮੈਂ ਨਿਹਾਲ ਪਾਣੀ*
*ਪੱਖਾ ਪੀਸਣ ਪੀਸ ਕੇ -2, 2.*
*ਪਾਣੀ ਪੱਖਾ ਪੀਸਣ ਪੀਸ ਕੇ -2, 2.*
*ਹੋਵਾਂ ਮੈਂ ਨਿਹਾਲ ਪਾਣੀ,............ -2.*

*ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥*
*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*
*ਅੰਗ - 811*

ਅੱਗ ਵਿਚ ਸੁੱਟ ਦੇਹ ਸਰਦਾਰੀਆਂ, ਵੱਡੇਪਣ ਨੂੰ ਅੱਗ ਵਿਚ ਜਾਲ ਦੇ ਕਿਉਂਕਿ ਤੈਨੂੰ ਸੇਵਾ ਨਹੀਂ ਕਰਨ ਦੇ ਰਹੇ। ਮਹਾਰਾਜ ਜੀ ਕਹਿੰਦੇ,"ਬਾਬਾ ਜੀ! ਤੁਸੀਂ ਸਾਰੀ ਸੇਵਾ ਕਰਦੇ ਹੋ ਪਰ ਜਦੋਂ ਕਦੇ ਮੈਂ ਸੇਵਾ ਕਰਨ ਲਗਦਾ ਹਾਂ ਤਾਂ ਤੁਸੀਂ ਮੈਨੂੰ ਸੇਵਾ ਨਹੀਂ ਕਰਨ ਦਿੰਦੇ।"

ਧੰਨ ਗੁਰੂ ਅਰਜਨ ਦੇਵ ਮਹਾਰਾਜ! ਸਾਰੀ ਸੰਗਤ ਚਰਨਾਂ ਤੇ ਢਹਿ ਪਈ ਤੇ ਬੇਨਤੀ ਕਰਦੇ ਨੇ ਕਿ ਪਾਤਿਸ਼ਾਹ! ਤੁਸੀਂ ਆਪ ਸੀ? ਐਡਾ ਸਿੱਖ ਦਾ ਦਰਦ ਤੁਹਾਡੇ ਮਨ ਦੇ ਅੰਦਰ।

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥ ਅੰਗ - 286*

ਸਿੱਖ ਦੀ ਤਾਂ ਪ੍ਰਤਿਪਾਲਨਾ ਕਰਦਾ ਹੈ, ਪੁੱਤਰਾਂ ਨਾਲੋਂ ਵੀ ਜਿਆਦਾ। ਆਪਣੀ ਜਾਨ ਦੇ ਬਰਾਬਰ ਸਮਝਦਾ ਹੈ। ਸੋ ਇਸ ਤਰ੍ਹਾਂ ਗੁਰੂ ਘਰ ਦੇ ਅੰਦਰ ਕੋਈ ਵੀ ਬੰਦਾ ਸੇਵਾ ਕਰਕੇ ਦੇਖ ਲਓ ਫਲ ਜਰੂਰ ਮਿਲਿਆ ਕਰਦਾ ਹੈ। ਮਾਲਵੇ ਦੇ ਰਹਿਣ ਵਾਲੇ ਬਰਾੜ ਜਿਨ੍ਹਾਂ ਦਾ ਨਾਂ ਆਦਮ ਸੀ। ਆਪ ਦੀ ਉਮਰ ਸੱਤਰ ਸਾਲ ਦੀ ਹੋ ਗਈ। ਬੜੇ ਯਤਨ ਕੀਤੇ ਇਕ ਲੜਕੀ ਹੋਈ ਪਰ ਲੜਕਾ ਨਾ ਹੋਇਆ। ਜ਼ਮੀਨ ਜਾਇਦਾਦ ਬਹੁਤ ਸੀ, ਮਨ ਵਿਚ ਹਰ ਵਕਤ ਖਾਹਿਸ਼ ਰਹਿੰਦੀ ਸੀ ਕਿਉਂਕਿ ਪੁੱਤਰ ਵਾਸ਼ਨਾ, ਧਨ ਵਾਸ਼ਨਾ, ਲੋਕ ਲਾਜ ਵਾਸ਼ਨਾ ਇਹ ਪੰਜ ਸੱਤ ਵਾਸ਼ਨਾਵਾਂ ਐਡੀਆਂ ਪ੍ਰਬਲ ਨੇ ਕਿ ਆਦਮੀ ਨੂੰ ਹਰ ਵਕਤ ਰਿੜਕਦੀਆਂ ਰਹਿੰਦੀਆਂ ਨੇ। ਸੱਤਰ ਸਾਲ ਦੀ ਉਮਰ ਹੋ ਗਈ, ਇਕੋ ਲਗਨ ਲੱਗੀ ਹੋਈ ਹੈ ਕਿ ਮੇਰੇ ਲੜਕਾ ਨਹੀਂ ਹੋਇਆ। ਜਿਥੇ ਕੋਈ ਦਸਦਾ ਹੈ ਕਿ ਉਥੇ ਸੁੱਖ ਆਓ, ਉਥੇ ਹੀ ਜਾਂਦੇ ਨੇ, ਸੁੱਖਾਂ ਸੁਖਦੇ ਨੇ, ਪਰ ਕੁਝ ਬਣਦਾ ਨਹੀਂ। ਅਖੀਰ ਕੋਈ ਗੁਰਸਿਖ ਮਿਲ ਗਿਆ, ਉਸ ਦੇ ਕੋਲ ਵੀ ਉਸ ਨੇ ਜ਼ਿਕਰ ਕਰਿਆ। ਉਹ ਕਹਿੰਦਾ ਦੇਖ ਪ੍ਰੇਮੀਆ! ਸਾਡੇ ਸਤਿਗੁਰੂ ਦੀ ਬਾਣੀ ਹੈ, ਉਸ ਦੇ ਵਿਚ ਫੁਰਮਾਨ ਕੀਤਾ ਹੋਇਆ ਹੈ ਕਿ ਸੇਵਾ ਕਰਨ ਦੇ ਨਾਲ ਫਲ ਪ੍ਰਾਪਤ ਹੋ ਜਾਂਦਾ ਹੈ। ਏਸ ਤਰ੍ਹਾਂ ਪੜ੍ਹ ਲਓ–

*ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ -2, 2.*
*ਮੇਰੇ ਪਿਆਰੇ, ਸੇਵਾ ਕਰ ਲੈ ਸਾਧੂਆਂ ਦੀ -2, 2.*
*ਜੇ ਤੈਂ ਚਾਰ ਪਦਾਰਥ ਲੈਣੇ, ........ -2.*

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਆਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*

*ਨਾਨਕ ਜਾ ਕੈ ਬਲਿ ਬਲਿ ਜਾਸਾ॥ ਅੰਗ - 266*

ਪ੍ਰੇਮੀਆ! ਜੇ ਤੂੰ ਅੰਮ੍ਰਿਤਸਰ ਜਾ ਕੇ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਸੰਗਤਾਂ ਦੀ ਸੇਵਾ ਕਰੇਂ ਤਾਂ ਮੇਰਾ ਦਿਲ ਗਵਾਹੀ ਦਿੰਦਾ ਹੈ ਕਿ ਤੈਨੂੰ ਜਰੂਰ ਮਨ ਮੰਗੀ ਮੁਰਾਦ ਪ੍ਰਾਪਤ ਹੋ ਜਾਏਗੀ ਗੁਰੂ ਘਰ ਦੇ ਅੰਦਰ ਕੋਈ ਘਾਟਾ ਨਹੀਂ ਹੈ। ਏਸ ਵੇਲੇ ਹੋਰ ਸੰਸਾਰ ਵਿਚ ਕੋਈ ਨਹੀਂ ਜਿਹੜਾ ਤੇਰੀ ਮੰਗ ਪੂਰੀ ਕਰ ਦੇਵੇ। ਸੋ ਪਰਿਵਾਰ ਸਮੇਤ ਇਕ ਲੜਕੀ ਹੈ, ਇਕ ਘਰਵਾਲੀ ਹੈ ਤੇ ਆਪ ਹੈ। ਗੁਰੂ ਦੇ ਦਰਬਾਰ ਵਿਚ ਆ ਗਏ, ਥੋੜ੍ਹੇ ਦਿਨ ਰਹੇ ਤਾਂ ਉਥੇ ਦੀ ਸਾਰੀ ਮਰਿਆਦਾ ਸਮਝ ਵਿਚ ਆਈ ਤੇ ਸਭ ਤੋਂ ਉਤਮ ਸੇਵਾ ਜੰਗਲ ਵਿਚੋਂ ਲੱਕੜਾਂ ਇਕੱਠੀਆਂ ਕਰਕੇ ਲੰਗਰ ਲਈ ਲਿਆਉਣ ਦੀ ਉਨ੍ਹਾਂ ਨੇ ਸਾਂਭ ਲਈ। ਸੋ ਅੰਮ੍ਰਿਤ ਵੇਲੇ ਹੀ ਆਪ ਨੇ ਜੰਗਲ ਵਿਚ ਚਲੇ ਜਾਣਾ ਤੇ ਲੱਕੜਾਂ ਇਕੱਠੀਆਂ ਕਰਨੀਆਂ ਦੋ ਭਰੇ ਲਿਆਉਣੇ। ਇਕ ਗੁਰੂ ਕੇ ਲੰਗਰ ਵਿਚ ਰੱਖ ਦੇਣਾ ਤੇ ਦੂਸਰੇ ਵਿਚੋਂ ਅਧਾ ਵੇਚ ਕੇ ਆਪਣੀ ਉਪਜੀਵਕਾ ਤੋਰਨੀ ਅੱਧਾ ਭਰਾ ਜਮ੍ਹਾਂ ਕਰ ਲੈਣਾ। ਉਹ ਇਸ ਕਰਕੇ ਕਿ ਗੁਰੂ ਕੇ ਲੰਗਰ ਵਿਚ ਜੇ ਪ੍ਰਸ਼ਾਦਾ ਛਕੀਏ ਤਾਂ ਸੇਵਾ ਕਾਹਦੀ ਰਹਿ ਗਈ। ਉਹ ਤਾਂ ਪ੍ਰਸ਼ਾਦੇ ਸੇਵਾ ਦਾ ਮੁੱਲ ਅਸੀਂ ਨਾਲ ਦੀ ਨਾਲ ਲਈ ਜਾਂਦੇ ਹਾਂ। ਸੋ ਨਿਸ਼ਕਾਮ ਹੋ ਕੇ ਸੇਵਾ ਕਰਦੇ ਨੇ ਕਿ ਕਦੇ ਤਾਂ ਗੁਰੂ ਮਹਾਰਾਜ ਜੀ ਪ੍ਰਸੰਨ ਹੋਣਗੇ। ਸਮਾਂ ਬੀਤਦਾ ਗਿਆ ਤੇ ਸਰਦੀ ਆ ਗਈ। ਅੱਜ ਗੁਰੂ ਮਹਾਰਾਜ ਜੀ ਬਾਹਰ ਗਏ ਹੋਏ ਨ ਤੇ ਜਦੋਂ ਵਾਪਸ ਆਏ ਤਾਂ ਬਹੁਤ ਸਾਰੀ ਸੰਗਤ ਆਪ ਦੇ ਨਾਲ ਹੈ ਤੇ ਕਣੀਆਂ ਪੈ ਰਹੀਆਂ ਨੇ, ਬਸਤਰ ਭਿੱਜ ਗਏ। ਮਹਾਰਾਜ ਜੀ ਨੇ ਲਾਂਗਰੀ ਸਿੰਘ ਨੂੰ ਬੁਲਾਇਆ। ਕਹਿਣ ਲੱਗੇ, "ਪ੍ਰੇਮੀਆ! ਸੰਗਤਾਂ ਸਭ ਭਿੱਜੀਆਂ ਹੋਈਆਂ ਨੇ। ਇਨ੍ਹਾਂ ਲਈ ਅੱਜ ਸੇਕਣ ਦਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ। ਕਿੰਨੀ ਕੁ ਲੱਕੜ ਹੈ?"

ਮਹਾਰਾਜ ਸੱਚੇ ਪਾਤਿਸ਼ਾਹ! ਲੱਕੜ ਤਾਂ ਲੰਗਰ ਪਕਾਉਣ ਜੋਗੀ ਹੀ ਹੈ ਵਾਧੂ ਹੈ ਨਹੀਂ।"

ਮਹਾਰਾਜ ਜੀ ਚੁੱਪ ਕਰ ਗਏ ਤੇ ਅੰਦਰ ਚਲੇ ਗਏ। ਏਧਰ ਭਾਈ ਆਦਮ ਨੂੰ ਪਤਾ ਲੱਗਿਆ ਕਿ ਸੰਗਤ ਭਿੱਜੀ ਹੋਈ ਹੈ ਤੇ ਹੋਵੇ ਨਾ ਜੋ ਘਰ ਲੱਕੜਾਂ ਪਈਆਂ ਨੇ ਉਹ ਸਾਰੀਆਂ ਥਾਂ ਥਾਂ ਹਰ ਡੇਰੇ ਦੇ ਅੱਗੇ ਮੈਂ ਧੂਣੀਆਂ ਲਾ ਦਿਆਂ। ਸੋ ਆਪ ਨੇ, ਲੜਕੀ ਤੇ ਘਰਵਾਲੀ ਤਿੰਨਾਂ ਨੇ ਢੋ-ਢੋ ਕੇ ਧੂਣੀਆਂ ਹੀ ਧੂਣੀਆਂ ਲਾ ਦਿੱਤੀਆਂ। ਗਰਮ ਹਵਾ ਕਮਰਿਆਂ ਦੇ ਅੰਦਰ ਨੂੰ ਜਾਂਦੀ ਹੈ, ਬਸਤਰ ਸੁੱਕ ਗਏ ਤੇ ਅੰਮ੍ਰਿਤ ਵੇਲੇ ਜਦੋਂ ਮਹਾਰਾਜ ਜੀ ਬਾਹਰ ਆਏ ਇਸ਼ਨਾਨ ਕਰਕੇ ਰੋਸ਼ਨੀ ਦੇਖੀ ਤਾਂ ਕਹਿਣ ਲੱਗੇ ਕਿ ਪ੍ਰੇਮੀਓ! ਇਹ ਕੀ ਗੱਲ ਲਕੜਾ ਕਿਥੋਂ ਆ ਗਈਆਂ? ਕਹਿੰਦੇ ਪਾਤਸ਼ਾਹ! ਇਕ ਆਪ ਦਾ ਗੁਰਸਿਖ ਹੈ ਇਥੇ ਉਸ ਦਾ ਨਾਂ ਆਦਮ ਹੈ ਤੇ ਉਹ ਬਰਾੜ ਜਾਤੀ ਦਾ ਹੈ। ਉਹ ਇਥੇ ਸੇਵਾ ਕਰਦਾ ਹੈ ਤੇ ਰੋਜ਼ ਲੰਗਰ ਲਈ ਇਕ ਭਰਾ ਲੈ ਕੇ ਆਉਂਦਾ ਹੈ ਤੇ ਉਸ ਦੇ ਘਰੋਂ ਬੀਬੀ ਤੇ ਇਕ ਲੜਕੀ ਹੈ। ਉਹ ਸਵੇਰ ਤੋਂ ਲੱਗ ਜਾਂਦੀਆਂ ਨੇ ਸੇਵਾ ਵਿਚ ਝਾੜੂ ਦਿੰਦੀਆਂ ਨੇ, ਬਰਤਨ ਮਾਂਜਦੀਆਂ ਹਨ, ਪ੍ਰਸ਼ਾਦੇ ਲਾਹੁੰਦੀਆਂ ਨੇ, ਚੱਕੀ ਪੀਂਹਦੀਆਂ ਨੇ ਤੇ ਦਾਲਾਂ ਆਦਿ ਸਭ ਸਾਫ ਕਰਦੀਆਂ ਹਨ, ਦਿਨ ਰਾਤ ਸੇਵਾ ਕਰ ਰਿਹਾ ਹੈ ਪਰਿਵਾਰ ਮਹਾਰਾਜ। ਪ੍ਰਸ਼ਾਦਾ ਲੰਗਰ ਵਿਚੋਂ ਨਹੀਂ ਛਕਦੇ, ਆਪਣੇ ਘਰੋਂ ਹੀ ਜਾ ਕੇ ਛਕਦੇ ਨੇ। ਸੋ ਮਹਾਰਾਜ ਜੀ ਬੜੇ ਹੀ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਸਵੇਰੇ ਸਾਡੇ ਪੇਸ਼ ਕਰਿਓ ਇਨ੍ਹਾਂ ਨੂੰ।"

ਦੀਵਾਨ ਦੀ ਸਮਾਪਤੀ ਹੋਈ, ਹੁਕਮ ਦੇ ਮੁਤਾਬਿਕ ਭਾਈ ਆਦਮ ਖੜ੍ਹੇ ਹੋ ਗਏ ਦੋਹੇ ਹੱਥ ਜੋੜ ਕੇ। ਸੇਵਾਦਾਰ ਬੋਲਿਆ, "ਮਹਾਰਾਜ! ਇਹ ਗੁਰਸਿਖ ਹੈ।"

ਮਹਾਰਾਜ ਜੀ ਕਹਿੰਦੇ, "ਗੁਰਸਿਖਾ! ਦੱਸ ਗੁਰੂ ਤੋਂ ਤੈਨੂੰ ਕੀ ਦਿਵਾ ਦੇਈਏ? ਜੋ ਮੰਗਣਾ ਹੈ ਮੰਗ ਲੈ ਗੁਰੂ ਨਾਨਕ ਸਾਹਿਬ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ।"

ਸੰਗ ਗਿਆ ਕਿ ਮੇਰੀ ਉਮਰ ਵੱਡੀ ਹੈ ਤੇ ਐਨੀ ਸੰਗਤ ਵਿਚ ਮੈਂ ਕੀ ਕਹਾਂ? ਕਹਿ ਨਾ ਸਕਿਆ। ਕਹਿੰਦਾ, "ਪਾਤਿਸ਼ਾਹ! ਨਾਮ ਦਾਨ ਦੇ ਦਿਓ।"

ਮਹਾਰਾਜ ਜੀ ਕਹਿੰਦੇ, "ਇਹ ਤਾਂ ਦੇਵਾਂਗੇ ਹੀ ਪਰ ਤੂੰ ਜਿਹੜੀ ਮੰਗ ਲੈ ਕੇ ਸੇਵਾ ਕਰਦਾ ਹੈਂ ਉਹ ਦੱਸ।"

ਫੇਰ ਚੁੱਪ ਕਰ ਗਿਆ, ਤਿੰਨ ਬਚਨ ਕਰੇ।

ਮਹਾਰਾਜ ਜੀ ਕਹਿੰਦੇ, "ਤਿੰਨ ਬਚਨ ਹੁੰਦੇ ਨੇ। ਚੱਲ ਤੂੰ ਘਰ ਸਲਾਹ ਕਰ ਲੈ, ਚੌਥਾ ਬਚਨ ਅਸੀਂ ਰੱਖ ਲੈਂਦੇ ਹਾਂ।" ਜਦੋਂ ਮਹਾਂਪੁਰਸ਼ ਪ੍ਰਸੰਨ ਹੁੰਦੇ ਨੇ ਉਸ ਵੇਲੇ ਜਿਵੇਂ ਜਵਾਰ ਭਾਟਾ ਆਉਂਦਾ ਹੈ ਇਸੇ ਤਰ੍ਹਾਂ ਦਾ ਜਵਾਰ ਭਾਟਾ ਉਨ੍ਹਾਂ ਦੇ ਹਿਰਦੇ ਵਿਚ ਹੋਇਆ ਕਰਦਾ ਹੈ। ਉਦੋਂ ਜੋ ਬਚਨ ਕਰ ਦੇਣ ਉਹ ਪੂਰਾ ਹੋ ਜਾਇਆ ਕਰਦਾ ਹੈ। ਮਹਾਂਪੁਰਸ਼ਾਂ ਤੋਂ ਬਚਨ ਲੈਣਾ ਬੜਾ ਔਖਾ ਹੈ। ਇਕ ਤਾਂ ਕਹਿੰਦੇ ਬਚਨ ਕਰ ਦਿਓ ਜੀ। ਉਹ ਕਹੀ ਜਾਂਦੇ ਨੇ ਕਿ ਮਹਾਰਾਜ ਜੀ ਭਲੀ ਕਰਨਗੇ। ਮਹਾਰਾਜ ਜੀ (ਵੱਡੇ ਸੰਤ ਜੀ ਮਹਾਰਾਜ ਰਾੜੇ ਵਾਲੇ) ਦੱਸਿਆ ਕਰਦੇ ਸਨ ਕਿ ਮੱਲੋ ਮੱਲੀ ਬਚਨ ਲੈਂਦੇ ਨੇ। ਇਕ ਹੋਇਆ ਕਦਾ ਹੈ ਉਨ੍ਹਾਂ ਦੇ ਹਿਰਦੇ ਤੋਂ ਆਪੇ ਹੀ ਉਠਣਾ। ਉਹ ਜਵਾਰ ਭਾਟਾ ਹੁੰਦਾ ਹੈ ਤੇ ਬਖਸ਼ਿਸ਼ਾਂ ਦਾ ਭਰਿਆ ਹੋਇਆ ਹੁੰਦਾ ਹੈ।

ਸੋ ਮਹਾਰਾਜ ਜੀ ਕਹਿੰਦੇ, "ਕੋਈ ਨਾ! ਅਸੀਂ ਸਾਂਭ ਕੇ ਰੱਖਦੇ ਹਾਂ, ਸਲਾਹ ਕਰ ਲਓ।"

ਸਲਾਹ ਕਰ ਲਈ ਦੂਸਰਾ ਦਿਨ ਆ ਗਿਆ ਫੇਰ

ਖੜ੍ਹੇ ਹੋ ਗਏ ਤਿੰਨੇ ਜਣੇ।

ਮਹਾਰਾਜ ਜੀ ਕਹਿੰਦੇ, "ਦੱਸੋ ਭਾਈ! ਕੀ ਮੰਗ ਹੈ?"

ਦੋਹੇ ਚੁਪ ਰਹੇ ਤਾਂ ਲੜਕੀ ਬੋਲੀ, ਕਹਿਣ ਲੱਗੀ, "ਪਾਤਿਸ਼ਾਹ! ਮੇਰਾ ਵੀਰ ਨਹੀਂ ਹੈ ਸਾਡੀ ਜੋੜੀ ਬਣਾ ਦਿਓ।"

ਐਨੀ ਗੱਲ ਕਹਿਣ ਦੀ ਦੇਰ ਸੀ। ਮਹਾਰਾਜ ਜੀ ਗੰਭੀਰ ਹੋ ਗਏ, ਨੇਤਰ ਬੰਦ ਕਰ ਲਏ।

ਕਹਿੰਦੇ, "ਭਾਈ ਆਦਮ! ਤੇਰੇ ਪਿਛਲੇ ਜਨਮ ਦੇ ਐਸੇ ਕਰਮ ਨੇ ਕਿ ਤੇਰੇ ਸੱਤ ਜਨਮ ਤੱਕ ਪੁੱਤਰ ਨਹੀਂ ਹੋਣਾ, ਕਰਮਾਂ ਦਾ ਫਲ ਤੈਨੂੰ ਮਿਲ ਰਿਹਾ ਹੈ ਪਰ ਤੂੰ ਗੁਰੂ ਨਾਨਕ ਦੀ ਸੰਗਤ ਦੀ ਸੇਵਾ ਕਰਕੇ ਸਾਨੂੰ ਪ੍ਰਸੰਨ ਕਰ ਲਿਆ। ਜਾਹ! ਅਸੀਂ ਤੈਨੂੰ ਇਕ ਪੁੱਤਰ ਦੀ ਦਾਤ ਦਿੰਦੇ ਹਾਂ। ਉਹ ਪੁੱਤਰ ਸਾਡੇ ਹੋਣਾ ਸੀ ਅਸੀਂ ਤੇਰੇ ਘਰ ਭੇਜਦੇ ਹਾਂ। ਉਸ ਦਾ ਨਾਂ ਭਾਈ ਭਗਤੂ ਰੱਖੀਂ, ਉਹ ਜੰਮਦਾ ਹੀ ਸਿਧ ਹੋਏਗਾ।"

ਸੋ ਇਸ ਤਰ੍ਹਾਂ ਦੇ ਨਾਲ –

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥* *ਅੰਗ - 266*

ਇਸ ਤਰ੍ਹਾਂ ਸੇਵਾ ਗੁਰੂ ਅਮਰਦਾਸ ਜੀ ਤਨ, ਮਨ ਤੋਂ ਕਰ ਰਹੇ ਨੇ। ਹਰ ਤਰ੍ਹਾਂ ਦੀ ਸੇਵਾ ਕਰਦੇ ਨੇ। ਇਥੋਂ ਤੱਕ ਲਿਖਿਆ ਹੋਇਆ ਹੈ ਕਿ ਆਪ ਨੇ ਰਾਤ ਨੂੰ ਸੌਣਾ ਛੱਡ ਦਿੱਤਾ।

ਭੁੱਖ ਤੋਂ ਬਗੈਰ ਜਿੰਨਾ ਜੀਅ ਕਰਦਾ ਹੈ ਖਾ ਲਓ, ਪੀ ਲਓ, ਉਹ ਰੋਗ ਹੀ ਪੈਦਾ ਕਰਦੇ ਨੇ। ਨਾਮ ਦੀ ਸ਼ਕਤੀ ਜੇ ਕਿਸੇ ਨੂੰ ਮਿਲ ਜਾਵੇ ਉਹ ਬਹੁਤ ਵੱਡੀ ਸ਼ਕਤੀ ਹੋਇਆ ਕਰਦੀ ਹੈ। ਸੋ ਆਪ ਦਿਨ ਰਾਤ ਜਾਗ ਕੇ ਸੇਵਾ ਕਰਦੇ ਨੇ। ਪਹਿਲਾਂ ਗਿਆਰਾ ਵਜੇ ਤੱਕ ਗੁਰੂ ਮਹਾਰਾਜ ਜੀ ਦਾ ਦੀਵਾਨ ਲਗਦਾ ਹੈ, ਸਮਾਪਤੀ ਹੁੰਦੀ ਹੈ। ਉਸ ਤੋਂ ਬਾਅਦ ਆਪ ਥੋੜ੍ਹਾ ਆਰਾਮ ਕਰਕੇ ਗਾਗਰ ਚੁੱਕ ਲੈਂਦੇ ਨੇ ਤੇ ਪਿਛੇ ਪੈਰੀਂ ਚਾਰ ਮੀਲ ਜਾਂਦੇ ਨੇ ਬਿਆਸਾ 'ਚੋਂ ਪਾਣੀ ਲੈਣ ਵਾਸਤੇ ਤੇ ਰਸਤੇ ਵਿਚ ਦਮਦਮਾ ਆਉਂਦਾ ਹੈ। ਉਥੇ ਜਾ ਕੇ ਆਪ ਅਰਦਾਸ ਕਰਦੇ ਨੇ ਕਿ ਹੇ ਪਾਤਿਸ਼ਾਹ! ਹੁਣ ਮੇਰੀ ਪਿੱਠ ਹੋਣ ਲੱਗੀ ਹੈ ਕਿਉਂਕਿ ਮੈਂ ਖੱਡ, (ਡੂੰਘੀ ਘਾਟੀ) ਵਿਚ ਵੜਨ ਲੱਗਿਆ ਹਾਂ। ਖਿਮਾ ਕਰਨਾ, ਮੇਰੀ ਪਿੱਠ ਆਪ ਵੱਲ ਹੋ ਰਹੀ ਹੈ। ਉਥੇ ਅਰਦਾਸ ਕਰਕੇ ਪਿੱਠ ਕਰਕੇ ਤੇ ਦਰਿਆ ਵੱਲ ਮੂੰਹ ਕਰਕੇ ਤੁਰਦੇ ਸਨ। ਦਰਿਆ ਵਿਚੋਂ ਜਲ ਦੀ ਗਾਗਰ ਭਰਨੀ ਜਿਉਂ ਜਿਉਂ ਸਰੀਰ ਜੀਰਨ ਹੋ ਗਿਆ, ਕਮਜ਼ੋਰ ਹੋ ਗਿਆ ਉਸ ਵੇਲੇ ਆਪ ਨੇ ਪਾਣੀ ਵਿਚ ਚੁੱਭੀ ਮਾਰਨੀ, ਸਣੇ ਕੱਪੜੀ ਤੇ ਸਿਰ ਦੇ ਉਤੇ ਗਾਗਰ ਰੱਖ ਲੈਣੀ ਪਾਣੀ ਦੀ ਭਰੀ ਹੋਈ। ਬਿਰਧ ਹੁੰਦੇ ਤੁਰੇ ਜਾ ਰਹੇ ਨੇ, 83 ਸਾਲ ਦੀ ਉਮਰ ਹੋ ਗਈ।

*ਮਧਰੋ ਡੀਲ ਸਰੀਰ ਅਲਪ ਇਨ,*
*ਬਹੁਰ ਬ੍ਰਿਧ, ਬਲ ਨਾਹਿੰ ਜਿਨ ਮਾਂਹਿ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਗ - 1383*

ਬਲ ਘੱਟ ਗਿਆ ਬਹੁਤ –

*ਸ੍ਵੇਤ ਕੇਸ, ਤਨ ਚਰਮ ਸਿਥਲ ਬਹੁ,..........।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਗ - 1383*

ਕਹਿੰਦੇ ਤਨ ਵਿਚ ਵਲ ਪੈ ਗਏ ਤੇ ਮਾਸ ਵਿਚ ਝੁਰੜੀਆਂ ਪੈ ਗਈਆਂ –

*............ ਸੇਵਾ ਸਭਿ ਤੇ ਅਧਿਕ ਕਰਾਹਿੰ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਗ - 1383*

ਸਾਰਿਆਂ ਤੋਂ ਵੱਧ ਫੇਰ ਵੀ ਸੇਵਾ ਕਰਦੇ ਨੇ। ਸੋ ਇਸੇ ਤਰ੍ਹਾਂ ਸੇਵਾ ਕਰ ਰਹੇ ਨੇ ਤੇ ਅੱਜ ਮੀਂਹ ਪੈਣਾ ਸ਼ੁਰੂ ਹੋ ਗਿਆ, ਚਿੱਕੜ ਹੋ ਗਿਆ, ਬੱਦਲ ਬਹੁਤ ਗਾੜ੍ਹੇ ਨੇ, ਰਸਤਾ ਦਿਸਦਾ ਨਹੀਂ। ਆਪ ਨੇ ਗਾਗਰ ਉਠਾਈ ਤੇ ਬਿਆਸਾ ਵੱਲ ਨੂੰ ਚੱਲ ਪਏ। ਉਸੇ ਤਰ੍ਹਾਂ ਨਾਲ ਜਾਂਦੇ ਨੇ ਪਿੱਛੇ ਨੂੰ ਦੇਖਦੇ ਨੇ। ਹਨ੍ਹੇਰੀ ਚੱਲ ਰਹੀ ਹੈ, ਰਸਤੇ ਵਿਚ ਕੰਡੇ ਉਡ ਉਡ ਕੇ ਗਿਰੇ ਹੋਏ ਨੇ ਤੇ ਅਖੀਰ ਬਿਆਸਾ ਪਹੁੰਚ ਜਾਂਦੇ ਨੇ, ਕਿਉਂਕਿ ਇਹ ਕਸਵੱਟੀ ਹੈ ਸਾਧ ਸੰਗਤ ਜੀ! ਜਦੋਂ ਕੋਈ ਵੱਡਾ ਫਲ ਦੇਣਾ ਹੋਵੇ ਤਾਂ ਅਧਿਆਪਕ ਇਮਤਿਹਾਨ ਵੀ ਔਖਾ ਲੈਂਦਾ ਹੈ। ਸੋ ਇਸੇ ਤਰ੍ਹਾਂ ਜੋ ਰੂਹਾਨੀ ਪੜ੍ਹਾਈ ਹੈ ਇਸ ਦੇ ਵਿਚ ਵੀ ਕਸਵੱਟੀ ਲਗਦੀ ਹੈ। ਜਦੋਂ ਕਸਵੱਟੀ ਲਗਦੀ ਹੈ ਤਾਂ ਕੱਚਾ ਤਾਂ ਲੰਘ ਨਹੀਂ ਸਕਦਾ, ਉਥੇ ਪੱਕੇ ਹੀ ਲੰਘਦੇ ਨੇ। ਇਸ ਤਰ੍ਹਾਂ ਫਰਮਾਨ ਹੈ –

*ਧਾਰਨਾ - ਜਦੋਂ ਲਗਦੀ ਐ ਰਾਮ ਕਸੌਟੀ,*
*ਪਾਸ ਹੁੰਦੇ ਮਰਜੀਵੜੇ -2, 2.*
*ਮੇਰੇ ਪਿਆਰੇ, ਪਾਸ ਹੁੰਦੇ ਮਰਜੀਵੜੇ -2, 2.*
*ਜਦੋਂ ਲਗਦੀ ਐ ਰਾਮ ਕਸੌਟੀ,........ -2.*

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥*
*ਅੰਗ - 948*

ਜਿੰਨੇ ਵੀ ਸੰਸਾਰ ਵਿਚ ਮਹਾਂਪੁਰਸ਼ ਆਏ ਨੇ, ਉਨ੍ਹਾਂ ਨੂੰ ਕਸਵੱਟੀ ਵਿੱਚੀ ਲੰਘਣਾ ਹੀ ਪੈਂਦਾ ਹੈ, ਪਾਸ ਹੋਣਾ ਪੈਂਦਾ ਹੈ। ਗੁਰੂ ਅੰਗਦ ਸਾਹਿਬ ਮਹਾਰਾਜ ਮੁਰਦਾ ਖਾਣ ਤੱਕ ਚਲੇ ਗਏ। ਬਾਬਾ ਫਰੀਦ ਜੀ ਨੇ ਬਾਰਾਂ ਸਾਲ ਪਹਿਲਾਂ ਤਪ ਕਰਿਆ, ਬਾਰਾਂ ਸਾਲ ਫੇਰ ਤਪ ਕਰਿਆ, ਫੇਰ ਤਪ ਕਰਿਆ, ਸਰੀਰ ਸੁਕਾ ਲਿਆ –

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥*

*ਅਜੇ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥*
*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*
*ਅੰਗ - 1382*

ਅਖੀਰ ਆਵਾਜ਼ ਆਈ ਫਰੀਦਾ! ਤੂੰ ਜਿਥੇ ਰੱਬ ਨੂੰ ਭਾਲਦਾ ਹੈ ਰੱਬ ਇਥੇ ਨਹੀਂ ਹੈ ਉਹ ਤਾਂ ਤੇਰੇ ਹਿਰਦੇ ਵਿਚ ਵਸਦਾ ਹੈ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥*
*ਅੰਗ - 1378*

ਜਾਹ! ਕਿਸੇ ਮੁਰਸ਼ਦ-ਏ-ਕਾਮਲ ਦੀ ਸ਼ਰਨ ਪੈ। ਗੈਬ ਦੀ ਆਵਾਜ ਸੁਣੀ, ਸੇਧ ਆਈ ਕਿ ਅਜਮੇਰ ਸ਼ਰੀਫ ਚਲਿਆ ਜਾਹ, ਉਥੇ ਬਖਤਿਆਰ ਕਾਕੀ ਮੋਇਉਦੀਨ ਦਾ ਮੁਰੀਦ ਅੱਜ ਕੱਲ੍ਹ ਪੂਰਨ ਹੈ, ਉਥੇ ਪਹੁੰਚ ਜਾਹ। ਸੋ ਆਵਾਜ਼ ਨਾਲ ਉਥੇ ਪਹੁੰਚਦਾ ਹੈ। ਸੇਵਾ ਕਰਨੀ ਸ਼ੁਰੂ ਕਰ ਦਿੱਤੀ, ਦਿਨ ਰਾਤ ਇਕ ਕਰ ਦਿੱਤਾ, ਚੌਦਾ ਸਾਲ ਸੇਵਾ ਕਰਦੇ ਨੂੰ ਲੰਘ ਗਏ। ਪਹਿਲੇ ਦਿਨ ਮੁਰਸ਼ਦ ਨੇ ਬੁਲਾਇਆ, ਮੁੜ ਕੇ ਚੌਦਾਂ ਸਾਲ ਬੁਲਾਇਆ ਹੀ ਨਹੀਂ। ਗੁਰੂ ਐਸਾ ਨਹੀਂ ਹੁੰਦਾ ਕਿ ਕੁਝ ਜਾਣਦੇ ਨਹੀਂ, ਸਭ ਕੁਝ ਜਾਣਦੇ ਹੁੰਦੇ ਨੇ ਪਰ ਉਸ ਨੂੰ ਕੁਠਾਲੀ ਵਿਚ ਪਾ ਕੇ ਉਸ ਦੇ ਵਿਚੋਂ ਖੋਟ ਕਢਣੀ ਹੁੰਦੀ ਹੈ। ਮਾਣ ਉਸ ਦੇ ਵਿਚ ਰਹਿਣ ਦੇਣਾ, ਆਪਣਾ ਰੂਪ ਬਣਾਉਣਾ ਹੁੰਦਾ ਹੈ।

ਸੋ ਅੱਜ ਮੁਰਸ਼ਦ ਨੇ ਦੇਖਿਆ ਕਿ ਇਮਤਿਹਾਨ ਲੈ ਕੇ ਦੇਖੀਏ। ਉਸ ਵੇਲੇ ਆਪਣੀ ਸ਼ਕਤੀ ਦੇ ਨਾਲ ਝੱਖਣ ਝਾਗੀ ਮੀਂਹ ਵਰਸਾ ਦਿੱਤਾ। ਐਨਾ ਮੀਂਹ ਪਿਆ ਕਿ ਜਿਥੇ ਅੱਗ ਦੱਬ ਕੇ ਰੱਖਦੇ ਸੀ ਉਥੇ ਵੀ ਪਾਣੀ ਆ ਗਿਆ। ਬਾਬਾ ਫਰੀਦ ਇਕ ਵਜੇ ਉਠੇ, ਇਸ਼ਨਾਨ ਕਰਾਉਣਾ ਹੈ ਮੁਰਸ਼ਦ ਦਾ, ਜਦੋਂ ਅੱਗ ਵਿਚ ਹੱਥ ਪਾਇਆ ਤਾਂ ਦੇਖਿਆ ਕਿ ਅੱਗ ਤਾਂ ਹੈ ਨਹੀਂ ਪਾਣੀ ਹੀ ਪਾਣੀ ਹੈ। ਉਸ ਵੇਲੇ ਪੈਰਾਂ ਹੇਠੋਂ ਧਰਤੀ ਨਿਕਲ ਗਈ, ਸਿਰ ਚਕਰਾ ਗਿਆ ਕਿ ਹੁਣ ਕੀ ਹੋਏਗਾ? ਚੌਦਾਂ ਸਾਲ ਦੀ ਸੇਵਾ ਵਿਚ ਜੇ ਅੱਜ ਨਾਗਾ ਪੈ ਗਿਆ ਫੇਰ ਤਾਂ ਸੇਵਾ ਥਾਂ ਨਹੀਂ ਪੈਣੀ। ਬੜੇ ਉਤਾਰ ਚੜ੍ਹਾਅ ਆਉਂਦੇ ਨੇ ਮਨ ਦੇ ਵਿਚ ਤੇ ਕੁਝ ਸਮਝ ਵਿਚ ਨਹੀਂ ਆਉਂਦਾ। ਖਿਆਲ ਆਇਆ ਕਿ ਚਲੋ। ਸ਼ਹਿਰ ਵਿਚ ਚਲਦੇ ਹਾਂ, ਕਿਸੇ ਭਲੇ ਲੋਕ ਦਾ ਦਰਵਾਜਾ ਖੜਕਾਵਾਂਗੇ ਤੇ ਅੱਗ ਲੈ ਆਉਂਦੇ ਹਾਂ। ਸੋ ਆਪ ਅੱਗ ਲੈਣ ਵਾਸਤੇ ਜਾਂਦੇ ਨੇ -

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥*
*ਅੰਗ - 1379*

ਅਖੀਰ ਫੈਸਲਾ ਆਪ ਨੇ ਕੀਤਾ -

*ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,*
*ਭਿੱਜ ਭਾਵੇ ਜਾਵੇ ਕੰਬਲੀ -2, 2.*
*ਮੇਰੇ ਪਿਆਰੇ, ਭਿੱਜ ਭਾਵੇ ਜਾਵੇ ਕੰਬਲੀ -2, 2.*
*ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ, ..... -2.*
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥*
*ਅੰਗ - 1379*

ਅਜਮੇਰ ਸ਼ਹਿਰ ਵੱਲ ਨੂੰ ਚੱਲ ਪਏ, ਗਲੀਆਂ ਦੇ ਵਿਚ ਤੁਰੇ ਜਾਂਦੇ ਨੇ, ਹਨ੍ਹੇਰਾ ਹੈ ਬਹੁਤ ਮੀਂਹ ਵਰਸ ਰਿਹਾ ਹੈ। ਜਾਂਦੇ ਜਾਂਦੇ ਇਕ ਚੁਬਾਰੇ ਦੇ ਅੰਦਰੋਂ ਲੋਅ ਨਜ਼ਰ ਆਈ, ਆਸ ਬਝੀ ਮਨ ਦੇ ਅੰਦਰ ਕਿ ਇਥੇ ਜਾ ਕੇ ਦਸਤਕ ਦਿੰਦੇ ਹਾਂ, ਜਾਗਦਾ ਮਿਲ ਗਿਆ। ਅੱਗ ਸਾਰੇ ਹੀ ਘਰਾਂ ਵਿਚ ਰੱਖਿਆ ਕਰਦੇ ਸੀ, ਚੌਤਰਾ ਚੜ੍ਹ ਕੇ ਦਰਵਾਜਾ ਖੜਕਾਇਆ ਤਾਂ ਅੰਦਰੋਂ ਆਵਾਜ਼ ਆਈ ਕਿ ਕੌਣ?

ਕਹਿਣ ਲੱਗਿਆ, "ਮੈਂ ਮੁਰਸ਼ਦ ਦਾ ਮੁਰੀਦ।"

ਕਹਿੰਦੀ, " ਕੌਣ ਮੁਰਸ਼ਦ ਦਾ ਮੁਰੀਦ?"

ਕਹਿੰਦੇ, "ਮੈਂ ਫਰੀਦ ਹਾਂ।"

ਕਹਿੰਦੀ, "ਫਰੀਦਾ! ਇਸ ਵੇਲੇ ਤੈਨੂੰ ਕੀ ਲੋੜ ਪੈ ਗਈ?" ਆਵਾਜ਼ ਪਛਾਣੀ ਕਿ ਕੋਈ ਬੀਬੀ ਬੋਲਦੀ ਹੈ।

ਕਹਿਣ ਲੱਗੇ, "ਬੀਬਾ! ਦਰਵਾਜਾ ਖੋਲੋ ਤੇ ਮੈਂ ਤੁਹਾਨੂੰ ਦੱਸਾਂ।"

ਕਹਿੰਦੀ, "ਫਰੀਦਾ! ਜਿਸ ਦਰ ਤੇ ਤੂੰ ਆਇਆ ਹੈ ਇਹ ਪੀਰਾਂ-ਫਕੀਰਾਂ ਦਾ ਥਾਂ ਨਹੀਂ ਹੈ। ਇਸ ਥਾਂ ਤੋਂ ਤਾਂ ਦੋਜ਼ਖਾਂ ਦਾ ਟਿਕਟ ਮਿਲਦਾ ਹੈ।"

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥*
*ਅੰਗ - 642*

ਕਹਿੰਦੇ, "ਬੀਬੀ! ਜ਼ਰੂਰੀ ਕੰਮ ਹੈ।"

ਕਹਿੰਦੀ, "ਕੀ ਕੰਮ ਹੈ?"

ਕਹਿੰਦੇ, "ਅੱਗ ਬੁਝ ਗਈ ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਗਿਆ, ਮੈਨੂੰ ਥੋੜ੍ਹੀ ਅੱਗ ਦੇ ਦਿਓ।"

ਕਹਿੰਦੀ, "ਫਰੀਦਾ! ਮੁਰਸ਼ਦ ਜੇ ਦਿਨ ਚੜ੍ਹੇ ਨ੍ਹਾ ਲੈਂਦਾ ਤਾਂ ਕੋਈ ਫਰਕ ਪੈਂਦਾ ਸੀ। ਬੀਬੀ ਮੇਰਾ ਨੇਮ ਟੁੱਟ ਜਾਏਗਾ। ਬਾਰਾਂ ਸਾਲਾਂ ਦਾ ਤਪ ਪਹਿਲਾਂ, ਬਾਰਾਂ ਦਾ ਦੂਜਾ, ਚੌਦਾ ਸਾਲਾਂ ਦਾ ਇਹ। ਅਠਾਰਾਂ ਸਾਲਾਂ ਦੀ ਮੇਰੀ ਉਮਰ ਸੀ ਜਦੋਂ ਮੈਂ ਆਇਆ ਤੇ ਛਪੰਜਾ ਸਾਲਾਂ ਦੀ ਉਮਰ ਦੀ ਮਿਹਨਤ ਜੀਰੋ ਬਣ ਜਾਏਗੀ। ਕਿਰਪਾ ਕਰ ਮੇਰੇ ਤੇ।

ਦਰਵਾਜਾ ਖੋਲ੍ਹ ਦਿੱਤਾ।

ਕਹਿੰਦੀ, "ਐਡੀ ਲਗਨ, ਐਡਾ ਪਿਆਰ ਤੇਰਾ ਮੁਰਸ਼ਦ ਨਾਲ। ਅੱਗ ਮੈਂ ਮੁਫਤ ਤਾਂ ਨਹੀਂ ਦੇਣੀ।"

ਕਹਿਣ ਲੱਗੇ, "ਜਿਸ ਭਾਅ ਵੀ ਦੇ ਸਕਦੇ ਹੋ ਦਿਓ, ਮੈਂ ਕੀਮਤ ਦੇਣ ਨੂੰ ਤਿਆਰ ਹਾਂ। ਜੇ ਸਿਰ ਦੇ ਕੇ ਵੀ ਮਿਲਦੀ ਹੈ, ਜੇ ਚਮੜੀ ਦੇ ਕੇ ਵੀ ਮੇਰਾ ਗੁਰੂ ਪ੍ਰਸੰਨ ਹੁੰਦਾ ਹੈ, ਮੇਰਾ ਮੁਰਸ਼ਦ ਰਾਜ਼ੀ ਹੋ ਜਾਵੇ ਤਾਂ ਇਹ ਬਹੁਤ ਸਸਤਾ ਸੌਦਾ ਹੈ।"

ਕਹਿੰਦੀ, "ਮੈਨੂੰ ਅੱਖ ਦਾ ਡੇਲਾ ਕੱਢ ਕੇ ਦੇ ਦੇ।" ਬਾਬੇ ਫਰੀਦ ਨੇ ਅੱਖ ਅੱਗੇ ਕਰ ਦਿੱਤੀ।

ਕਹਿੰਦੀ, "ਮੈਂ ਨਹੀਂ ਕੱਢਣਾ, ਆਪੇ ਕੱਢ ਕੇ ਦੇ ਅੱਖ ਦਾ ਡੇਲਾ।"

ਉਸ ਵੇਲੇ ਬਾਬਾ ਫਰੀਦ ਜੀ ਨੇ ਅੱਖ ਦਾ ਡੇਲਾ ਕੱਢਿਆ, ਥਾਲੀ ਵਿਚ ਰੱਖ ਦਿੱਤਾ, ਅੱਗ ਲਿਆ ਕੇ ਉਸ ਨੇ ਦੇ ਦਿੱਤੀ। ਬਾਬੇ ਫਰੀਦ ਜੀ ਨੇ ਅੱਖ ਬੰਨ੍ਹ ਲਈ। ਕਿੰਨੀ ਤਕਲੀਫ ਹੋਈ ਹੋਏਗੀ, ਕਿੰਨੀ ਔਖ ਹੋਈ ਹੋਏਗੀ ਪਰ ਇਹ ਪਿਆਰ ਦੀਆਂ ਗੱਲਾਂ ਨੇ ਸਾਧ ਸੰਗਤ ਜੀ!

*ਧਾਰਨਾ - ਡੇਰਾ ਨੀਂ ਜਿੰਦੇ,*
*ਸਿਰ ਤੋਂ ਪਰੇ ਹੈ ਪ੍ਰੇਮ ਦਾ -2, 2.*
*ਪਰ੍ਹੇ ਹੈ ਪ੍ਰੇਮ ਦਾ ਡੇਰਾ, ਪਰੇ ਹੈ ਪ੍ਰੇਮ ਦਾ -2, 2.*
*ਡੇਰਾ ਨੀਂ ਜਿੰਦੇ,........... -2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *ਅੰਗ - 1412*

ਇਸ਼ਨਾਨ ਕਰਾਇਆ ਮੁਰਸ਼ਦ ਦਾ, ਅੱਖ ਬੰਨ੍ਹੀਂ ਹੋਈ ਹੈ, ਕੋਈ ਗੱਲ ਨਹੀਂ ਕਰੀ। ਦਿਨ ਚੜ੍ਹ ਗਿਆ।

ਕਹਿੰਦੇ, "ਫਰੀਦ ਨਹੀਂ ਆਇਆ?"

ਕਹਿਣ ਲੱਗੇ, "ਮਹਾਰਾਜ! ਗੋਸ਼ੇ ਵਿਚ ਬੈਠਾ ਹੈ, ਕੋਨੇ ਵਿਚ ਬੈਠਾ ਹੈ, ਕੰਧ ਵੱਲ ਮੂੰਹ ਕਰੀਂ।"

ਮੁਰਸ਼ਦ ਕਹਿਣ ਲੱਗੇ, "ਬੁਲਾਓ ਉਸ ਨੂੰ।" ਅੱਜ ਪਹਿਲੇ ਦਿਨ ਬੁਲਾਇਆ ਚੌਦਾਂ ਸਾਲ ਬਾਅਦ।

ਕਹਿਣ ਲੱਗੇ, "ਫਰੀਦਾ! ਅੱਖ ਬੰਨ੍ਹੀ ਹੋਈ ਹੈ?"

ਜੇ ਅਸੀਂ ਹੁੰਦੇ ਤਾਂ ਨਹਾਉਣ ਤੋਂ ਪਹਿਲਾਂ ਹੀ ਦੱਸਣਾ ਸੀ ਕਿ ਮਹਾਰਾਜ! ਅੱਜ ਡੇਲਾ ਦੇ ਕੇ ਅੱਗ ਮਿਲੀ ਹੈ। ਕੋਈ ਗੱਲ ਨਹੀਂ ਕਰੀ, ਰਾਤ ਦੀ ਕੋਈ ਬਾਤ ਨਹੀਂ ਦੱਸੀ।

ਕਹਿਣ ਲੱਗੇ, "ਮੁਰਸ਼ਦ! ਅੱਖ ਮੇਰੀ ਆਈ ਹੋਈ ਹੈ ਤਾਂ ਬੰਨ੍ਹੀ ਹੈ।"

ਅੱਖ ਆਈ ਹੋਈ, ਪੰਜਾਬੀ ਵਿਚ ਅੱਖ ਦੁਖਦੀ ਨੂੰ ਕਹਿੰਦੇ ਨੇ ਕਿ ਅੱਖ ਆਈ ਹੋਈ ਹੈ ਮੇਰੀ।

ਮੁਰਸ਼ਦ ਕਹਿਣ ਲੱਗੇ, "ਫਰੀਦਾ! ਆਈਆਂ ਹੋਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਹੋਈਆਂ ਬੰਨਿਆ ਕਰਦੇ ਨੇ, ਪੱਟੀ ਲਾਹ ਦੇ।"

ਪਟੀ ਲਾਹੁਣ ਦੀ ਦੇਰ ਸੀ, ਸਵਾਈ ਅੱਖ। ਸੋ ਏਸ ਤਰ੍ਹਾਂ ਕਸਵੱਟੀ ਵਿਚ ਪਾਸ ਹੋ ਗਏ। ਇਸੇ ਤਰ੍ਹਾਂ ਬਾਬਾ ਅਮਰ ਦਾਸ ਜੀ ਤੇ ਕਸਵੱਟੀ ਲੱਗੀ ਹੋਈ ਹੈ। ਮੀਂਹ ਪੈ ਰਿਹਾ ਹੈ, ਚਿੱਕੜ ਬਹੁਤ ਹੈ, ਬਿਰਧ ਅਵਸਥਾ ਹੈ, 83 ਸਾਲ ਦੀ ਉਮਰ, ਗਾਗਰ ਓਹੀ ਹੈ ਜੋ ਪਹਿਲੇ ਦਿਨ ਚੁੱਕੀ ਸੀ। ਬਿਆਸ ਵਿਚ ਜਾ ਕੇ ਸਣੇ ਕੱਪੜੀ ਚੁੱਭੀ ਮਾਰਦੇ ਨੇ। ਕੋਈ ਪਰਵਾਹ ਨਹੀਂ ਕਿ ਕੱਪੜੇ ਭਿੱਜੇ ਨੇ, ਠੰਡ ਲੱਗ ਜਾਏਗੀ। ਗਾਗਰ ਭਰ ਕੇ ਸੀਸ ਤੇ ਚੁੱਕ ਲੈਂਦੇ ਨੇ ਤੇ ਚੱਲ ਪੈਂਦੇ ਨੇ। ਰਸਤੇ ਵਿਚ ਕਈ ਥਾਂ ਤਿਲਕਦੇ ਆਉਂਦੇ ਨੇ। ਅਖੀਰ ਨੇੜੇ ਆ ਕੇ ਇਕ ਜੁਲਾਹੇ ਦਾ ਘਰ ਸੀ ਤੇ ਹਨ੍ਹੇਰਾ ਹੋਣ ਕਰਕੇ ਕੁਝ ਨਜ਼ਰ ਨਹੀਂ ਸੀ ਆ ਰਿਹਾ ਇਨ੍ਹਾਂ ਦੀ ਕਿੱਲੇ ਨਾਲ ਠੋਕਰ ਲੱਗੀ ਤੇ ਠੋਕਰ ਲਗਦੀ-ਸਾਰ ਗਾਗਰ ਗਿਰ ਗਈ ਪਰ ਆਪ ਨੇ ਗਾਗਰ ਡੁਲ੍ਹਦੀ-ਡੁਲ੍ਹਦੀ ਬਚਾ ਲਈ। ਆਪ ਨੇ ਮੁੜ ਗਾਗਰ ਚੁਕ ਲਈ।

ਖੜਕਾ ਸੁਣ ਕੇ ਜੁਲਾਹੇ ਨੇ ਪੁਛਿਆ ਕਿ ਕੌਣ ਹੈ ਭਾਈ।"

ਕਹਿਣ ਲੱਗੇ, "ਮੈਂ ਸਤਿਗੁਰੂ ਦਾ ਦਾਸ ਹਾਂ, ਮੈਂ ਜਲ ਲੈ ਕੇ ਆਇਆ ਹਾਂ।"

ਕਹਿੰਦਾ, "ਕਿਹੜਾ ਦਾਸ ਹੈ?"

ਜੁਲਾਹੀ ਕਹਿਣ ਲੱਗੀ, "ਹੋਰ ਕੌਣ ਹੋਣੈ, ਅਮਰੂ ਹੈ ਜਿਸ ਨੂੰ ਕੋਈ ਹੋਰ ਥਾਂ ਨਹੀਂ ਹੈ, ਨਿਮਾਣਾ, ਨਿਥਾਵਾ ਹੈ।"

ਹੋਰ ਬਹੁਤ ਗੱਲਾਂ ਕਹਿ ਗਈ। ਓਧਰ ਗਾਗਰ ਚੁਕਦੇ ਚੁਕਦੇ ਮਹਾਰਾਜ ਜੀ ਦੇ ਮੁਖ 'ਚੋਂ ਨਿਕਲ ਗਿਆ, ਕਮਲੀਏ! ਜਿਸ ਦਾ ਥਾਂ ਗੁਰੂ ਦੇ ਘਰ ਵਿਚ ਹੋਵੇ ਉਹ ਕਿਵੇਂ ਨਿਥਾਵਾਂ ਹੁੰਦਾ ਹੈ, ਜਿਸ ਦੀ ਓਟ ਗੁਰੂ ਹੋਵੇ ਉਹ ਕਿਵੇਂ ਨਿਓਟਾ ਹੁੰਦਾ ਹੈ, ਜਿਸ ਦਾ ਆਸਰਾ ਹੀ ਗੁਰੂ ਹੋਵੇ ਉਹ ਕਿਵੇਂ ਨਿਆਸਰਾ ਹੁੰਦਾ ਹੈ, ਜਿਸ ਦੀ ਧਿਰ ਗੁਰੂ ਹੋਵੇ ਉਹ ਨਿਧਿਰਿਆ ਕਿਵੇਂ ਹੁੰਦਾ ਹੈ।"

ਗਾਗਰ ਚੁੱਕ ਲਈ ਤੇ ਏਸ ਤਰ੍ਹਾਂ ਕਹਿੰਦੇ-ਕਹਿੰਦੇ ਆਪ ਚਲੇ ਗਏ। ਅਮੋਘ ਬਾਣ ਲੱਗੇ ਨੇ ਸੰਤਾਂ ਦੇ ਬਚਨ, ਬਿਰਥਾ ਨਹੀਂ ਜਾਂਦੇ ਏਸ ਤਰ੍ਹਾਂ ਫੁਰਮਾਨ ਹੈ –

*ਧਾਰਨਾ - ਬਿਰਥਾ ਨਾ ਜਾਵੇ ਜੀ,*
*ਸੰਤਾਂ ਦਾ ਬੋਲ ਬੋਲਿਆ -2, 2.*
*ਸੰਤਾਂ ਦਾ ਬੋਲ ਬੋਲਿਆ -2, 2.*
*ਬਿਰਥਾ ਨਾ ਜਾਵੇ ਜੀ,............. -2.*

ਉਹ ਉਸੇ ਵੇਲੇ ਕਮਲੀ ਹੋ ਗਈ। ਕੱਪੜੇ ਪਾੜਨ

ਲੱਗ ਗਈ, ਆਪਣੇ ਆਪ ਨੂੰ ਹੀ ਦੰਦੀਆਂ ਵੱਢਣ ਲੱਗ ਗਈ। ਬਹੁਤ ਪਰੇਸ਼ਾਨੀ ਹੋਈ। ਆਪ ਗੁਰੂ ਚਰਨਾਂ ਵਿਚ ਪਹੁੰਚਦੇ ਨੇ, ਇਸ਼ਨਾਨ ਕਰਾਇਆ, ਆਪ ਇਸ਼ਨਾਨ ਕਰਿਆ ਦਿਨ ਚੜ੍ਹ ਆਇਆ ਤੇ ਏਧਰ ਗੁਰੂ ਮਹਾਰਾਜ ਜੀ ਨੇ ਜੋ ਕੌਤਕ ਵਰਤਾਇਆ ਸੀ ਆਪ ਘਟ ਘਟ ਦੇ ਜਾਨਣਹਾਰ ਸਾਰੀ ਗੱਲ ਜਾਣਦੇ ਨੇ।

ਉਸ ਵੇਲੇ ਕਹਿਣ ਲੱਗੇ, "ਬਾਬਾ ਅਮਰਦਾਸ ਜੀ ਦਾ ਇਸ਼ਨਾਨ ਕਰਾ ਕੇ, ਨਵੇਂ ਬਸਤਰ ਪਹਿਨਾ ਕੇ ਸਾਡੇ ਕੋਲ ਲੈ ਕੇ ਆਓ।" ਹੁਕਮ ਦੀ ਤਾਮੀਲ ਹੋ ਗਈ। ਨਵੇਂ ਬਸਤਰ ਪਹਿਨਾ ਦਿੱਤੇ ਤੇ ਜਦੋਂ ਮਹਾਰਾਜ ਜੀ ਨੇ ਸੀਸ ਤੋਂ ਸਿਰੋਪੇ ਲਾਹੇ ਤਾਂ ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਪੰਜ ਸੇਰ ਪੱਕੇ ਦੇ ਹੋਏ। ਜੋ ਮਿਲਦਾ ਸੀ ਸੀਸ ਤੇ ਬੰਨ੍ਹ ਲੈਂਦੇ ਸੀ।

ਸੋ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, "ਪੁਰਖਾ! ਰਾਤ ਕੀ ਹੋਇਆ ਸੀ ਦੱਸ?"

ਕਹਿੰਦੇ, "ਪਾਤਿਸ਼ਾਹ! ਆਪ ਘਟ ਘਟ ਦੇ ਜਾਨਣਹਾਰ ਹੋ ਤੇ ਮੈਂ ਕੀ ਦੱਸ ਸਕਦਾ ਹਾਂ?"

ਏਨੇ ਨੂੰ ਜੁਲਾਹਾ ਤੇ ਜੁਲਾਹੀ ਹੋਰ ਬੰਦੇ ਇਕੱਠੇ ਹੋ ਕੇ ਆ ਗਏ ਤੇ ਕਹਿਣ ਲੱਗੇ, ਪਾਤਿਸ਼ਾਹ! ਤੁਹਾਡਾ ਸੇਵਾਦਾਰ ਜਲ ਲੈ ਕੇ ਆ ਰਿਹਾ ਸੀ। ਉਥੇ ਕੁੰਭਲ ਦੇ ਵਿਚ ਗਿਰ ਗਿਆ। ਖੜਕਾ ਹੋਣ ਤੇ ਇਨ੍ਹਾਂ ਪੁਛਿਆ ਤਾਂ ਉਨ੍ਹਾਂ ਦੇ ਮੁਖ 'ਚੋਂ ਨਿਕਲ ਗਿਆ ਕਿ ਕਮਲੀਏ! ਜਿਸ ਦਾ ਗੁਰੂ ਦੇ ਘਰ ਥਾਂ ਹੋਵੇ ਉਹ ਨਿਥਾਵਾ ਕਿਵੇਂ ਹੁੰਦਾ ਹੈ?"

ਮਹਾਰਾਜ ਜੀ ਨੇ ਦ੍ਰਿਸ਼ਟੀ ਕਰੀ ਕਹਿਣ ਲੱਗੇ, "ਸੱਚੋ ਸੱਚ ਦੱਸੋ ਗੱਲ ਕੀ ਹੋਈ ਹੈ?"

ਕਹਿੰਦੇ ਪਾਤਸ਼ਾਹ, "ਸੱਚੋ ਸੱਚ ਤਾਂ ਆਹੀ ਹੈ, ਮੈਂ ਕਿਹਾ ਕਿਤੇ ਚੋਰ ਹੈ। ਇਹ ਕਹਿੰਦੀ ਚੋਰ ਨਹੀਂ ਹੈ, ਇਹ ਤਾਂ ਅਮਰੂ ਨਿਥਾਵਾ ਹੈ। ਨਾ ਇਸ ਨੂੰ ਦਿਨੇ ਚੈਨ ਹੈ ਨਾ ਰਾਤ ਨੂੰ ਚੈਨ ਹੈ, ਇਹ ਕਮਲਿਆਂ ਵਾਂਗ ਤੁਰਿਆ ਫਿਰਦਾ ਰਹਿੰਦਾ ਹੈ।"

ਜਦੋਂ ਇਕ ਗੱਲ ਕਹੀ ਤਾਂ ਮਹਾਰਾਜ ਜੀ ਪੂਰੇ ਜਲਾਲ ਵਿਚ ਆ ਗਏ। ਕਹਿਣ ਲੱਗੇ, "ਕਿਉਂ ਅਮਰਦਾਸ! ਕੀ ਗੱਲ ਹੋਈ?"

ਕਹਿੰਦੇ, "ਪਾਤਿਸ਼ਾਹ! ਇਸ ਨੇ ਮੈਨੂੰ ਠੀਕ ਹੀ ਕਿਹਾ ਸੀ, ਮੈਥੋਂ ਹੀ ਭੁੱਲ ਹੋ ਗਈ ਕਿਉਂਕਿ ਜਿਸ ਨੂੰ ਆਤਮਕ ਘਰ ਨਹੀਂ ਮਿਲਿਆ, ਉਹ ਨਿਥਾਵਾਂ ਹੀ ਹੁੰਦਾ ਹੈ ਪਾਤਿਸ਼ਾਹ! ਤੁਸੀਂ ਜਿਸ ਥਾਂ ਤੇ ਰਹਿੰਦੇ ਹੋ ਮੈਨੂੰ ਉਹ ਪ੍ਰਾਪਤ ਨਹੀਂ ਹੋਈ। ਇਸ ਕਰਕੇ ਅਜੇ ਮੈਨੂੰ ਕੋਈ ਥਾਂ ਨਹੀਂ ਮਿਲਿਆ, ਅਜੇ ਮੈਨੂੰ ਮਾਣ ਨਹੀਂ ਮਿਲਿਆ। ਸੋ ਮੇਰੇ ਮੂਹੋਂ ਤਾਂ ਵੈਸੇ ਹੀ ਨਿਕਲ ਗਈ, ਮੈਂ ਖਿਮਾ ਮੰਗਦਾ ਹਾਂ।"

ਮਹਾਰਾਜ ਜੀ ਨਿਮਰਤਾ ਦੇਖ ਕੇ ਪ੍ਰਸੰਨ ਹੋ ਗਏ, ਉਸ ਵੇਲੇ ਆਪ ਨੇ ਉਠ ਕੇ ਬੁਕਲ ਵਿਚ ਲੈ ਲਿਆ। ਨਿਗ੍ਹਾ ਕਰ ਦਿੱਤੀ।

*ਨਾਨਕ ਨਦਰੀ ਨਦਰਿ ਨਿਹਾਲ॥ ਅੰਗ - 8*

ਉਸ ਵੇਲੇ ਦੀ ਹਾਲਤ ਨੂੰ ਏਸ ਤਰ੍ਹਾਂ ਨਾਲ ਵਰਣਨ ਕਰਦੇ ਹਾਂ, ਅਧੋ ਅੱਧੀ ਪੜ੍ਹਿਓ ਭਾਈ!

*ਧਾਰਨਾ - ਜਦੋਂ ਨਦਰ ਗੁਰਾਂ ਨੇ ਧਾਰੀ,*
*ਲੋਹੇ ਤੋਂ ਮੈਂ ਲਾਲ ਹੋ ਗਿਆ -2, 2.*
*ਮੇਰੇ ਪਿਆਰੇ, ਲੋਹੇ ਤੋਂ ਮੈਂ ਲਾਲ ਹੋ ਗਿਆ -2, 2.*
*ਵਾਹਵਾ-ਵਾਹਵਾ, ਲੋਹੇ ਤੋਂ ਮੈਂ ਲਾਲ ਹੋ ਗਿਆ -2, 2.*
*ਜਦੋਂ ਨਦਰ ਗੁਰਾਂ ਨੇ ਧਾਰੀ,............ -2.*

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥*
*ਬਿਖੁ ਤੇ ਅੰਮ੍ਰਿਤੁ ਹੁਯਉ, ਨਾਮੁ ਸਤਿਗੁਰ ਮੁਖਿ ਭਣਿਅਉ॥*
*ਲੋਹਉ ਹੋਯਉ ਲਾਲੁ, ਨਦਰਿ ਸਤਿਗੁਰੁ ਜਦਿ ਧਾਰੈ॥*
*ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਅਉ ਬੀਚਾਰੈ॥*
*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ, ਦੁਖ ਦਰਿਦ੍ਰ ਤਿਨ ਕੇ ਗਇਆ॥*
*ਸਤਿਗੁਰੂ ਚਰਨ ਜਿਨ ਪਰਸਿਆ,*
*ਸੇ ਪਸੁ ਪਰੇਤ ਸੁਰਿਨਰ ਭਇਆ॥ ਅੰਗ - 1399*

ਸੋ ਏਸ ਤਰ੍ਹਾਂ ਆਪ ਜੀ ਦੇ ਮਨ ਦੇ ਅੰਦਰ ਐਸੇ ਵਲਵਲੇ ਉਠੇ ਤੇ ਗੁਰੂ ਮਹਾਰਾਜ ਜੀ ਨੇ ਅਗੰਮ ਨਿਗਮ ਦੀ ਸੋਝੀ ਦੇ ਕੇ, ਵਾਹਿਗੁਰੂ ਸਾਖਸ਼ਾਤ ਕਰਕੇ, ਘਟ ਘਟ ਵਿਚ ਵਿਆਪਕ ਦਿਖਾ ਦਿੱਤਾ, ਸਾਰਾ ਸੰਸਾਰ ਪਰਮੇਸ਼ਰ ਦਾ ਰੂਪ ਨਜ਼ਰ ਆਉਂਦਾ ਹੈ। ਜਿਹੜਾ ਵਾਹਿਗੁਰੂ ਕਿਸੇ ਨੂੰ ਅੱਖਾਂ ਦੇ ਨਾਲ ਦਿਸਦਾ ਨਹੀਂ ਓਸ ਵਾਹਿਗੁਰੂ ਦੇ ਦਰਸ਼ਨ ਹੋ ਗਏ। ਏਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਅੱਖਾਂ ਨਾਲ ਓ, ਦੇਖ ਲਿਆ -2, 2.*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਦਾ -2, 2.*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਦਾ*
*ਪਿਆਰਿਓ, ਦੇਖ ਲਿਆ,*
*ਅੱਖਾਂ ਨਾਲ ਓ, ............. -2.*

*ਹਰਿ ਕੇ ਸੰਤ ਸੁਣਹੁ ਜਨ ਭਾਈ*
*ਹਰਿ ਸਤਿਗੁਰ ਕੀ ਇਕ ਸਾਖੀ। ਅੰਗ - 87*

ਗਵਾਹੀ ਕਹਿੰਦੇ ਸੁਣੋ –

*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ॥*
*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ*
*ਗੁਰ ਬਚਨੀ ਸਹਜੇ ਚਾਖੀ॥*
*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*

*ਜਿਉ ਸੂਰਜ ਰੈਣਿ ਕਿਰਾਖੀ॥ ਅੰਗ - 87*

ਜਿਵੇਂ ਸੂਰਜ ਚੜ੍ਹੇ ਤੋਂ ਹਨ੍ਹੇਰਾ ਖਤਮ ਹੋ ਜਾਂਦਾ ਹੈ। ਗੁਰੂ ਅੰਗਦ ਸਾਹਿਬ ਦੀ ਬੁਕਲ ਵਿਚ ਆਉਣ ਦੀ ਦੇਰ ਸੀ ਕਿ ਸਾਰਾ ਹੀ ਹਨ੍ਹੇਰਾ ਦੂਰ ਹੋ ਗਿਆ, ਗਿਆਨ ਦਾ ਸੂਰਜ ਚੜ੍ਹ ਗਿਆ।

*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥ ਅੰਗ - 87*

ਇਨ੍ਹਾਂ ਅੱਖਾਂ ਦੇ ਨਾਲ ਦੇਖ ਕੇ ਆਪ ਨੇ ਫੁਰਮਾਨ ਕੀਤਾ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ ਅੰਗ - 922*

ਮਹਾਰਾਜ ਕਹਿੰਦੇ ਅਸੀਂ ਤਾਂ ਅੱਖਾਂ ਦੇ ਨਾਲ ਦੇਖ ਰਹੇ ਹਾਂ ਵਾਹਿਗੁਰੂ ਨੂੰ। ਸੰਸਾਰ ਅੰਦਰ ਉਸੇ ਦਾ ਜਲਵਾ ਹੈ ਉਹ ਆਪੇ ਹੀ ਅਨੇਕ ਰੰਗ ਕਰਦਾ ਹੈ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*(ਜਾਪੁ ਸਾਹਿਬ)*

ਸੋ ਇਸ ਤਰ੍ਹਾਂ ਨਾਮ ਜੱਪਣ ਦੇ ਨਾਲ ਕਿੱਡੀ ਵੱਡੀ ਪਦਵੀ ਪ੍ਰਾਪਤ ਹੋਈ, ਵਾਹਿਗੁਰੂ ਦਾ ਹੀ ਰੂਪ ਬਣ ਗਏ, ਇੰਜ ਪੜ੍ਹ ਲਓ –

*ਧਾਰਨਾ - ਪਿਆਰੇ ਜੀ, ਸੇਵਾ ਕਰਕੇ ਸਤਿਗੁਰੂ -2, 2.*
*ਹਰਿ ਜਨ ਰੂਪ ਹਰੀ ਦਾ ਹੋ ਗਏ -2, 2.*
*ਪਿਆਰਿਓ, ਸੇਵਾ ਕਰਕੇ ਸਤਿਗੁਰੂ ਦੀ -2.*

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥ ਅੰਗ - 1076*

ਜਿਸ ਤਰ੍ਹਾਂ ਪਾਣੀ ਵਿਚੋਂ ਲਹਿਰ ਉਠਦੀ ਹੈ ਫੇਰ ਉਹ ਪਾਣੀ ਦੇ ਵਿਚ ਹੀ ਸਮਾਅ ਜਾਂਦੀ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਆਪਣਾ ਰੂਪ ਬਣਾ ਕੇ ਪ੍ਰਮੇਸ਼ਰ ਬਣਾ ਦਿੱਤਾ। ਨਾਮ ਜੱਪਣ ਦੇ ਨਾਲ ਸਾਰੇ ਦੁਖਾਂ ਦਾ ਖਾਤਮਾ ਹੁੰਦਾ ਹੈ, ਸੇਵਾ ਕਰਨ ਦੇ ਨਾਲ ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ–

*ਤੁਵ ਤਨ ਮਹਿਂ ਹੁਇ ਕਰਿ ਪਰਵੇਸ਼ੁ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387*

ਕਹਿੰਦੇ ਹੇ ਅਮਰਦਾਸ! ਹੁਣ ਮੈਂ ਤੇਰੇ ਤਨ ਵਿਚ ਪ੍ਰਵੇਸ਼ ਕਰਨਾ ਹੈ –

*ਕਰਨੇ ਹੈਂ ਜਗ ਕਾਜ ਬਿਸ਼ੇਸ਼ੁ॥*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387*

ਸੰਸਾਰ ਦੇ ਕੰਮ, ਖਾਸ ਕਰਨੇ ਨੇ। ਗੁਰੂ ਨਾਨਕ ਮੇਰੇ ਵਿਚ ਤੇ ਗੁਰੂ ਨਾਨਕ ਨੇ ਹੀ ਹੁਣ ਤੇਰੇ ਵਿਚ ਆਉਣਾ ਹੈ ਤੇ ਸੰਸਾਰ ਵਿਚ ਬਹੁਤ ਕੰਮ ਕਰਨੇ ਨੇ –

*ਇਮਿ ਪ੍ਰਸੰਨ ਇਕ ਰੂਪ ਬਨਾਯੋ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387*

ਤੇਰਾ, ਮੇਰਾ ਤੇ ਗੁਰੂ ਨਾਨਕ ਪਾਤਿਸ਼ਾਹ ਦਾ ਹੁਣ ਇਕੋ ਰੂਪ ਹੋ ਗਿਆ।

*ਸਤਿਗੁਰ ਸੇਵ ਸਕਲ ਸਫਲਾਯੋ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387*
*ਮੈਂ ਅਪਨੇ ਅਸਥਾਨ ਬਿਠਾਵੌਂ।*
*ਗੁਰਤਾ ਗਾਦੀ ਦੈ ਹਰਖਾਵੌਂ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387*

ਹੁਣ ਮੈਂ ਤੁਹਾਨੂੰ ਗੁਰਤਾ ਗੱਦੀ ਦੇ ਕੇ ਬਹੁਤ ਪ੍ਰਸੰਨ ਹੋ ਰਿਹਾ ਹਾਂ।

*ਸਭਿ ਸੰਗਤਿ ਕੌ ਦਯੋ ਸੁਨਾਇ।*
*ਇਹੁ ਮੇਰੋ ਅਬ ਰੂਪ ਸੁਹਾਇ।*
*ਸ਼੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ, ਅੰਗ - 1387*

ਹੁਣ ਮੇਰੇ ਤੇ ਇਸ ਦੇ ਵਿਚ ਕੋਈ ਭੇਦ ਨ ਜਾਣਿਓ। ਤੁਸੀਂ ਬਹੁਤ ਮਖੌਲ ਕਰੇ, ਹਾਸੇ ਕਰੇ, ਬਹੁਤ ਠੱਠੇ ਕਰੇ ਪਰ ਇਨ੍ਹਾਂ ਨੇ ਸਮ ਬਿਰਤੀ ਰੱਖ ਕੇ ਆਪਣੇ ਆਪ ਨੂੰ ਪੂਰਾ ਬਣਾ ਲਿਆ। ਸੋ ਸਾਧ ਸੰਗਤ ਜੀ! ਹੁਣ ਸਮਾਂ ਇਜਾਜਤ ਨਹੀਂ ਦਿੰਦਾ ਇਥੇ ਹੀ ਮੈਂ ਸਮਾਪਤ ਕਰਦਾ ਹਾਂ। ਅੱਜ ਦੇ ਦੀਵਾਨ ਦੀ ਸਮਾਪਤੀ ਦੇ ਨਾਲ ਇਥੋਂ ਦੇ ਦੀਵਾਨ ਸਮਾਪਤ ਹੁੰਦੇ ਹਨ।

–ਅਨੰਦ ਸਾਹਿਬ–

–ਗੁਰ ਸਤੋਤਰ–

–ਅਰਦਾਸ–

# ਚੜ੍ਹਦੀ ਕਲਾ

***ਰਘਬੀਰ ਸਿੰਘ 'ਬੀਰ'***

## ਸਬਰ

ਜਿਸ ਆਦਮੀ ਵਿਚ ਸਬਰ ਨਾਲ ਇੰਤਜ਼ਾਰ ਕਰ ਸਕਣ ਦੀ ਖ਼ੂਬੀ ਹੈ, ਉਹ ਜੋ ਚਾਹੇ ਕਰ ਸਕਦਾ ਹੈ, ਉਸ ਦੀ ਡਿਕਸ਼ਨਰੀ (Dictionary) ਵਿਚ ਨਾਮੁਮਕਿਨ ਲਫਜ਼ ਹੁੰਦਾ ਹੀ ਨਹੀਂ। ਐਸਾ ਆਦਮੀ ਇਕ ਸ਼ਕਤੀ ਹੈ ਜਿਸ ਵਿਚ ਅਕਲ ਹੈਰਾਨ ਕਰਨ ਵਾਲੇ ਕਾਰਨਾਮੇ ਕਰਨ ਦੀ ਸਮਰੱਥਾ ਹੁੰਦੀ ਹੈ।

ਸ਼ਹਿਦ ਦੇ ਭਰੇ ਛੱਤੇ ਵਲ ਤੱਕਿਆਂ ਸਬਰ ਦੀ ਤਸਵੀਰ ਸਾਫ ਨਜ਼ਰ ਆਵੇਗੀ। ਮੱਖੀਆਂ ਦਾ ਫੁਲਾਂ ਵਿਚੋਂ ਸ਼ਹਿਦ ਦੇ ਜ਼ੱਰਿਆਂ (Atoms) ਨੂੰ ਖਿੱਚ ਕੇ ਲਿਆਉਣਾ, ਛੱਤੇ ਵਰਗੀ ਖੂਬਸੂਰਤ ਇਮਾਰਤ ਤਿਆਰ ਕਰਕੇ ਉਸ ਵਿਚ ਜਮ੍ਹਾਂ ਕਰਨਾ, ਸਬਰ ਦੇ ਫਲ ਦਾ ਜੀਉਂਦਾ ਸਬੂਤ ਹੈ।

ਮੈਂ ਕਾਲਜ ਦੇ ਦਿਨਾਂ ਵਿਚ ਹਾਫਜ਼ ਸ਼ੀਰਾਜ਼ੀ (ਪਰਸ਼ੀਆ ਦੇ ਪ੍ਰਸਿੱਧ ਕਵੀ) ਦਾ ਇਕ ਸ਼ੇਅਰ ਆਪਣੇ ਮੌਲਵੀ ਸਾਹਿਬ ਤੋਂ ਸੁਣਿਆ ਸੀ –

***ਰੋਜ਼ੇ ਬਰਸੀ ਬਵਸਲ ਹਾਫਜ਼***
***ਗਰ ਤਾਕਤੇ ਇੰਤਜ਼ਾਰ ਦਾਰੀ।***

ਉਲਥਾ –

***ਇਕ ਦਿਨ ਵਸਲ ਮਾਹੀ ਦਾ ਪਾਵੇ।***
***ਜਿਸ ਨੂੰ ਵਲ ਉਡੀਕਣ ਆਵੇ।***

ਇਸ ਸ਼ੇਅਰ ਨੇ ਮੇਰੀ ਜ਼ਿੰਦਗੀ ਤੇ ਇਕ ਅਜੀਬ ਅਸਰ ਪੈਦਾ ਕੀਤਾ। ਮੈਨੂੰ ਇਸ ਮਹਾਂਵਾਕ ਨੂੰ ਅਗਰ ਆਪਣੇ ਖੂਨ ਨਾਲ ਲਿਖ ਕੇ ਦੁਨੀਆਂ ਵਿਚ ਵੰਡਣਾ ਪਵੇ ਤਾਂ ਵੀ ਮਹਿੰਗਾ ਸੌਦਾ ਨਹੀਂ ਸਮਝਦਾ। ਇਸ ਨੇ ਮੇਰੇ ਹੌਂਸਲੇ ਤੇ ਸਬਰ ਨੂੰ ਖਾਸੀ ਦ੍ਰਿੜ੍ਹਤਾ ਦਿਤੀ।

ਸਚਾਈ ਦੀ ਢੂੰਡ ਵਿਚ ਇਸ ਮਹਾਂਵਾਕ ਨੇ ਜੋ ਰੰਗ ਦਿਖਾਇਆ ਹੈ, ਉਹ ਤਾਂ ਵਖਰਾ ਰਿਹਾ, ਮੈਂ ਸਬਰ ਦੇ ਅਸੂਲ ਨੂੰ ਹੋਰ ਕਈ ਪਾਸੇ ਅਜ਼ਮਾ ਕੇ ਵੇਖਿਆ ਹੈ, ਇਸ ਦੇ ਨਤੀਜੇ ਅਚੰਭਾ ਭਰੀ ਕਾਮਯਾਬੀ ਦੇ ਹੋਏ ਹਨ। ਮਿਸਾਲ ਦੇ ਤੌਰ ਤੇ ਆਪਣੇ ਜੀਵਨ ਦੇ ਦੋ ਵਾਕਿਆਤ ਏਥੇ ਦਸਦਾ ਹਾਂ।

ਅੱਜ ਤੋਂ ਵੀਹ-ਪੰਝੀ ਸਾਲ ਪਹਿਲੇ ਮੇਰੇ ਪਿਤਾ ਜੀ ਸੱਚ ਬੋਲਣ ਦੇ ਆਦੀ ਹੋਣ ਕਰਕੇ ਕਈ ਵਾਰ ਆਖਿਆ ਕਰਦੇ ਸੀ ਕਿ ਰੱਬ ਕੋਈ ਚੀਜ਼ ਨਹੀਂ, ਅਗਰ ਹੈ ਤੇ ਮੈਨੂੰ ਇਸ ਦਾ ਕੋਈ ਪਤਾ ਨਹੀਂ, ਜਿਸ ਦਾ ਮਤਲਬ ਇਹ ਹੈ ਕਿ ਮੇਰੇ ਵਾਸਤੇ ਉਹ ਨਹੀਂ ਹੈ। ਆਪ ਕਈ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਲੱਗੇ ਪਹਿਲੀ ਤੁਕ ਜਾਂ ਪਹਿਲਾ ਸ਼ਬਦ ਪੜ੍ਹ ਕੇ ਛੱਡ ਦੇਂਦੇ ਸੀ ਅਤੇ ਆਖਦੇ ਸਨ ਇਹ ਜੋ ਕੁਝ ਲਿਖਿਆ ਹੈ ਮੇਰੇ ਵਾਸਤੇ ਨਹੀਂ, ਮੇਰੇ ਵਾਸਤੇ ਇਹ ਸਭ ਕੁਝ ਬੇ-ਅਰਥ ਚੀਜ਼ ਹੈ।

ਆਪ ਅਕਲ ਤੇ ਦਲੀਲ ਵਿਚ ਮੈਥੋਂ ਬਹੁਤ ਅੱਗੇ ਹੋਣ ਕਰਕੇ ਮੇਰਾ ਹੀਆ ਹੀ ਨਹੀਂ ਸੀ ਪੈਂਦਾ ਕਿ ਆਪ ਨੂੰ ਕੁਝ ਸਮਝਾਣ ਦਾ ਹੌਂਸਲਾ ਕਰਾਂ। ਇਕ ਦੋ ਵਾਰੀ ਮੈਂ ਕੋਸ਼ਿਸ਼ ਕੀਤੀ ਪਰ ਆਪ ਮੈਨੂੰ ਦਲੀਲਾਂ ਦੇ ਕੇ ਹਮੇਸ਼ਾ ਲਾ-ਜਵਾਬ ਕਰ ਦੇਂਦੇ ਸਨ। ਆਪ ਦੇ ਉਚੇ ਆਚਰਨ ਤੇ ਜ਼ਬਰਦਸਤ ਸ਼ਖਸੀਅਤ ਦਾ ਮੇਰੇ ਤੇ ਕੁਝ ਐਸਾ ਰੋਅਬ ਸੀ ਕਿ ਮੈਂ ਉਨ੍ਹਾਂ ਦੇ ਸਾਮ੍ਹਣੇ ਦਲੀਲਬਾਜ਼ੀ ਵਿਚ ਫੌਰਨ ਹਾਰ ਜਾਂਦਾ ਸੀ; ਆਖਰ ਮੈਂ ਫੈਸਲਾ ਕੀਤਾ ਕਿ ਪਿਤਾ ਜੀ ਨਾਲ 'ਰੱਬ' ਸਬੰਧੀ ਕਦੀ ਕੋਈ ਬਹਿਸ ਨਹੀਂ ਕਰਨੀ। ਪਰ ਇਸ ਦੇ ਨਾਲ ਹੀ ਆਪਣੇ ਸਿਮਰਨ ਅਭਿਆਸ ਦੇ ਸਮੇਂ ਮੈਂ ਪਿਤਾ ਜੀ ਦੇ ਪੂਰਨ ਆਤਮਕ ਅਤੇ ਭਗਤ ਬਣਨ ਵਾਸਤੇ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ।

ਇਹ ਪ੍ਰਾਰਥਨਾ ਮੈਨੂੰ ਦਸ ਬਾਰਾਂ ਸਾਲ ਬਗ਼ੈਰ ਕਿਸੇ ਸਫਲਤਾ ਦੇ ਕਰਨੀ ਪਈ। ਪਿਤਾ ਜੀ ਵਿਚ ਮਜ਼੍ਹਬ ਵਲ ਝੁਕਣ ਦੇ ਕੋਈ ਖਾਸ ਆਸਾਰ ਨਜ਼ਰ ਨਾ ਆਏ। ਪਰ ਮੈਂ ਵੀ ਆਪਣੀ ਲਗਨ ਦਾ ਪੱਕਾ ਹੋਣ ਕਰਕੇ ਪ੍ਰਾਰਥਨਾ ਜਾਰੀ ਰੱਖੀ। ਮੇਰੇ ਦਿਲ ਦੀ ਆਵਾਜ਼ ਆਖਦੀ ਸੀ ਕਿ ਮੇਰੇ ਪਿਤਾ ਜੀ ਦਾ ਸਿਵਾਏ ਨਿਰਮਾਣ ਪ੍ਰਾਰਥਨਾ ਦੇ ਹੋਰ ਕੋਈ ਇਲਾਜ ਨਹੀਂ, ਇਸ ਸਬਰ ਤੇ ਉਡੀਕ ਦਾ ਅੱਜ ਸ਼ਾਨਦਾਰ ਨਤੀਜਾ ਆਪਣੀਆਂ ਅੱਖਾਂ ਸਾਮ੍ਹਣੇ ਦੇਖ ਰਿਹਾ ਹਾਂ।

ਮੇਰੇ ਪਿਤਾ ਜੀ ਅੱਜ ਸੱਚੇ ਅਰਥਾਂ ਵਿਚ ਧਾਰਮਕ ਜ਼ਿੰਦਗੀ ਬਤੀਤ ਕਰ ਰਹੇ ਹਨ, ਵਾਹਿਗੁਰੂ ਉਤੇ ਆਪ ਦਾ ਨਿਸ਼ਚਾ ਅਹਿਲ ਹੈ, ਆਪ ਬਿਮਾਰੀ ਵਿਚ ਦਵਾ ਤਕ ਨਹੀਂ ਖਾਂਦੇ, ਅਕਾਲ ਪੁਰਖ ਉਤੇ ਆਪ ਦਾ ਭਰੋਸਾ, ਪ੍ਰਾਰਥਨਾ ਵਿਚ ਆਪ ਦਾ ਯਕੀਨ, ਪੈਗੰਬਰਾਂ ਅਵਤਾਰਾਂ ਦੇ ਮਹਾਂਵਾਕਾਂ ਉਤੇ ਆਪ ਦਾ ਨਿਸ਼ਚਾ ਵੇਖ ਕੇ ਮੈਨੂੰ ਰਸ਼ਕ ਆਉਂਦਾ ਹੈ। ਆਪ ਦੇ ਅਸਰ ਹੇਠਾਂ ਆਇਆ ਇਨਸਾਨ ਵਾਹਿਗੁਰੂ ਦਾ ਪਿਆਰਾ ਬਣ ਕੇ ਜਾਂਦਾ ਹੈ, ਉਹ ਰੱਬ ਦੀ ਹਸਤੀ ਨੂੰ ਮਹਿਸੂਸ ਕਰਨ ਲੱਗ ਜਾਂਦਾ ਹੈ।

ਸਬਰ ਦਾ ਦੂਸਰਾ ਫਲ ਮੈਂ ਆਪਣੀ ਸੁਪਤਨੀ ਦੇ ਮਾਮਲੇ ਵਿਚ ਦੇਖਿਆ ਹੈ। ਇਹ ਭਾਵੇਂ ਮੁੱਢ ਤੋਂ ਹੀ ਪੂਜਾ

ਪਾਠ ਕਰਨ ਵਾਲੇ ਅਤੇ ਸਤਸੰਗੀ ਸਨ, ਪਰ ਮੈਂ ਚਾਹੁੰਦਾ ਸੀ ਕਿ ਇਹ ਵੀ ਰਾਤ ਨੂੰ ਦੋ ਤਿੰਨ ਵਜੇ ਉਠ ਕੇ ਭਜਨ ਕਰਿਆ ਕਰਨ। ਜਦ ਮੈਂ ਇਨ੍ਹਾਂ ਨੂੰ ਉਸ ਵਕਤ ਡਾਹਢੀ ਗਾੜ੍ਹੀ ਨੀਂਦ ਵਿਚ ਦੇਖਦਾ ਤਾਂ ਆਪ ਦੇ ਆਰਾਮ ਵਿਚ ਭੰਗ ਪਾਣਾ ਇਕ ਅਪਰਾਧ ਸਮਝਦਾ ਸੀ। ਮੈਂ ਇਹ ਵੀ ਜਾਣਦਾ ਸੀ ਕਿ ਜੇ ਮੈਂ ਇਨ੍ਹਾਂ ਨੂੰ ਰਾਤ ਦੋ-ਤਿੰਨ ਵਜੇ ਉਠ ਕੇ ਭਜਨ ਕਰਨ ਵਾਸਤੇ ਆਖਿਆ ਤੇ ਭਾਵੇਂ ਆਪ ਮੇਰੇ ਕਹਿਣ ਉਤੇ ਐਸਾ ਕਰਨਾ ਮੈਨੂੰ ਖ਼ੁਸ਼ ਕਰਨ ਵਾਸਤੇ ਹੋਵੇਗਾ, ਆਪਣੀ ਅੰਦਰਲੀ ਪ੍ਰੇਰਨਾ ਕਰਕੇ ਨਹੀਂ। ਉਨ੍ਹਾਂ ਵਾਸਤੇ ਵੀ ਮੈਂ ਅੱਠ ਦਸ ਸਾਲ ਪ੍ਰਾਰਥਨਾ ਕੀਤੀ, ਜਿਸ ਦਾ ਪਹਿਲੇ ਉਕਾ ਕੋਈ ਅਸਰ ਨਹੀਂ ਸੀ ਜਾਪਦਾ ਪਰ ਅੱਜ ਮੈਂ ਆਪਣੇ ਸਫ਼ਰ ਦੇ ਸਾਥੀ ਨੂੰ ਆਪਣੀ ਖ਼ੁਸ਼ੀ ਨਾਲ ਆਪਣੇ ਨਾਲੋਂ ਵੀ ਕਈ ਵਾਰੀ ਪਹਿਲੇ ਜਾਗ ਕੇ ਰੱਬ ਦੀ ਅਰਾਧਨਾ ਕਰਦੇ ਜਦ ਦੇਖਦਾ ਹਾਂ ਮੇਰੇ ਲੂੰ-ਲੂੰ ਵਿਚੋਂ ਖ਼ੁਸ਼ੀ ਤੇ ਸ਼ੁਕਰੀਏ ਦੀਆਂ ਤਰੰਗਾਂ ਨਿਕਲ ਕੇ ਸਬਰ ਦੀ ਤਾਕਤ ਦੀ ਦਾਦ ਦੇਂਦੀਆਂ ਹਨ।

ਹੁਣ ਮੈਂ ਸਬਰ ਦਾ ਪੁਜਾਰੀ ਹਾਂ। ਸਬਰ ਮੇਰਾ ਹਮ ਸਫ਼ਰ ਹੈ। ਇਸ ਦੇ ਆਸਰੇ ਜੋ ਮੈਂ ਹਾਸਲ ਕੀਤਾ ਹੈ ਉਸ ਤੋਂ ਕਾਫ਼ੀ ਉਮੀਦ ਬੱਝ ਸਕਦੀ ਹੈ ਕਿ ਮੇਰੇ ਸਫ਼ਰ ਦੀਆਂ ਬਾਕੀ ਮੰਜ਼ਲਾਂ ਵੀ ਖ਼ੈਰ ਨਾਲ ਤੈਅ ਹੋ ਜਾਣਗੀਆਂ।

## ਮਸਤੀ ਜਾਂ ਖ਼ੁਮਾਰੀ

ਖ਼ੁਮਾਰੀ ਮਨ ਦੀ ਇਕ ਅਵਸਥਾ ਹੈ। ਇਸ ਅਵਸਥਾ ਵਿਚ ਮਨ ਆਪਣਾ ਆਪ, ਆਪਣਾ ਆਲਾ-ਦੁਆਲਾ, ਆਪਣੀ ਚਿੰਤਾ ਤੇ ਫਿਕਰ ਭੁਲਾ ਕੇ ਆਪਣੇ ਆਪ ਵਿਚ ਅਡੋਲ ਖਲੋ ਜਾਂਦਾ ਹੈ। ਜਦ ਮਨ ਬਾਹਰ ਦੇ ਸੰਸਾਰ ਵਲੋਂ ਸੁਰਤ ਮੋੜ ਕੇ ਆਪਣੇ ਆਪ ਵਿਚ ਟਿਕੇ, ਇਸ ਨੂੰ ਸਵਾਦ ਆਉਂਦਾ ਹੈ, ਮਸਤੀ ਆਉਂਦੀ ਹੈ, ਖ਼ੁਸ਼ੀ ਹੁੰਦੀ ਹੈ।

ਕਿਉਂਕਿ ਮਨ ਦੇ ਖਲੋਣ ਵਿਚੋਂ ਰਸ, ਖ਼ੁਸ਼ੀ ਤੇ ਮਸਤੀ ਪੈਦਾ ਹੁੰਦੀ ਹੈ, ਇਸ ਲਈ ਇਨਸਾਨ ਪੁਰਾਤਨ ਸਮਿਆਂ ਤੋਂ ਹੀ ਐਸੇ ਕੰਮ ਖ਼ੁਸ਼ੀ ਤੇ ਚਾਅ ਨਾਲ ਕਰਦਾ ਆਇਆ ਹੈ ਜਿਸ ਨਾਲ ਉਸ ਦਾ ਮਨ ਭਟਕਣੋਂ ਬੰਦ ਹੋ ਕੇ ਆਪਣੇ ਆਪ ਵਿਚ ਖਲੋ ਜਾਵੇ। ਸ਼ਰਾਬ ਵਰਗੀ ਕੌੜੀ ਤੇ ਬਦਬੂਦਾਰ ਚੀਜ਼ ਇਨਸਾਨ ਕਿਉਂ ਪੀਂਦਾ ਹੈ? ਅਫੀਮ ਵਰਗੀ ਕੌੜੀ ਤੇ ਜ਼ਹਿਰੀਲੀ ਚੀਜ਼ ਕਿਉਂ ਵਰਤਦਾ ਹੈ? ਕਿਉਂਕਿ ਇਨ੍ਹਾਂ ਚੀਜ਼ਾਂ ਵਿਚ ਇਹ ਸਿਫਤ ਹੈ ਕਿ ਉਹ ਇਨਸਾਨ ਨੂੰ ਆਪਣਾ ਆਪ, ਆਪਣਾ ਆਲਾ-ਦੁਆਲਾ, ਆਪਣੀ ਫ਼ਿਕਰ ਚਿੰਤਾ ਭੁਲਾਣ ਵਿਚ ਅਤੇ ਮਨ ਨੂੰ ਅਡੋਲ ਤੇ ਇਕਾਗਰ ਕਰਨ ਵਿਚ ਮਦਦ ਕਰਦੀਆਂ ਹਨ। ਉਰਦੂ ਦੇ ਮਸ਼ਹੂਰ ਤੇ ਸਭ ਤੋਂ ਵੱਡੇ ਕਵੀ ਉਸਤਾਦ ਗ਼ਾਲਿਬ ਨੇ ਆਪਣੇ ਸ਼ਰਾਬ ਪੀਣ ਦਾ ਅਸਲੀ ਕਾਰਨ ਆਪਣੇ ਇਕ ਸ਼ੇਅਰ ਵਿਚ ਦੱਸਿਆ ਹੈ –

***ਮੈ ਸੇ ਤਲੱਬ ਨਿਸ਼ਾਤ ਹੈ,***
***ਇਕ ਰੂਹ ਸਿਆਹ ਕੋ,***
***ਇਕ ਗੂਨਾ ਖ਼ੁਦੀ ਮੁਝੇ,***
***ਹਰ ਵਕਤ ਚਾਹੀਏ।***

ਹਜ਼ਰਤ ਗ਼ਾਲਿਬ ਇਸ ਸ਼ੇਅਰ ਵਿਚ ਕੇਵਲ ਆਪਣੇ ਸ਼ਰਾਬ ਪੀਣ ਦਾ ਹੀ ਨਹੀਂ ਸਗੋਂ ਸਾਰੇ ਇਨਸਾਨਾਂ ਦੇ ਸ਼ਰਾਬ ਪੀਣ ਜਾਂ ਨਸ਼ੀਲੀਆਂ ਚੀਜ਼ਾਂ ਦੇ ਵਰਤਣ ਦਾ ਭੇਤ ਖੋਲ੍ਹਦੇ ਹਨ। ਆਪ ਕਹਿੰਦੇ ਹਨ ਕਿ ਮੈਂ ਸ਼ਰਾਬ ਕਿਸੇ ਬਾਹਰ ਦੀ ਖ਼ੁਸ਼ੀ ਹਾਸਲ ਕਰਨ ਜਾਂ ਦੁਖਾਵੇ ਲਈ ਨਹੀਂ ਪੀਂਦਾ, ਮੈਂ ਤੇ ਇਸ ਨੂੰ ਇਸ ਲਈ ਪੀਂਦਾ ਹਾਂ ਕਿ ਮੈਨੂੰ ਹਰ ਵੇਲੇ ਮਸਤੀ ਜਾਂ ਖ਼ੁਮਾਰੀ ਦੀ ਲੋੜ ਹੈ ਅਤੇ ਸ਼ਰਾਬ ਮੈਨੂੰ ਮਸਤ ਬਨਾਉਣ ਵਿਚ ਸਹਾਇਤਾ ਕਰਦੀ ਹੈ। ਸਭ ਨਸ਼ਿਆਂ ਦੇ ਵਰਤਣ ਵਾਲਿਆਂ ਦਾ ਇਕੋ ਹੀ ਮਨੋਰਥ ਹੁੰਦਾ ਹੈ ਕਿ ਉਹ ਨਸ਼ੇ ਵਰਤ ਕੇ ਮਸਤੀ ਜਾਂ ਖ਼ੁਮਾਰੀ ਹਾਸਲ ਕਰਨ।

ਜੇਕਰ ਚੰਗੀ ਤਰ੍ਹਾਂ ਪੜਤਾਲ ਕਰੀਏ ਤਾਂ ਪਤਾ ਲੱਗੇਗਾ ਕਿ ਮਸਤੀ ਜਾਂ ਖ਼ੁਮਾਰੀ ਹਾਸਲ ਕਰਨ ਵਾਸਤੇ ਕੇਵਲ ਨਸ਼ੇ ਵਰਤਣ ਵਾਲੇ ਪੁਰਸ਼ ਹੀ ਕੋਸ਼ਿਸ਼ ਨਹੀਂ ਕਰਦੇ ਸਗੋਂ ਸਭ ਦੁਨੀਆਂ ਕੋਸ਼ਿਸ਼ ਕਰਦੀ ਹੈ। ਭਾਵੇਂ ਸਾਰੀ ਦੁਨੀਆਂ ਮਸਤ ਹੋਣ ਵਾਸਤੇ ਸ਼ਰਾਬ, ਅਫੀਮ, ਪੋਸਤ, ਕੁਕੀਨ ਆਦਿ ਨਸ਼ੀਲੀਆਂ ਚੀਜ਼ਾਂ ਨਹੀਂ ਵਰਤਦੀ, ਪਰ ਭਾਲਦੀ ਸਾਰੀ ਦੁਨੀਆਂ ਮਸਤੀ ਜਾਂ ਖ਼ੁਮਾਰੀ ਹੀ ਹੈ। ਇਨਸਾਨ ਦੌਲਤ ਕਿਉਂ ਇਕੱਠੀ ਕਰਦਾ ਹੈ? ਕਿਉਂਕਿ ਦੌਲਤ ਹੋਵੇ ਤਾਂ ਮਨ ਵਿਚ ਇਕ ਕਿਸਮ ਦੀ ਖ਼ੁਮਾਰੀ ਪੈਦਾ ਹੁੰਦੀ ਹੈ। ਇਨਸਾਨ ਇੱਜ਼ਤ ਕਿਉਂ ਹਾਸਲ ਕਰਨੀ ਚਾਹੁੰਦਾ ਹੈ? ਕਿਉਂਕਿ ਇੱਜ਼ਤ ਇਨਸਾਨ ਨੂੰ ਖ਼ੁਮਾਰੀ ਦੇਂਦੀ ਹੈ। ਦੌਲਤ ਵਾਸਤੇ, ਇੱਜ਼ਤ ਵਾਸਤੇ, ਅਰੋਗਤਾ ਵਾਸਤੇ, ਗੱਲ ਕੀ ਸਭ ਸੁੱਖਾਂ ਵਾਸਤੇ ਇਨਸਾਨ ਦੀ ਕੋਸ਼ਿਸ਼ ਇਸ ਲਈ ਜਾਰੀ ਹੈ ਕਿ ਦੌਲਤਮੰਦ ਹੋ ਕੇ, ਇੱਜ਼ਤ ਵਾਲਾ ਬਣ ਕੇ, ਅਰੋਗ ਸਰੀਰ ਹੋਣ ਨਾਲ, ਸੁੱਖਾਂ ਨੂੰ ਹਾਸਲ ਕਰਕੇ ਇਨਸਾਨ ਦੇ ਮਨ ਵਿਚੋਂ ਚਿੰਤਾ, ਫ਼ਿਕਰ ਦੂਰ ਹੋ ਕੇ, ਬੇ-ਫ਼ਿਕਰੀ, ਬੇ-ਪ੍ਰਵਾਹੀ, ਮਸਤੀ, ਖ਼ੁਮਾਰੀ ਪੈਦਾ ਹੁੰਦੀ ਹੈ।

ਜਦ ਕੋਈ ਚੰਗਾ ਗਵੱਈਆ ਰਾਗ ਗਾਵੇ ਤਾਂ ਸੁਣਨ ਵਾਲੇ ਮਸਤੀ ਵਿਚ ਆ ਜਾਂਦੇ ਹਨ, ਜਦ ਕਿਸੇ ਚੰਗੀ ਤਸਵੀਰ ਨੂੰ ਦੇਖੀਏ ਤਾਂ ਮਨ ਵਿਚ ਖ਼ੁਸ਼ੀ ਤੇ ਸਰੂਰ ਪੈਦਾ ਹੁੰਦਾ ਹੈ। ਸਭ ਕੋਮਲ ਹੁਨਰ ਇਨਸਾਨ ਦੇ ਮਨ ਵਿਚ

ਮਸਤੀ ਪੈਦਾ ਕਰਦੇ ਹਨ। ਦੂਜੇ ਅਰਥਾਂ ਵਿਚ ਸਭ ਹੁਨਰ ਇਨਸਾਨ ਦੇ ਮਨ ਨੂੰ ਇਕ ਐਸੀ ਹਾਲਤ ਵਿਚ ਲਿਜਾਂਦੇ ਹਨ, ਜਿਥੇ ਉਹ ਕੁਝ ਚਿਰ ਲਈ ਆਪਣੇ ਆਪ ਨੂੰ, ਆਪਣੇ ਆਲੇ-ਦੁਆਲੇ ਨੂੰ ਆਪਣੀ ਬਣਾਈ ਹੋਈ ਤੰਗ ਦੁਨੀਆਂ ਨੂੰ ਭੁਲਾ ਕੇ, ਆਪਣੇ ਆਪ ਵਿਚ ਖਲੋਂਦਾ ਤੇ ਆਪਣੇ ਅੰਦਰੋਂ ਨਿਕਲ ਰਹੇ ਰਸ ਨੂੰ ਮਾਣਦਾ ਤੇ ਮਸਤ ਹੁੰਦਾ ਹੈ।

ਖੁਮਾਰੀ ਜਾਂ ਮਸਤੀ ਦੀ ਹਾਲਤ ਮਨ ਵਿਚ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਮਨ ਵਿਚ ਖੁਸ਼ੀ, ਬੇ-ਫ਼ਿਕਰੀ, ਬੇ-ਪ੍ਰਵਾਹੀ ਹੋਵੇ ਅਤੇ ਸੰਗ, ਚਿੰਤਾ, ਫ਼ਿਕਰ, ਪ੍ਰੇਸ਼ਾਨੀ ਤੋਂ ਮਨ ਆਜ਼ਾਦ ਹੋਵੇ।

ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਸਭ ਇਨਸਾਨ ਆਪਣੇ ਆਪ ਨੂੰ ਅਨੇਕਾਂ ਤਰੀਕਿਆਂ ਨਾਲ ਮਸਤੀ ਜਾਂ ਖੁਮਾਰੀ ਦੀ ਹਾਲਤ ਵਿਚ ਲੈ ਜਾਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਣਗੇ ਅਤੇ ਮਸਤੀ ਜਾਂ ਖੁਮਾਰੀ ਦੀ ਹਾਲਤ ਵਿਚ ਮਨ ਪਹੁੰਚਾਣਾ, ਇਨਸਾਨ ਦੇ ਸਭ ਜਤਨਾਂ ਦਾ ਮਨੋਰਥ ਨਜ਼ਰ ਆਵੇਗਾ। ਇਨਸਾਨ ਰਸੀਆ ਹੈ, ਜਿਥੋਂ ਇਸ ਨੂੰ ਕੋਈ ਰਸ ਲੱਭੇ, ਉਸ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਰਸ ਇਨਸਾਨ ਦੇ ਮਨ ਨੂੰ ਖੁਸ਼ੀ, ਬੇ-ਫ਼ਿਕਰੀ ਤੇ ਬੇ-ਪ੍ਰਵਾਹੀ ਦੀ ਅਵਸਥਾ ਵਿਚ ਲੈ ਜਾਂਦੇ ਹਨ ਤੇ ਮਸਤ ਬਣਾਂਦੇ ਹਨ।

## ਨਾਮ ਖੁਮਾਰੀ

ਇਨਸਾਨ ਨੇ ਜਦ ਆਪਣੇ ਮਨੋਰਥਾਂ ਦੀ ਚੰਗੀ ਤਰ੍ਹਾਂ ਭਾਲ ਜਾਂ ਖੋਜ ਕੀਤੀ ਜਾਂ ਇਸ ਨੂੰ ਪਤਾ ਲੱਗਾ ਕਿ ਉਹ ਇਕੋ ਹੀ ਚੀਜ਼ ਅਨੇਕਾਂ ਤਰੀਕਿਆਂ ਨਾਲ ਲੱਭ ਰਿਹਾ ਹੈ ਅਤੇ ਉਹ ਚੀਜ਼ ਹੈ ਮਸਤੀ ਜਾਂ ਖੁਮਾਰੀ। ਇਨਸਾਨ ਦੀਆਂ ਸਭ ਕੋਸ਼ਿਸ਼ਾਂ, ਸਭ ਜਤਨਾਂ ਦਾ ਨਿਸ਼ਾਨਾ, ਆਪਣੇ ਮਨ ਵਿਚ ਐਸੀ ਹਾਲਤ ਪੈਦਾ ਕਰਨਾ ਹੈ ਜਿਸ ਹਾਲਤ ਵਿਚ ਫ਼ਿਕਰ, ਚਿੰਤਾ, ਸੋਗ ਨਾ ਹੋਵੇ ਅਤੇ ਸੁਖ, ਖੁਸ਼ੀ, ਬੇ-ਪ੍ਰਵਾਹੀ, ਅਡੋਲਤਾ ਤੇ ਮਗਨਤਾ ਹੋਵੇ। ਸੁਖ, ਖੁਸ਼ੀ, ਬੇ-ਪ੍ਰਵਾਹੀ ਅਡੋਲਤਾ ਤੇ ਮਗਨਤਾ, ਜਿਸ ਮਨ ਵਿਚ ਨਿਵਾਸ ਕਰਨ ਉਹ ਮਨ ਮਸਤੀ ਜਾਂ ਖੁਮਾਰੀ ਦੀ ਹਾਲਤ ਵਿਚ ਰਹਿੰਦਾ ਹੈ।

ਖੋਜ ਜਾਂ ਭਾਲ ਨੇ ਜਿਥੇ ਇਨਸਾਨ ਨੂੰ ਇਸ ਨਤੀਜੇ ਤੇ ਪੁਚਾਇਆ ਹੈ ਕਿ ਉਸ ਦੇ ਸਭ ਜਤਨਾਂ ਦਾ ਨਿਸ਼ਾਨਾ ਮਸਤੀ ਜਾਂ ਖੁਮਾਰੀ ਹੈ ਉਥੇ ਉਸ ਨੂੰ ਇਹ ਵੀ ਦੱਸ ਦਿਤਾ ਕਿ ਉਸ ਦੇ ਮਸਤੀ ਜਾਂ ਖੁਮਾਰੀ ਨੂੰ ਹਾਸਲ ਕਰਨ ਵਾਲੇ ਪ੍ਰਚਲਤ ਤਰੀਕੇ ਉਸ ਨੂੰ ਬੜੇ ਥੋੜ੍ਹੇ ਚਿਰ ਲਈ ਮਸਤ ਕਰਦੇ ਹਨ। ਹਮੇਸ਼ਾ ਮਸਤੀ ਦੀ ਹਾਲਤ ਵਿਚ ਨਹੀਂ ਰੱਖ ਸਕਦੇ, ਇਸ ਲਈ ਨੁਕਸ ਵਾਲੇ ਜਾਂ ਅਧੂਰੇ ਹਨ। ਇਨ੍ਹਾਂ ਪ੍ਰਚਲਤ ਤਰੀਕਿਆਂ ਵਿਚ ਇਕ ਹੋਰ ਨੁਕਸ ਹੈ ਕਿ ਇਹ ਇਨਸਾਨ ਨੂੰ ਆਰਜ਼ੀ ਤੌਰ ਤੇ ਮਸਤ ਤਾਂ ਕਰ ਦੇਂਦੇ ਹਨ ਪਰ ਮਸਤੀ ਲਹਿ ਜਾਣ ਉਤੇ, ਉਸ ਨੂੰ ਅੱਗੇ ਨਾਲੋਂ ਵਧੇਰੇ ਰੋਗੀ, ਚਿੰਤਾਵਾਨ ਤੇ ਪ੍ਰੇਸ਼ਾਨ ਬਣਾ ਦੇਂਦੇ ਹਨ। ਦੌਲਤ, ਇੱਜ਼ਤ, ਅਰੋਗਤਾ, ਪਰਿਵਾਰ, ਜਦ ਮਿਲ ਜਾਣ ਤਾਂ ਇਨਸਾਨ ਮਸਤ ਹੋ ਜਾਂਦਾ ਹੈ, ਜਦ ਖੁਸ ਜਾਣ ਤਾਂ ਸਗੋਂ ਵਧੇਰੇ ਦੁਖੀ ਹੋ ਜਾਂਦਾ ਹੈ। ਇਸੇ ਤਰ੍ਹਾਂ ਨਸ਼ੀਲੀਆਂ ਚੀਜ਼ਾਂ ਦਾ ਜਦ ਤਕ ਮਨ ਤੇ ਅਸਰ ਰਹੇ ਤਦ ਤਕ ਮਨ ਮਸਤੀ ਜਾਂ ਖੁਮਾਰੀ ਮਾਣਦਾ ਹੈ, ਜਦ ਉਤਰ ਜਾਣ ਮਨ ਸਗੋਂ ਵਧੇਰੇ ਡਾਵਾਂਡੋਲ ਤੇ ਦੁਖੀ ਹੋ ਜਾਂਦਾ ਹੈ। ਜਦ ਇਨਸਾਨ ਨੇ ਆਪਣੇ ਮਨ ਨੂੰ ਮਸਤ ਬਨਾਣ ਵਾਲੇ ਸਭ ਤਰੀਕੇ, ਫਿਕੇ, ਆਰਜ਼ੀ ਤੇ ਨਾਸ਼ਵੰਦ ਦੇਖੇ ਤਾਂ ਇਸ ਨੇ ਕੋਈ ਐਸਾ ਤਰੀਕਾ ਜਾਂ ਉਪਾਅ ਲੱਭਣ ਵੱਲ ਆਪਣੀ ਰੁਚੀ ਲਗਾਈ ਜਿਸ ਨਾਲ ਇਸ ਨੂੰ ਉਹ ਮਸਤੀ ਆਵੇ, ਉਹ ਖੁਮਾਰੀ ਚੜ੍ਹੇ, ਜਿਹੜੀ ਕਦੇ ਨਾ ਉਤਰੇ ਅਤੇ ਜਿਸ ਨਾਲ ਮਨ ਕਦੀ ਚਿੰਤਾ, ਫਿਕਰ ਤੇ ਪ੍ਰੇਸ਼ਾਨੀ ਦੀ ਹਾਲਤ ਵਿਚ ਨਾ ਆਵੇ।

ਇਨਸਾਨ ਦੀ ਖੋਜ ਦਾ ਰੁਖ ਬਦਲਿਆ ਅਤੇ ਉਸ ਨੇ ਸਭ ਤੋਂ ਪਹਿਲੇ ਇਹ ਗੱਲ ਤਾੜੀ ਕਿ ਬਾਹਰ ਦੇ ਨਸ਼ੇ, ਸੁਖ, ਪਦਾਰਥ ਉਸ ਨੂੰ ਮਸਤ ਬਨਾਣ ਵੇਲੇ ਕੋਈ ਚੀਜ਼ ਬਾਹਰੋਂ ਲਿਆ ਕੇ ਉਸ ਦੇ ਮਨ ਵਿਚ ਨਹੀਂ ਪਾ ਦਿੰਦੇ ਸਗੋਂ ਉਸ ਦੇ ਮਨ ਦੀ ਹੀ ਹਾਲਤ ਬਦਲ ਦੇਂਦੇ ਹਨ ਜਿਸ ਨਾਲ ਉਹ ਮਸਤੀ ਵਿਚ ਆ ਜਾਂਦਾ ਹੈ। ਇਸ ਤੋਂ ਅੱਗੇ ਇਨਸਾਨ ਨੂੰ ਖਿਆਲ ਆਇਆ ਕਿ ਜੇਕਰ ਉਸ ਦੇ ਮਨ ਦੀ ਹਾਲਤ ਵਿਚੋਂ ਮਸਤੀ ਨਿਕਲਦੀ ਹੈ ਤਾਂ ਕੀ ਉਹ ਮਨ ਦੀ ਇਹ ਹਾਲਤ ਪ੍ਰਚਲਤ ਤਰੀਕਿਆਂ ਨਾਲ ਅੱਡਰੇ ਕਿਸੇ ਸਹਿਲ ਤੇ ਚੰਗੇ ਤਰੀਕੇ ਨਾਲ ਕਰ ਸਕਦਾ ਹੈ?

ਇਸ ਤੋਂ ਅੱਗੇ ਸਦੀਆਂ ਭਰ ਦੇ ਇਕਾਂਤ ਵਿਚ ਕੀਤੇ ਤਜਰਬਿਆਂ ਨੇ ਇਨਸਾਨ ਨੂੰ ਦੱਸਿਆ ਕਿ ਇਨਸਾਨ ਦੇ ਮਨ ਦੇ ਪਿਛੇ ਇਕ ਐਸੀ ਚੇਤਨ ਸ਼ਕਤੀ ਰਵੀ ਹੋਈ ਹੈ ਜਿਸ ਵਿਚੋਂ ਹਰ ਵੇਲੇ ਮਸਤੀ, ਖੁਮਾਰੀ, ਅਨੰਦ ਤੇ ਖੁਸ਼ੀ ਦੀਆਂ ਲਹਿਰਾਂ ਉਪਜਦੀਆਂ ਰਹਿੰਦੀਆਂ ਹਨ ਅਤੇ ਜਦ ਇਨਸਾਨ ਦਾ ਮਨ ਫੁਰਨਿਆਂ, ਸੰਕਲਪਾਂ, ਖਿਆਲ ਤਰੰਗਾਂ ਤੋਂ ਖਹਿੜਾ ਛੁਡਾ ਕੇ ਇਸ ਚੇਤਨ ਸ਼ਕਤੀ ਨਾਲ ਲਗਦਾ ਜਾਂ ਛੋਂਹਦਾ ਹੈ ਤਾਂ ਇਸ ਸ਼ਕਤੀ ਤੋਂ ਨਿਕਲ ਰਹੀਆਂ ਅਨੰਦ ਤੇ ਸਰੂਰ ਦੀਆਂ ਲਹਿਰਾਂ ਉਸ ਨੂੰ ਖੇੜੇ ਵਿਚ, ਵਜਦ ਵਿਚ, ਮਸਤੀ ਵਿਚ ਲੈ ਜਾਂਦੀਆਂ ਹਨ।

(ਬਾਕੀ ਪੰਨਾ 45 ਤੇ)

(ਪੰਨਾ 24 ਦੀ ਬਾਕੀ)

ਐਸੇ ਥਾਂ ਤੇ ਆ ਰਹੇ ਨੇ ਜਿਥੋਂ ਉਨ੍ਹਾਂ ਨੂੰ ਕੁਛ ਲੱਭ ਰਿਹਾ ਹੈ। ਉਹਦੇ ਵਿਚ ਹਰ ਬੰਦਾ ਆਉਂਦਾ ਹੈ, ਸੂਫੀ ਆ ਕੇ ਆਪਣੇ ਵਿਚਾਰ ਦਿੰਦੇ ਨੇ ਗੁਰੂ ਨਾਨਕ ਪਾਤਸ਼ਾਹ ਦੇ। ਸੰਨਿਆਸੀ ਸੰਤ ਆਉਂਦੇ ਨੇ, ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਇਹ ਕਹਿੰਦੇ ਨੇ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੁਕਾਬਲਾ ਕੋਈ ਕਰ ਨਹੀਂ ਸਕਦਾ। ਜਿਵੇਂ ਕਿ ਡਾਕਟਰ ਸਵਾਮੀ ਰਾਮ ਨੇ, ਬੜਾ ਹੀ ਸਾਰਿਆਂ ਨੇ ਉਚੀ ਆਵਾਜ਼ ਨਾਲ ਕਿਹਾ, ਐ ਗੁਰਸਿੱਖੋ! ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਪਛਾਣੋ। ਇਹ ਸਭ ਤੋਂ ਵੱਡਾ ਹੈ। ਦੂਜਾ ਕਿਹਾ ਕਿ ਜੋ ਗੁਰੂ ਗ੍ਰੰਥ ਸਾਹਿਬ ਮੰਨਣ ਵਾਲਾ ਜੋ ਧਰਮ ਹੈ ਸਿੱਖ ਧਰਮ, ਇਹ ਸਵੱਛ ਧਰਮ ਹੈ, ਸਭ ਤੋਂ ਉਤਮ ਧਰਮ ਹੈ, ਜਦੋਂ ਇਹ ਆ ਕੇ ਲੋਕਾਂ ਨੂੰ ਇਹ ਗੱਲਾਂ ਦਸਦੇ ਨੇ ਤਾਂ ਲੋਕਾਂ ਨੂੰ ਸਹੀ ਸੂਝ ਮਿਲਦੀ ਹੈ। ਬਾਕੀ ਸਾਡੇ ਚਾਰੇ ਪਾਸੇ ਦਰਵਾਜ਼ੇ ਖੁਲ੍ਹੇ ਨੇ, ਦਰਵਾਜ਼ਾ ਅਸੀਂ ਬੰਦ ਹੀ ਨਹੀਂ ਕਰਿਆ, ਤਾਲਾ ਖੁਲ੍ਹਾ ਹੀ ਹੈ। ਉਥੇ ਕੋਈ ਵੀ ਆ ਜਾਵੇ, ਪੁਲੀਟੀਕਲ ਬੰਦਾ, ਚੀਫ ਮਨਿਸਟਰ ਆ ਜਾਏ, ਪਰਾਈਮ ਮਨਿਸਟਰ ਆ ਜਾਏ, ਕੋਈ ਲੀਡਰ ਆ ਜਾਏ, ਉਹ ਸਾਡਾ ਜੋ ਅਸੂਲ ਹੈ ਅਸੀਂ ਨਾ ਕਿਸੇ ਦਾ ਸਤਿਕਾਰ ਕਰਨਾ ਹੈ, ਨਾ ਕਿਸੇ ਦਾ ਤ੍ਰਿਸਕਾਰ ਕਰਨਾ ਹੈ, ਨਾ ਇਥੇ ਕੋਈ ਜੈਕਾਰੇ ਬੁਲਾਉਣੇ, ਨਾ ਕਹੇ ਤੇ ਕੋਈ ਫੁੱਲਾਂ ਦੇ ਹਾਰ ਪਾਉਣੇ ਨੇ। ਸਾਡਾ ਇਹ ਹੈ ਕਿ ਜਗਿਆਸੂ ਆਉਂਦੇ ਨੇ ਗੁਰੂ ਦੇ ਦਰਬਾਰ ਵਿਚ, ਗੁਰੂ ਵੱਡਾ ਹੈ, ਕੋਈ ਆਓ ਸਾਨੂੰ ਇਸ ਗੱਲ ਦੇ ਉਤੇ ਸਾਨੂੰ ਕਿੰਤੂ ਕੋਈ ਨਹੀਂ ਹੈ। ਸਾਡਾ ਕਿਸੇ ਪੁਲੀਟੀਕਲ ਪਾਰਟੀ ਨਾਲ ਨਾ ਸਾਡਾ ਕੋਈ ਹਿਤ ਹੈ, ਨਾ ਅਹਿਤ ਹੈ। ਜੋ ਅਸੀਂ ਚਾਹੁੰਦੇ ਹਾਂ ਇਹ ਚਾਹੁੰਦੇ ਹਾਂ ਕਿ ਜਿਹੜਾ ਵੀ ਰਾਜਨੀਤੀ ਦੇ ਵਿਚ ਕਾਬਿਲ ਹੁੰਦਾ ਹੈ, ਉਹ ਈਮਾਨਦਾਰੀ ਨਾਲ ਕੰਮ ਕਰਕੇ ਜਨਤਾ ਨੂੰ ਸੁਖ ਦੇਵੇ ਤਾਂ ਕਿ ਜਨਤਾ ਸੁਖੀ ਹੋਵੇ। ਸੋ ਇਸ ਆਸੇ ਕਰਕੇ ਅਸੀਂ ਇਸ ਮਾਮਲੇ ਵਿਚ ਨਹੀਂ ਪੈਂਦੇ। ਨਾ ਅਸੀਂ ਕਦੇ ਰਾਇਆਂ ਦਿਤੀਆਂ ਨੇ, ਇਹ ਕੰਮ ਤੁਹਾਡਾ ਹੈ ਤੁਸੀਂ ਲੋਗ ਲੱਗੇ ਹੋਏ ਹੋ, ਤੁਸੀਂ ਤਕੜੇ ਹੋ ਕੇ ਕਰਦੇ ਜਾਓ।

## ਪ੍ਰਸ਼ਨ - ਆਪ ਜੀ ਰਤਵਾੜਾ ਸਾਹਿਬ ਵਿਖੇ ਸਾਲਾਨਾ ਸਮਾਗਮ ਕਰਦੇ ਹੋ?

ਉਤਰ – ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਕਰਦੇ ਹਾਂ ਕਿਉਂਕਿ ਜਦੋਂ ਧਾਨ (ਜੀਰੀ) ਪੱਕਣ ਵਾਲੇ ਹੁੰਦੇ ਨੇ ਤੇ ਵੱਢਣੇ ਨਹੀਂ ਸ਼ੁਰੂ ਹੁੰਦੇ। ਇਹ ਖੇਤੀਬਾੜੀ ਦਾ ਇਲਾਕਾ ਹੈ, ਅਜੇ ਕਣਕ ਬੀਜਣ ਵਾਸਤੇ ਜ਼ਮੀਨ ਦੀ ਲੋੜ ਨਹੀਂ ਹੁੰਦੀ। ਸੋ ਦੱਸ ਪੰਦਰਾਂ ਦਿਨ ਕਿਸਾਨ ਕੋਲ ਵਿਹਲੇ ਨੇ। ਸਾਡੇ ਕੋਲ ਆਮ ਕਿਸਾਨ ਆਉਂਦਾ ਹੈ। ਇਸ ਕਰਕੇ ਅਸੀਂ ਉਨ੍ਹਾਂ ਦਿਨਾਂ ਵਿਚ ਪ੍ਰੋਗਰਾਮ ਰਖਦੇ ਹਾਂ। ਤਾਂ ਫਸਲਾਂ ਵੱਢਣ ਤੋਂ ਪਹਿਲਾਂ-ਪਹਿਲਾਂ, ਨਵੀਆਂ ਬੀਜਣ ਤੋਂ ਪਹਿਲਾਂ, ਵਿਹਲੇ

ਦਿਨਾਂ ਦੇ ਵਿਚ ਇਕੱਠੇ ਕਰਕੇ ਸਾਰਿਆਂ ਨੂੰ ਕੁਛ ਸੁਣਾ ਦੇਈਏ।

**(ਨੋਟ - ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਮਹਾਂਪੁਰਖ ਮਿਤੀ 31 ਅਕਤੂਬਰ 2004 ਨੂੰ ਆਪਣੇ ਦੁਨਿਆਵੀ ਪੰਜ ਭੂਤਕ ਸਰੀਰ ਰੂਪੀ ਚੋਲੇ ਦਾ ਤਿਆਗ ਕਰਕੇ ਸੱਚਖੰਡ ਜਾ ਬਿਰਾਜੇ। ਉਨ੍ਹਾਂ ਦੀ ਯਾਦ ਵਿਚ ਹੁਣ ਮਿਤੀ 30 ਅਕਤੂਬਰ ਤੋਂ 2 ਨਵੰਬਰ ਤੱਕ ਮਹਾਂਪੁਰਸ਼ਾਂ ਦੀ ਯਾਦ ਵਿਚ ਰਤਵਾੜਾ ਸਾਹਿਬ ਵਿਖੇ ਸਮਾਗਮ ਹੁੰਦਾ ਹੈ।)**

## ਪ੍ਰਸ਼ਨ - ਪਿਛਲੇ ਦਿਨੀਂ ਆਪ ਨੇ ਇਕ ਪਿੰਡ ਦੇ ਵਿਚ ਮਸਜਿਦ ਦਾ ਨੀਂਹ ਪੱਥਰ ਰੱਖਿਆ ਸੀ? ਮੁਸਲਿਮ ਭਾਈਚਾਰੇ ਨੇ ਕਿਵੇਂ ਮਹਿਸੂਸ ਕੀਤਾ?

ਉਤਰ – ਮੁਸਲਿਮ, ਹਿੰਦੂ ਤੇ ਸਿੱਖ, ਈਸਾਈ ਇਹ ਮੇਰੀ ਨਿਗ੍ਹਾ ਵਿਚ ਨਹੀਂ ਹੈਗਾ ਕੋਈ। ਠੀਕ ਹੈ ਮਜ਼੍ਹਬ ਦੀਆਂ ਵੰਡਾਂ ਦੇ ਹਿਸਾਬ ਨਾਲ ਉਹ ਹੈਗੇ ਤੇ ਅਸੀਂ ਜਦੋਂ ਬਾਬੇ ਫਰੀਦ ਦਾ ਜ਼ਿਕਰ ਕਰਦੇ ਹਾਂ। ਅਸੀਂ ਮੁਸਲਮਾਨਾਂ ਨੂੰ ਕਹਿੰਦੇ ਹਾਂ –

***ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥***

***ਅੰਗ - 1381***

ਜਦੋਂ ਮੈਂ ਗੁਰੂ ਦਸ਼ਮੇਸ਼ ਪਿਤਾ ਦਾ ਪੜ੍ਹਦਾ ਹਾਂ।

***ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ॥***

***ਅਕਾਲ ਉਸਤਤਿ***

ਸਾਡੀ ਜਿਹੜੀ ਦ੍ਵੈਤ ਹੈ ਉਹ ਖਤਮ ਹੋ ਜਾਂਦੀ ਹੈ, ਅਸੀਂ ਚਾਹੁੰਦੇ ਹਾਂ ਕਿ ਹਰ ਬੰਦਾ ਆਪਣੇ ਤਰੀਕੇ ਨਾਲ ਭਜਨ ਬੰਦਗੀ ਕਰੇ, ਉਹ ਜੋ ਪਿੰਡ ਚਾਹੜਮਾਜਰਾ ਸੀ ਉਥੇ ਮੁਸਲਮਾਨਾਂ ਦੀ ਆਬਾਦੀ ਹੈ। ਪਰ ਉਹ ਗਰੀਬ ਨੇ, ਉਨ੍ਹਾਂ ਨੂੰ ਭਜਨ ਕਰਨ ਵਾਸਤੇ, ਆਪਣੇ ਰੱਬ ਨਾਲ ਮਿਲਣ ਵਾਸਤੇ, ਕੋਈ ਥਾਂ ਨਹੀਂ ਸੀ। ਕੁਛ ਮੈਂ ਥੋੜ੍ਹਾ ਡਰਦਾ ਵੀ ਕਿ ਜੇ ਇਥੇ ਕੋਈ ਖਤਰਨਾਕ ਮੁੱਲਾਂ ਆ ਗਿਆ ਉਹਨੇ ਇਨ੍ਹਾਂ ਨੂੰ ਅੱਡ ਕੱਢ ਦੇਣਾ ਹੈ। ਪਰ ਫੇਰ ਵੀ ਇਸ ਤੋਂ ਵੀ ਜ਼ਿਆਦਾ ਮੈਨੂੰ ਇਹ ਸੀ ਕਿ ਇਨ੍ਹਾਂ ਵਾਸਤੇ ਮਸਜਿਦ ਹਰ ਹਾਲਤ ਵਿਚ ਚਾਹੀਦੀ ਹੈ। ਪਹਿਲਾਂ ਮੈਂ ਆਪਣੀ ਹੀ ਜ਼ਮੀਨ ਦੇਣ ਵਾਸਤੇ ਤਿਆਰ ਹੋਇਆ ਕਿ ਇਥੇ ਮਸਜਿਦ ਬਣਾ ਲਓ। ਉਸ ਵੇਲੇ ਉਨ੍ਹਾਂ ਦੀਆਂ ਚੋਣਾਂ ਹੋ ਰਹੀਆਂ ਸੀ ਪੰਚਾਇਤਾਂ ਦੀਆਂ। ਮੈਂ ਕਿਹਾ ਕਿ ਜੇ ਹੁਣ ਮੈਂ ਗੱਲ ਕਰੀ ਤਾਂ ਇਨ੍ਹਾਂ ਦੇ ਮਨ ਵਿਚ ਵੀ, ਲੋਕਾਂ ਦੇ ਮਨ ਵਿਚ ਵੀ ਹੋ ਜਾਏਗਾ ਕਿ ਉਨ੍ਹਾਂ ਨੂੰ ਖਰੀਦਣ ਵਾਸਤੇ ਇਨ੍ਹਾਂ ਨੇ ਮਸਜਿਦ ਬਣਾ ਦਿਤੀ। ਚੋਣਾਂ ਹੋ ਗਈਆਂ ਉਸ ਤੋਂ ਇਕ ਸਾਲ ਬਾਅਦ ਜਿਹੜਾ ਵੀ ਮੇਰੇ ਕੋਲ ਆਏ ਮੈਂ ਉਹਨੂੰ ਕਿਹਾ ਕਿ ਤੁਸੀਂ ਮਸਜਿਦ ਬਣਾਓ, ਅਸੀਂ ਖਰਚਾ ਦੇਵਾਂਗੇ ਤੁਹਾਨੂੰ। ਉਨ੍ਹਾਂ ਲੋਕਾਂ ਦਾ ਮੇਰੇ ਉਤੇ ਐਨਾ ਵਿਸ਼ਵਾਸ਼ ਹੋ ਗਿਆ,

ਕਿ ਮੁਸਲਮਾਨ ਮੈਨੂੰ ਆਪਣਾ ਸਮਝਦੇ ਰਹੇ, ਹਿੰਦੂ ਮੈਨੂੰ ਆਪਣਾ ਸਮਝਦੇ ਨੇ, ਸਿੱਖ ਮੈਨੂੰ ਆਪਣਾ ਸਮਝਦੇ ਨੇ, ਉਨ੍ਹਾਂ ਨੇ ਮੇਰੇ ਵਲ ਨਹੀਂ ਦੇਖਿਆ ਕਿ ਇਕ ਕਾਫਰ ਸਾਡੇ ਮਸਜਿਦ ਦੀ ਬੁਨਿਆਦ ਰੱਖ ਰਿਹੈ। ਕਿਉਂਕਿ ਉਹ ਥੋੜ੍ਹੇ ਸਖਤ ਨੇ। ਪਰ ਸਾਡੇ ਗੁਰੂ ਮਹਾਰਾਜ ਨੇ ਹਰਿਮੰਦਰ ਸਾਹਿਬ ਦੀ ਜੋ ਬੁਨਿਆਦ ਰੱਖੀ ਤਾਂ ਸਭ ਤੋਂ ਚੰਗਾ ਮਨੁੱਖ ਮੀਆਂ ਮੀਰ ਭਾਲਿਆ।

ਸੋ ਉਨ੍ਹਾਂ ਲੋਕਾਂ ਨਾਲ ਜਦੋਂ ਅਸੀਂ ਸਹੀ ਵਿਵਹਾਰ ਕਰੀਏ ਤਾਂ ਕੋਈ ਔਖੀ ਗੱਲ ਨਹੀਂ ਹੈ ਕਿ ਉਹ ਲੋਕ ਸਾਡੇ ਗੁਰਦੁਆਰਿਆਂ ਦੀਆਂ ਬੁਨਿਆਦਾਂ ਰੱਖਣ ਤੇ ਅਸੀਂ ਉਨ੍ਹਾਂ ਦੀਆਂ ਮਸਜਿਦਾਂ ਦੀਆਂ ਬੁਨਿਆਦਾਂ ਰੱਖ ਕੇ ਗੁਰੂ ਮਹਾਰਾਜ ਦਾ ਜਿਹੜਾ ਸਿਧਾਂਤ ਹੈ –

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ॥*

*ਅਕਾਲ ਉਸਤਤਿ*

ਇਸਨੂੰ ਬਿਲਕੁਲ ਸਹੀ ਸਿੱਧ ਕਰੀਏ। ਗੁਰੂ ਗੋਬਿੰਦ ਸਿੰਘ ਜੀ ਬਾਰੇ ਬੜੇ ਭੁਲੇਖੇ ਨੇ, ਕਈਆਂ ਦਾ ਖਿਆਲ ਹੈ ਕਿ ਉਹ ਮਸਜਿਦ ਨੂੰ ਬੁਰਾ ਸਮਝਦੇ ਨੇ। ਬੁਰਾ ਨਹੀਂ ਸਮਝਦੇ ਜਦੋਂ ਉਨ੍ਹਾਂ ਨੂੰ ਸਹੀ ਗਿਆਨ ਦਿਤਾ ਗਿਆ ਤਾਂ ਉਨ੍ਹਾਂ ਨੂੰ ਮੇਰੇ ਤੋਂ ਚੰਗਾ ਬੰਦਾ ਕੋਈ ਲੱਭਿਆ ਹੀ ਨਹੀਂ, ਹਾਲਾਂਕਿ ਉਨ੍ਹਾਂ ਦਾ ਪੀਰ ਆਇਆ ਹੋਇਆ ਸੀ। ਉਹ ਪੀਰ ਵੀ ਇਸ ਗੱਲ ਦੇ ਵਿਚ ਸ਼ਾਮਲ ਹੋਇਆ, ਕਿ ਅੱਜ ਮੈਨੂੰ ਬੜੀ ਖੁਸ਼ੀ ਹੋਈ ਹੈ, ਕਿ ਸੰਤ ਨੇ ਆ ਕੇ, ਸਾਡੇ ਮਜ਼੍ਹਬ ਦੀ ਬੁਨਿਆਦ ਰੱਖੀ ਹੈ। ਸੋ ਇਸ ਕਰਕੇ ਉਨ੍ਹਾਂ ਨੂੰ ਬੜਾ ਮੇਰੇ ਤੇ ਮਾਣ ਹੈ, ਸਤਿਕਾਰ ਹੈ। ਅਸੀਂ ਉਨ੍ਹਾਂ ਦੀ ਹਰ ਗੱਲ ਦੇਖਦੇ ਹਾਂ। ਅਸੀਂ ਉਨ੍ਹਾਂ ਦੀਆਂ ਕਮਜ਼ੋਰੀਆਂ ਕੱਢਣੀਆਂ ਚਾਹੁੰਦੇ ਹਾਂ। ਤਾਂ ਕਿ ਉਹ ਚੰਗੇ ਇਨਸਾਨ ਬਣ ਜਾਣ, ਥੋੜ੍ਹੇ ਜਿਹੇ ਨੇ, ਬਾਕੀ ਸਾਰੇ ਘਰ ਸਿੱਖਾਂ ਦੇ ਨੇ। ਉਨ੍ਹਾਂ ਦੇ ਉਤੇ ਜਿਹੜਾ ਵਜ਼ਨ ਹੈ ਕਿ ਅਸੀਂ ਥੋੜ੍ਹੇ ਹਾਂ, ਅਸੀਂ ਮੁਸਲਮਾਨ ਹਾਂ, ਉਹ ਅਸੀਂ ਕੱਢ ਦੇਣਾ ਚਾਹੁੰਦੇ ਹਾਂ ਅਸੀਂ ਉਨ੍ਹਾਂ ਨੂੰ ਭਰਾਵਾਂ ਵਾਂਗੂੰ ਰੱਖਣਾ ਚਾਹੁੰਦੇ ਹਾਂ ਤਾਂ ਕਿ ਉਨ੍ਹਾਂ ਦੇ ਮਨ ਵਿਚ ਕੋਈ ਵਹਿਮ ਨਾ ਰਹੇ।

**ਛੇਵਾਂ ਪ੍ਰਸ਼ਨ - ਪੁਰਾਣੇ ਸਮਿਆਂ ਦੇ ਵਿਚ ਗੁਰੂ ਸਾਹਿਬ ਦੇ ਨਾਲ ਸਮਕਾਲੀ ਮਹਾਂਪੁਰਸ਼ਾਂ ਲਈ ਵਧੇਰੇ ਕਰਕੇ ਭਾਈ ਸ਼ਬਦ ਨਾਲ ਸੰਬੋਧਨ ਕੀਤਾ ਜਾਂਦਾ ਹੈ। ਜਿਵੇਂ ਕਿ ਭਾਈ ਮਨੀ ਸਿੰਘ ਜੀ, ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ, ਬਾਬਾ ਦੀਪ ਸਿੰਘ ਜੀ ਆਦਿ। ਅੱਜਕਲ੍ਹ ਹਰ ਕੋਈ ਸੰਤ ਮਹਾਤਮਾ ਅਖਵਾ ਰਿਹਾ ਹੈ, ਜੇਕਰ ਸੰਤ ਨਾ ਕਹੋ ਤਾਂ ਆਪਣੀ ਨਿਰਾਦਰੀ ਮਹਿਸੂਸ ਕਰਦੇ ਹਨ। ਕੀ ਪੁਰਾਤਨ ਮਹਾਂਪੁਰਸ਼ ਸੰਤ ਪਦਵੀ ਦੇ ਲਾਇਕ ਨਹੀਂ ਸੀ?**

ਉਤਰ – ਪੁਰਾਤਨ ਜੋ ਮਹਾਂਪੁਰਸ਼ ਸੀ ਉਹ ਸੰਤਾਂ ਤੋਂ ਉਚੇ ਹੋਣ ਕਰਕੇ ਹੀ ਗੁਰੂ ਜੀ ਉਨ੍ਹਾਂ ਨੂੰ ਭਾਈ ਕਹਿੰਦੇ ਸੀ।

ਭਰਾ ਦਾ ਰੁਤਬਾ ਦਿੰਦੇ ਸੀ। ਉਸ ਵੇਲੇ ਜਦੋਂ ਗੁਰੂ ਮਹਾਰਾਜ ਸੀ ਤਾਂ ਉਹ ਭਰਾ ਕਹਿੰਦੇ ਸੀ ਤੇ ਹੌਲੀ ਹੌਲੀ ਇਹ ਜਿਹੜੀ ਪਦਵੀ ਸੀ, ਇਹ ਭਾਈ ਜੀ ਬਣ ਗਈ। ਭਾਈ ਜੀ ਉਸ ਨੂੰ ਕਿਹਾ ਜਾਣ ਲਗ ਗਿਆ। ਜਿਹੜਾ ਇਧਰ ਨੂੰ ਰੁੱਖ ਰਖਦਾ ਹੈ, ਗੁਰਦੁਆਰਿਆਂ ਵਲ ਨੂੰ। ਇਹ 'ਸੰਤ' ਅੱਖਰ ਕਦੋਂ ਪੈ ਗਿਆ, ਕਿਹਨੇ ਕਹਿ ਦਿਤਾ, ਇਹਦੇ ਬਾਰੇ ਮੈਂ ਕਦੇ ਖੋਜ ਨਹੀਂ ਕਰੀ। ਪਰ ਗੁਰੂ ਗ੍ਰੰਥ ਸਾਹਿਬ ਵਿਚ ਜੋ ਆਉਂਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਆਉਂਦਾ ਹੈ-

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਅੰਗ - 319***

ਸੰਤ ਜੋ ਹਨ ਉਹ ਪਹਿਲਾਂ ਤੋਂ ਤੁਰੇ ਆ ਰਹੇ ਨੇ। ਸਿੱਖਾਂ ਦੇ ਵਿਚ ਸੰਤ ਪਦ ਨਹੀਂ ਸੀ ਕਿਉਂਕਿ ਬਹੁਤ ਉਚੀ ਪਦਵੀ ਦੇ ਹੁੰਦੇ ਸੀ ਭਾਈ ਵੀ। ਭਾਈ ਇਹ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦਾ ਭਰਾ, ਗੁਰੂ ਗੋਬਿੰਦ ਸਿੰਘ ਜੀ ਦਾ ਭਰਾ, ਉਹਦਾ ਸਿੱਖ ਨਾ ਰਿਹਾ। ਸੰਤ ਜਿਹੜਾ ਹੈ ਇਹ ਗੁਰੂ ਮਹਾਰਾਜ ਨੇ ਲਿਖਿਆ ਹੈ -

***ਸੰਤ ਰਹਤ ਸੁਨਹੁ ਮੇਰੇ ਭਾਈ॥***
***ਉਆ ਕੀ ਮਹਿਮਾ ਕਥਨੁ ਨ ਜਾਈ॥ ਅੰਗ - 392***

ਇਸ ਨੂੰ ਮੈਂ ਚਾਰ-ਪੰਜ ਅੰਕਾਂ ਦੇ ਵਿਚ, 'ਆਤਮ ਮਾਰਗ' ਮੈਗਜ਼ੀਨ ਦੇ ਵਿਚ ਬੜੇ ਵਿਸਥਾਰ ਦੇ ਨਾਲ ਲਿਖਿਆ ਹੈ ਤੇ ਨਾਲ ਮੈਂ ਇਹ ਵੀ ਲਿਖਿਆ ਹੈ ਕਿ ਮੈਨੂੰ ਕੋਈ ਸੰਤ ਨਾ ਕਹਿਣਾ, ਮੈਂ ਸੰਤ ਨਹੀਂ ਹੈਗਾ। ਭੁਲੇਖਾ ਕੱਢ ਦਿਓ ਕਿ ਮੈਂ ਸੰਤ ਹਾਂ। ਪਰ ਜੇ ਮੈਂ ਸੰਤ ਦੇਖਣੇ ਚਾਹੁੰਦਾ ਹਾਂ ਤਾਂ ਉਚ ਕੋਟੀ ਦੇ ਦੇਖਣੇ ਚਾਹੁੰਦਾ ਹਾਂ। ਇਹ ਜਿਹੜੇ ਮਾਇਆ ਦੇ ਮੁਹਥਾਜ ਨੇ, ਵਾਜੇ ਦੀਆਂ ਚਾਰ ਸੁਰਾਂ ਸਿੱਖੀਆਂ, ਪੈਸਾ ਕਮਾਉਣ ਵਾਸਤੇ ਕੋਈ ਇੰਗਲੈਂਡ ਆ ਰਿਹਾ ਹੈ, ਕੋਈ ਅਮਰੀਕਾ ਨੂੰ ਜਾ ਰਿਹਾ ਹੈ। ਡਾਲਰ ਕਮਾ ਰਹੇ ਨੇ, ਭੇਖ ਬਣਾ ਲਿਆ, ਇਨ੍ਹਾਂ ਨੂੰ ਸੰਤ ਨਾ ਕਹੋ। ਹਾਲਾਂਕਿ ਮੇਰੇ ਖਿਲਾਫ ਵੀ ਹੋ ਗਏ, ਮੈਨੂੰ ਬੁਰਾ ਮੰਨਣਾ ਸ਼ੁਰੂ ਕਰ ਦਿਤਾ ਕਿ ਇਹ ਤਾਂ ਨਿੰਦਿਆ ਕਰਦਾ ਹੈ ਸੰਤਾਂ ਦੀ, ਪਰ ਮੈਂ ਗੁਰਬਾਣੀ ਦੇ ਹਿਸਾਬ ਨਾਲ ਜਿਹੜੇ ਉਚੇ ਸੰਤ ਸੀ ਉਨ੍ਹਾਂ ਦੇ ਸਾਰੇ ਕਿਰਦਾਰ ਲਿਖੇ। ਦੂਜੇ ਪਾਸੇ ਖਰੀਆਂ-ਖਰੀਆਂ ਦੇ ਵਿਚ ਮੈਂ ਉਹ ਵੀ ਲਿਖਿਆ ਕਿ ਜਿਹੜੇ ਸੰਤ ਕਹਾਉਂਦੇ ਨੇ, ਸਭ ਤੋਂ ਪਹਿਲਾਂ ਤਾਂ ਮੈਨੂੰ ਕੱਢ ਦਿਓ ਇਸ ਮਹਿਕਮੇ 'ਚੋਂ, ਕਿਉਂਕਿ ਇਨ੍ਹਾਂ ਸੰਤਾਂ ਨਾਲ ਮੈਂ ਚੱਲਣ ਵਾਸਤੇ ਤਿਆਰ ਨਹੀਂ ਹਾਂ। ਮੇਰਾ ਮੰਨ ਨਹੀਂ ਮੰਨਦਾ ਕਿ ਐਨੇ ਕਿਰਦਾਰ ਤੋਂ ਹੇਠਾਂ ਹੋਏ ਹੋਏ ਬੰਦਿਆਂ ਦੇ ਨਾਲ ਸਾਨੂੰ ਵੀ ਸੰਤ ਕਹਿ ਦਿਤਾ ਜਾਵੇ। ਜੇ ਸੰਤ ਕਹਿਣਾ ਹੈ ਤਾਂ ਉਪਰਲੇ ਬੰਦਿਆਂ ਦੇ ਨਾਲ ਰਲਾ ਕੇ ਕਹਿਣਾ ਹੈ। ਉਥੇ ਦੇ ਅਸੀਂ ਕਾਬਲ ਨਹੀਂ, ਉਨ੍ਹਾਂ ਦੇ ਅਸੀਂ ਦਾਸ ਹਾਂ। ਇਸ ਕਰਕੇ ਮੈਨੂੰ ਕੋਈ ਸੰਤ ਨਾ ਕਹੋ। ਇਹ ਜਿਹੜੇ ਸੰਤ ਲੋਕਾਂ ਨੂੰ

ਭੁਲੇਖਿਆਂ ਵਿਚ ਪਾਉਂਦੇ ਨੇ, ਪੈਸੇ ਕਮਾਉਣ ਵਾਸਤੇ ਉਲਟੀਆਂ ਫੁਲਟੀਆਂ ਗੱਲਾਂ ਕਰਦੇ ਨੇ, ਮਨਘੜਤ ਸਾਖੀਆਂ ਲਾ ਦਿੰਦੇ ਨੇ, ਇਨ੍ਹਾਂ ਤੋਂ ਤੁਸੀਂ ਬਚੋ। ਸੋ ਇਸ ਕਰਕੇ ਮੈਂ ਆਪਣੇ ਨਿਰਣੇ ਦੇ ਵਿਚ ਸਾਫ ਹਾਂ ਕਿ ਸੰਤ ਦੀ ਪਦਵੀ ਤਾਂ ਬਹੁਤ ਉਚੀ ਹੈ, ਪਰਮੇਸ਼ਵਰ ਵਰਗਾ ਸੰਤ ਹੋਇਆ ਕਰਦਾ ਹੈ। ਬਾਕੀ ਹੈਗਾ ਕਿ ਮੈਂ ਆਪਣੇ ਆਪ ਨੂੰ ਕਹਾਉਂਦਾ ਨਹੀਂ, ਲੋਕ ਮੈਨੂੰ ਆਪੇ ਕਹੀ ਜਾਂਦੇ ਨੇ। ਮੈਗਜ਼ੀਨ ਵਿਚ ਵੀ ਆਪਣੇ ਆਪ ਹੀ ਲਿਖਦੇ ਨੇ, ਹਟਦੇ ਨਹੀਂ ਹਨ। ਮੈਂ ਵਰਿਆਮ ਸਿੰਘ ਲਿਖਦਾਂ, ਮੂਹਰੇ ਸੰਤ ਲਿਖ ਦੇਣਗੇ। ਹਾਰ ਕੇ ਮੈਂ ਕਿਹਾ ਕਿ ਇਨ੍ਹਾਂ ਨੇ ਹਟਣਾ ਤਾਂ ਹੈ ਨਹੀਂ ਕੀ ਐਵੇਂ ਮਗਜ਼ ਖਪਾਈ ਕਰਨੀ ਹੈ। ਲਿਖਦੇ ਨੇ ਲਿਖੀ ਜਾਣ, ਸ਼ੁਕਰ ਹੈ ਸੰਤ ਹੀ ਲਿਖਦੇ ਨੇ, ਜੇ ਕੁਛ ਹੋਰ ਹੀ ਲਿਖ ਦਿੰਦੇ।

ਸਾਡੇ ਫੌਜ ਵਿਚ ਰਸਾਲੇ 'ਚ ਜਦੋਂ ਸਾਡਾ ਯੁੱਧ ਹੋ ਰਿਹਾ ਸੀ, ਪਰੇਡ ਕਰ ਰਹੇ ਸੀ, ਬਾਹਰ ਕੱਚੀਆਂ ਪਰੇਡਾਂ ਕਰਿਆ ਕਰਦੇ ਸੀ ਉਹਨੂੰ ਮਨੂਬਰ ਕਹਿੰਦੇ ਨੇ। ਉਹ ਮਨੂਬਰ 'ਚ ਅਸੀਂ ਘੋੜਿਆਂ ਤੇ ਸਵਾਰ ਸੀ। ਉਸ ਵੇਲੇ ਭੁੱਖ ਬਹੁਤ ਲੱਗੀ, ਰੋਟੀ ਪਾਣੀ ਦਾ ਕਿਤੇ ਪ੍ਰਬੰਧ ਨਹੀਂ ਸੀ, ਅਸੀਂ ਬਲਬ ਸਿੰਘ ਨਾਮ ਦਾ ਜਵਾਨ ਸੀ, ਉਸਨੂੰ ਭੇਜਿਆ ਕਿ ਜਾਹ ਤੂੰ ਮੱਕੀ ਦੇ ਦਾਣੇ ਲੈ ਕੇ ਆ। ਥੋੜ੍ਹੇ ਜਿਹੇ ਨਾ ਲਿਆਈਂ, ਸਵੇਰ ਦੇ ਭੁੱਖੇ ਅਸੀਂ ਤੁਰੇ ਫਿਰਦੇ ਹਾਂ। ਕਿਤੋਂ ਨਾ ਪਾਣੀ ਮਿਲਿਆ, ਨਾ ਰੋਟੀ ਮਿਲੀ, ਟਿਬਿਆਂ ਦੇ ਵਿਚ ਘੋੜੇ ਨਠਾਈ ਜਾਂਦੇ ਹਾਂ। ਤੂੰ ਐਨੇ ਸਾਰੇ ਦਾਣੇ ਲਿਆਈਂ। ਉਹ ਘੋੜਾ ਨਠਾ ਕੇ ਚਲਿਆ ਗਿਆ, ਇਕ ਦੂਰ ਪਿੰਡ 'ਚੋਂ ਦਾਣੇ ਲੈ ਕੇ ਆਇਆ। ਜਦੋਂ ਆਉਂਦਾ ਸੀ ਤਾਂ ਉਹਨੇ ਅੱਗੇ ਨੂੰ ਪੱਲਾ ਕਰਿਆ ਹੋਇਆ ਸੀ, ਅਸੀਂ ਜਦੋਂ ਉਹਨੂੰ ਦੇਖਿਆ ਸਾਡੇ ਮਨ ਵਿਚ ਆਇਆ ਕਿ ਲੈ ਬਈ, ਸਾਨੂੰ ਹੁਣ ਦਾਣੇ ਮਿਲਣਗੇ। ਜਦੋਂ ਉਹ ਬਿਲਕੁਲ ਨੇੜੇ ਆਇਆ ਤਾਂ ਉਹਨੇ ਉਹ ਜਿਹੜਾ ਪੱਲਾ ਸੁੱਟਿਆ ਹੋਇਆ ਸੀ, ਉਹ ਚੁੱਕ ਦਿਤਾ। ਅਸੀਂ ਕਿਹਾ ਓਏ ਤੂੰ ਦਾਣੇ ਨਹੀਂ ਲਿਆਇਆ? ਕਹਿੰਦਾ ਲਿਆਇਆ ਤਾਂ ਸੀ ਪਰ ਮੈਂ ਆਪ ਹੀ ਖਾ ਗਿਆ। ਉਸ ਦਿਨ ਤੋਂ ਉਹਦਾ ਨਾਉਂ ਦਾਣੇ ਚੱਬ ਪੈ ਗਿਆ - ਬਲਬ ਸਿੰਘ ਦਾਣੇ ਚੱਬ।

ਅਸੀਂ ਉਹਨੂੰ ਕਈ ਸਾਲਾਂ ਤੋਂ ਬਾਅਦ ਪੁੱਛਿਆ ਕਿ ਬਲਬ ਸਿੰਘਾਂ ਤੇਰੇ ਨਾਉਂ ਦਾਣੇ ਚੱਬ ਪੈ ਗਿਆ। ਉਹ ਕਹਿੰਦਾ ਸ਼ੁਕਰ ਕਰੋ ਕਿ ਕਿਸੇ ਨੇ ਗੂੰਹ ਚੱਬ ਨਹੀਂ ਕਹਿ ਦਿਤਾ। ਸੋ ਇਹ ਨਾਮ ਪੈ ਜਾਂਦੇ ਨੇ। ਸੋ ਇਸ ਤਰ੍ਹਾਂ ਕਰਕੇ ਆਪਣੇ ਆਪ ਐਸੀਆਂ ਗੱਲਾਂ ਹੁੰਦੀਆਂ ਹੀ ਰਹਿੰਦੀਆਂ ਨੇ। ਮੈਂ ਕਹਿੰਦਾ ਹਾਂ ਕਿ ਸ਼ੁਕਰ ਹੈ ਇਨ੍ਹਾਂ ਨੇ ਸੰਤ ਤਾਂ ਕਹਿ ਦਿਤਾ, ਕੋਈ ਹੋਰ ਹੀ ਨਹੀਂ ਉਪਾਧੀ ਦਿਤੀ।

(ਪੰਨਾ 40 ਦੀ ਬਾਕੀ)

ਇਨਸਾਨ ਦੀਆਂ ਹੁਣ ਅੱਖਾਂ ਖੁਲ੍ਹੀਆਂ ਤੇ ਪਤਾ ਲੱਗਾ ਕਿ ਅਨੰਦ ਜਾਂ ਮਸਤੀ ਦਰਅਸਲ ਉਸ ਦੇ ਮਨ ਦੇ ਖਲੋ ਜਾਣ ਅਤੇ ਆਪਣੇ ਨਾਲ ਬਿਰਾਜ ਰਹੀ ਅਨੰਦਮਈ ਚੇਤਨ ਸ਼ਕਤੀ ਨਾਲ ਛੋਹਣ ਵਿਚ ਹੈ। ਜਦ ਆਦਮੀ ਸ਼ਰਾਬ ਪੀਂਦਾ ਹੈ ਜਾਂ ਹੋਰ ਨਸ਼ੀਲੀਆਂ ਚੀਜ਼ਾਂ ਵਰਤਦਾ ਹੈ ਤਾਂ ਉਸ ਦਾ ਮਨ ਕੁਝ ਚਿਰ ਲਈ ਖਲੋ ਜਾਂਦਾ ਹੈ ਅਤੇ ਆਪਣੇ ਨਾਲ ਬਿਰਾਜ ਰਹੀ ਅਨੰਦਮਈ ਸ਼ਕਤੀ ਨੂੰ ਛੋਹ ਕੇ ਅਨੰਦ ਤੇ ਸਰੂਰ ਮਹਿਸੂਸ ਕਰਦਾ ਹੈ। ਮਸਤੀ ਅਸਲ ਵਿਚ ਸ਼ਰਾਬ ਵਿਚ ਨਹੀਂ, ਸ਼ਰਾਬ ਕੇਵਲ ਮਨ ਨੂੰ ਕੁਝ ਅਰਸੇ ਲਈ ਖੜ੍ਹਾ ਕਰ ਦੇਂਦੀ ਹੈ। ਮਸਤੀ ਅਸਲ ਵਿਚ ਮਨ ਦੇ ਆਪਣੇ ਟਿਕਾਉ ਵਿਚ ਹੁੰਦੀ ਹੈ।

ਅੱਗੇ ਚੱਲ ਕੇ ਇਨਸਾਨ ਨੂੰ ਪਤਾ ਲੱਗਾ ਕਿ ਮਸਤੀ ਕੇਵਲ ਮਨ ਦੇ ਟਿਕਾਉ ਵਿਚ ਹੈ ਅਤੇ ਇਹ ਟਿਕਾਉ ਨਸ਼ੀਲੀਆਂ ਚੀਜ਼ਾਂ ਵਰਤਣ, ਜਾਂ ਹੋਰ ਦੁਨੀਆਂ ਦੇ ਪ੍ਰਚਲਤ ਤਰੀਕਿਆਂ ਨਾਲ ਪੈਦਾ ਕਰਨ ਦੀ ਬਜਾਏ ਸਿਮਰਨ ਜਾਂ ਨਾਮ ਨਾਲ ਵੀ ਪੈਦਾ ਹੋ ਸਕਦਾ ਹੈ। ਇਸ ਸਬੰਧ ਵਿਚ ਕੀਤੇ ਇਨਸਾਨੀ ਤਜਰਬਿਆਂ ਨੇ ਇਨਸਾਨ ਨੂੰ ਯਕੀਨ ਦਵਾਇਆ ਕਿ ਨਾਮ ਤੋਂ ਪੈਦਾ ਹੋਈ ਮਸਤੀ ਅਨੰਦ ਜਾਂ ਖੇੜੇ ਦੀ ਹਾਲਤ ਬਹੁਤ ਚਿਰ ਤਕ ਕਾਇਮ ਰਹਿੰਦੀ ਹੈ। ਜਿਥੇ ਨਸ਼ਿਆਂ ਜਾਂ ਹੋਰ ਤਰੀਕਿਆਂ ਦੀ ਸਹਾਇਤਾ ਨਾਲ ਪੈਦਾ ਹੋਈ ਮਸਤੀ ਮਨ ਨੂੰ ਨਿਰਬਲ ਬਣਾਂਦੀ ਤੇ ਉਸ ਦੀਆਂ ਪਸ਼ੂ ਬਿਰਤੀਆਂ ਨੂੰ ਬਲਵਾਨ ਕਰਦੀ ਹੈ, ਉਥੇ ਨਾਮ ਸਿਮਰਨ ਦੀ ਸਹਾਇਤਾ ਨਾਲ ਪੈਦਾ ਹੋਈ ਮਸਤੀ ਮਨ ਨੂੰ ਬਲਵਾਨ ਬਣਾਂਦੀ ਤੇ ਮਨ ਦੀਆਂ ਪਸ਼ੂ ਬਿਰਤੀਆਂ ਨੂੰ ਕਮਜ਼ੋਰ ਕਰਦੀ ਹੈ।

ਪੂਰਬ ਦੇ ਮਹਾਂਪੁਰਖਾਂ ਨੇ ਮਨ ਨੂੰ ਅਨੰਦ, ਖੇੜੇ, ਮਸਤੀ ਤੇ ਖੁਮਾਰੀ ਦੀ ਹਾਲਤ ਵਿਚ ਲਿਆਉਣ ਵਾਸਤੇ ਜੋ ਨਾਮ ਸਿਮਰਨ ਦੀ ਕਾਢ ਕੱਢੀ ਸੀ, ਇਸ ਦੇ ਸਾਮ੍ਹਣੇ ਪੱਛਮ ਦੇ ਵਿਦਵਾਨਾਂ ਦੀਆਂ ਸਾਰੀਆਂ ਵਿਗਿਆਨਕ ਕਾਢਾਂ ਇਸ ਲਈ ਮਾਤ ਹਨ ਤੇ ਮਾਤ ਰਹਿਣਗੀਆਂ ਕਿਉਂਕਿ ਪੱਛਮ ਦੀਆਂ ਕਾਢਾਂ ਵਿਚ ਇਨਸਾਨ ਦੇ ਮਨ ਨੂੰ ਸਦਾ ਲਈ ਖੁਸ਼ੀ, ਸ਼ਾਂਤੀ, ਪ੍ਰਸੰਨ, ਸੁਖੀ ਤੇ ਮਸਤ ਬਨਾਉਣ ਦੀ ਖੂਬੀ ਨਹੀਂ।

*ਪੋਸਤ ਚਰਸ ਅਫੀਮ ਮਦ ਉਤਰ ਜਾਹਿ ਪਰਭਾਤ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੈ ਦਿਨ ਰਾਤ।*

# ਇਕ ਸਿਮ੍ਰਤੀ

*ਪ੍ਰਭਜੋਤ ਕੌਰ*

ਕੋਈ ਤਿੰਨ ਕੁ ਵਰ੍ਹੇ ਪਿਛਾਂਹ ਵਲ ਨੂੰ ਨਿਗ੍ਹਾ ਮਾਰਦੀ ਹਾਂ, ਜ਼ਿੰਦਗੀ ਦਾ ਨਾਪ-ਤੋਲ ਆਪੇ ਹੀ ਨਿਬੜ ਕੇ ਸਾਮ੍ਹਣੇ ਆ ਜਾਂਦਾ ਹੈ। 31 ਅਕਤੂਬਰ ਫਿਰ ਚੜ੍ਹਨ ਨੂੰ ਹੈ। ਤਿੰਨ ਸਾਲ ਲੰਘ ਗਏ। ਬਹੁਤ ਲੰਬਾ ਵਕਤ ਹੈ ਕਦੇ ਸੱਚ ਨਹੀਂ ਆਉਂਦਾ, ਬਈ ਉਹ ਜੋ ਕੁਝ ਆਪਣੇ ਨਾਲ ਵਾਪਰਿਆ, ਉਹ ਕੀ ਸੀ? ਕਰੀਬ ਦੋ ਦਹਾਕੇ ਇਕ ਸੁਫਨੇ ਵਾਂਗੂੰ ਲੰਘ ਗਏ ਤੇ ਆਹ ਤਿੰਨ ਸਾਲ, ਪਹਾੜਾਂ ਵਾਂਗੂੰ ਲਗਦੇ ਨੇ। ਐਂ ਲਗਦਾ ਹੈ ਸਮਾਂ ਜਿਵੇਂ ਰੁਕਿਆ ਖੜ੍ਹਾ ਹੈ। ਪਤਾ ਨਹੀਂ ਕਿਸ ਤਰ੍ਹਾਂ ਦਾ ਹੋ ਗਿਆ ਹੈ ਸਮਾਂ। ਇਸੇ ਨੂੰ ਸ਼ਾਇਦ ਸਿਆਣੇ ਪੁਰਖ ਜ਼ਿੰਦਗੀ ਦਾ ਨਾਮ ਦਿੰਦੇ ਨੇ। ਸੱਚਮੁਚ, ਪਿਆਰੇ ਦੇ ਸੰਗ ਬੀਤਿਆਂ ਸਮਾਂ ਹੀ ਜ਼ਿੰਦਗੀ ਹੈ। ਇਸੇ ਨੂੰ ਜੀਵਣਾ ਕਿਹਾ ਜਾਂਦਾ ਹੈ ਤੇ ਬਾਕੀ ਸਭ ਬੇਕਾਰ। ਬਿਲਕੁਲ ਨਿਰਾਰਥ ਹੈ। ਇਹੋ ਜਿਹੀ ਜ਼ਿੰਦਗੀ ਦਾ ਕੋਈ ਫਾਇਦਾ ਨਹੀਂ। ਗੁਰਬਾਣੀ ਧਿਰਕਾਰਾਂ ਪਾ ਰਹੀ ਹੈ।

*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*

*ਅੰਗ - 83*

ਪਰ ਕਰਿਆ ਕੀ ਜਾਏ। ਬਹੁਤ ਵੱਡੀ ਬੇਬਸੀ ਹੈ। ਜਦ ਆਦਮੀ ਕਿਸੇ ਸੱਚੇ ਬੇਪਰਵਾਹ ਦੀ ਸੰਗਤ 'ਚ ਪਹੁੰਚ ਜਾਂਦਾ ਹੈ, ਫਿਰ ਉਸਦੀ ਬੇਪਰਵਾਹੀ ਦਾ ਰੰਗ ਵੀ ਮਾਨਣਾ ਪੈਂਦਾ ਹੈ। ਕਿਸੇ ਪ੍ਰੇਮੀ ਨੇ ਸਾਇਦ ਠੀਕ ਹੀ ਲਿਖਿਆ ਹੈ-

*ਮਨ ਅਟਕਿਆ ਬੇਪਰਵਾਹ ਦੇ ਨਾਲ,*
*ਉਸ ਦੀਨ ਦੁਨੀ ਦੇ ਸ਼ਾਹ ਦੇ ਨਾਲ।*

31 ਅਕਤੂਬਰ - ਕੀ ਹੋਇਆ? ਸੰਤ ਮਹਾਰਾਜ ਜੀ ਦੀ ਉਸ ਕਿਰਿਆ ਵਲ ਨਾਂ ਹੀ ਜਾਇਆ ਜਾਏ ਤਾਂ ਸ਼ਾਇਦ ਕੁਝ ਠੀਕ ਰਹੇਗਾ ਕਿਉਂਕਿ ਉਹ ਨਾ ਤਾਂ ਮੈਥੋਂ ਦੱਸ ਹੋਣਾ ਹੈ ਨਾ ਕਿਸੇ ਤੋਂ ਸਹਿ ਹੋਣਾ ਹੈ। ਸੰਤ ਮਹਾਰਾਜ ਜੀ ਦੇ ਲੱਖਾਂ ਪ੍ਰੇਮੀ ਹਰ ਸਾਲ 30. 31 ਅਕਤੂਬਰ, 1, 2 ਨਵੰਬਰ ਨੂੰ ਆਪਣੇ ਮਹਿਬੂਬ ਮੁਰਸ਼ਦ ਨੂੰ ਸ਼ਰਧਾਂਜਲੀ ਭੇਂਟ ਕਰਨ ਉਨ੍ਹਾਂ ਦੇ ਪਵਿੱਤਰ ਅਸਥਾਨ ਨੂੰ ਸਜਦੇ ਕਰਨ ਵਾਸਤੇ ਰਤਵਾੜਾ ਸਾਹਿਬ ਪਹੁੰਚਦੇ ਹਨ। ਕੁਝ ਇਹੋ ਜਿਹੇ ਵੀ ਹਨ ਜਿਨ੍ਹਾਂ ਨੇ ਸ਼ਾਇਦ ਪਿਤਾ ਜੀ ਦੇ ਮੁਬਾਰਕ ਸਰੀਰ ਦੇ ਦਰਸ਼ਨ ਵੀ ਨਹੀਂ ਕੀਤੇ, ਪਰ ਸਾਰੇ ਹੀ ਉਸ ਮਹਾਂ ਸਮਾਧੀ ਦੇ ਦਿਨ ਆਪਣੀ ਹਾਜ਼ਰੀ ਭਰਨ ਲਈ ਆਉਂਦੇ ਹਨ। ਕੋਈ ਖਿੱਚ ਉਨ੍ਹਾਂ ਨੂੰ ਖਿੱਚਦੀ ਚਲੀ ਜਾਂਦੀ ਹੈ। ਕਲਜੁਗ ਦੇ ਘੋਰ ਸਮੇਂ 'ਚ ਵੀ ਉਹ ਪਿਆਰੇ ਆਪਣੇ-ਆਪਣੇ ਕਾਰਜ ਸੰਕੋਚ ਕੇ, ਉਸ ਖਿੱਚ ਦੇ ਅੰਦਰ ਹਜ਼ਾਰਾਂ ਮੀਲਾਂ ਦੇ ਸਫਰ ਝਾਗ ਕੇ ਆਪਣੇ ਪਿਆਰੇ ਦੀ ਯਾਦ ਵਿਚ ਆ ਬੈਠਦੇ ਹਨ। ਕੀ ਕਿਹਾ ਜਾਏ, ਯਾਦ ਤਾਂ ਉਨ੍ਹਾਂ ਹਿਰਦਿਆਂ 'ਚੋਂ ਕਦੇ ਨਿਕਲੀ ਹੀ ਨਹੀਂ, ਬੱਸ ਉਸ ਦਾ ਵੇਗ ਹੀ ਇੰਨਾ ਤੇਜ਼ ਹੋ ਗਿਆ ਕਿ ਉਹ ਉਨ੍ਹਾਂ ਨੂੰ ਉਸ ਜਗ੍ਹਾ ਲੈ ਆਇਆ, ਜਿਥੇ ਉਸ ਦੀ ਹੋਂਦ ਕਾਇਮ ਹੈ। ਸਾਧ ਸੰਗਤ ਦਾ ਇਸ ਤਰ੍ਹਾਂ ਮੇਲ ਹੋ ਜਾਣਾ, ਉਸ ਪਿਆਰੇ ਦੀ ਯਾਦ 'ਚ ਜੁੜਨਾ, ਹਾਂ ਜੀ ਬੜੇ ਕਮਾਲ ਦੀ ਕਿਰਿਆ ਹੈ ਉਸ ਪਿਆਰੇ ਦੀ। ਜਦੋਂ ਸਰੀਰ ਸੀ, ਕਿਰਿਆ ਉਦੋਂ ਵੀ ਆਹੀ ਸੀ ਤੇ ਹੁਣ ਜੇ ਸਰੀਰ ਨਹੀਂ ਹੈ ਤਾਂ ਵੀ ਕਿਰਿਆ ਤਾਂ ਉਹੀ ਹੈ। ਮੈਨੂੰ ਕਈ ਵਾਰ ਬੜਾ ਝਟਕਾ ਲਗਦਾ ਜਦੋਂ ਲੋਕੀ ਕਹਿ ਛੱਡਦੇ ਨੇ ਜੀ, ਹੁਣ ਸੰਤ ਤਾਂ ਹੁਣ ਹੈ ਹੀ ਨਹੀਂ, ਪਤਾ ਨਹੀਂ, ਐਡੀਆਂ-ਐਡੀਆਂ ਗੱਲਾਂ, ਕਿ ਪਲ ਵੀ ਬਿਨਾਂ ਗੌਰ ਕੀਤੇ ਕਿੱਦਾਂ ਕਹਿ ਛੱਡਦੇ ਨੇ।

ਕਿਸੇ ਗਿਆਨ ਨੂੰ ਪ੍ਰਾਪਤ ਕਰਨ ਲਈ, ਕਿਸੇ ਅਧਿਆਪਕ ਨਾਲ ਜੁੜਨਾ ਪੈਂਦਾ ਹੈ। ਪਰ ਗਿਆਨ ਪ੍ਰਾਪਤ ਕਰਨ ਦੀ ਕਿਰਿਆ ਦੇ ਨਾਲ-ਨਾਲ ਬੰਦਾ ਅਧਿਆਪਕ ਨਾਲ ਸੁਤੇ ਸਿਧ ਜੁੜ ਜਾਂਦਾ ਹੈ। ਇਹ ਅਮਲੀ ਗੱਲਾਂ ਨੇ। ਕੋਈ ਫਿਲੋਸਫੀ ਨਹੀਂ ਹੈ। ਬੰਦਾ ਆਪਣੀ ਸਾਰੀ ਉਮਰ 'ਚ ਆਪਣੇ ਆਪ ਨੂੰ ਹੀ ਗੁਰੂ ਮਹਾਰਾਜ ਜੀ ਨਾਲ ਨਹੀਂ ਜੋੜ ਸਕਦਾ, ਪਰ ਸਾਧੂ, ਸੰਤ, ਭਗਤ, ਗੁਰਸਿੱਖ ਪਤਾ ਹੀ ਨਹੀਂ ਕਿੰਨਿਆਂ ਕੁ ਨੂੰ ਜੋੜ ਜਾਂਦੇ ਨੇ। ਇਹ ਕੰਮ ਉਨ੍ਹਾਂ ਦੇ ਸਰੀਰ ਜਾਣ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ। ਉਹ ਸਰੀਰ, ਨਾਮ ਦੇ ਬਲ ਨਾਲ ਐਸੇ ਤਾਕਤਵਰ ਬਣ ਜਾਂਦੇ ਹਨ ਕਿ ਭਾਵੇਂ ਫਨਾਹ ਹੋ ਜਾਂਦੇ ਨੇ, ਪਰ ਉਨ੍ਹਾਂ ਦੀ ਮਹਿਮਾ, ਉਨ੍ਹਾਂ ਦੀ ਕੀਰਤੀ, ਸਹਿਜ ਸੁਭਾਅ, ਤਾਜ਼ੀ ਹਵਾ ਦੇ ਬੁਲ੍ਹਿਆਂ ਵਾਂਗੂੰ ਜਗਿਆਸੂਆਂ ਨੂੰ ਨਿਰੋਲ ਅਧਿਆਤਮਕ ਸੇਧ ਪ੍ਰਦਾਨ ਕਰਦੀ ਚਲੀ ਜਾਂਦੀ ਹੈ।

ਆਪ ਜੀ ਜਦੋਂ ਨੌਕਰੀ ਕਰਦੇ ਸੀ, ਹੁਣ ਪ੍ਰੇਮੀ ਦੱਸਦੇ ਹਨ ਕਿ ਉਦੋਂ ਆਪ ਜੀ ਅੱਧੀ ਛੁਟੀ ਵੇਲੇ ਵੀ ਜਗਿਆਸੂਆਂ ਨੂੰ ਬਿਠਾ ਕੇ ਭਜਨ ਕਰਵਾਉਂਦੇ ਸੀ। ਨਾਮ ਦੀਆਂ ਜੁਗਤੀਆਂ ਦਸਦੇ ਸੀ। ਬੇਅੰਤ ਪ੍ਰਾਣੀਆਂ ਦੀਆਂ ਅਧਿਆਤਮਕ ਰਾਹ ਤੇ ਆਉਣ ਵਾਲੀਆਂ ਤਕਲੀਫਾਂ, ਅੜਚਨਾਂ ਦਾ ਸਮਾਧਾਨ ਕਰਦੇ ਹੁੰਦੇ। ਕੁਰਸੀ ਪਰ ਜਦ ਆਪ ਜੀ ਬਿਰਾਜਮਾਨ ਹੁੰਦੇ, ਬੜੇ ਰੰਗ 'ਚ ਆ ਕੇ ਦੱਸਣਾ ਕਿ ਮੈਂ ਜਦ ਸਰਵਿਸ ਕਰਦਾ ਹੁੰਦਾ ਸੀ ਨਾ, ਤਾਂ ਮੇਰਾ ਮਕਸਦ ਹੁੰਦਾ ਕਿ ਕਿਸੇ ਦਾ ਵੀ ਨੁਕਸਾਨ ਨਾ ਹੋਵੇ। ਆਪ ਜੀ ਵੱਡੇ ਤੜਕੇ ਹੀ ਦਫਤਰ ਪਹੁੰਚ ਜਾਂਦੇ ਤੇ ਬੀਜੀ ਦਸਦੇ ਹੁੰਦੇ ਹਨ ਕਿ ਕਈ ਵਾਰੀ ਸਾਰੀ-ਸਾਰੀ ਰਾਤ ਉਤੇ ਹੀ ਕੰਮ

ਕਰਦੇ ਰਹਿੰਦੇ। ਫਿਰ ਆਪ ਜੀ ਨੇ ਮੁਸਕਰਾ ਕੇ ਕਹਿਣਾ ਕਿ ਮੈਨੂੰ ਕੋਈ ਦੂਜਾ ਲਗਦਾ ਹੀ ਨਹੀਂ। ਨਾਲ ਮੇਰਾ ਪਿਆਰਾ ਤਾਂ ਕਹਿੰਦਾ, "ਇਹ ਜਗ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ।" ਇਹੋ ਜਿਹਾ ਸੁਭਾਅ ਹੈ। ਇਹ ਆਪ ਜੀ ਦਾ ਸੁਭਾਅ ਅਤਿ ਸਰੀਰੀਕ ਬਿਆਧੀਆਂ ਸਮੇਂ ਉਵੇਂ ਹੀ ਰਿਹਾ। ਇਕ ਵਾਰੀ ਆਪ ਜੀ ਨੂੰ ਬ੍ਰਹਮ ਸੂਤਰੀ ਨਿਕਲੀ ਸੀ। ਰੋਗੀ ਜਾਣਦੇ ਹਨ ਕਿ ਕਿੰਨੀ ਤਕਲੀਫ ਹੁੰਦੀ ਹੈ। ਦਰਦ ਨਾਲ ਬੰਦੇ ਟੱਕਰਾਂ ਮਾਰਦੇ ਨੇ। ਕੋਈ ਦੁਪਹਿਰ ਦਾ ਵੇਲਾ ਹੋਣਾ ਹੈ, ਸਾਡੇ ਨੇੜਲੇ ਪ੍ਰੇਮੀਆਂ ਦੇ ਘਰ ਟੈਲੀਫੋਨ ਕਰਕੇ ਮੈਨੂੰ ਬੁਲਾਇਆ। ਜਦੋਂ ਮੈਂ ਗੱਲ ਕਰੀ, ਆਪ ਜੀ ਕਹਿੰਦੇ ਉਹ ਫਲਾਣੇ ਦਾ ਕੀ ਹਾਲ ਹੈ। ਮੈਂ ਬੇਨਤੀ ਕੀਤੀ ਕਿ ਪਿਤਾ ਜੀ, ਸਭ ਠੀਕ ਹੈ। ਆਪ ਜੀ ਦੀ ਸਿਹਤ ਐਸ ਵਕਤ ਇਜਾਜ਼ਤ ਨਹੀਂ ਦੇ ਰਹੀ। ਆਪ ਜੀ ਥੋੜ੍ਹਾ ਜਿਹਾ ਆਰਾਮ ਕਰ ਲਵੋ। ਬੜੇ ਖਿੜ ਖਿੜਾ ਕੇ ਹੱਸੇ, ਕਹਿੰਦੇ ਨਹੀਂ ਬੇਟਾ, ਮੈਂ ਬਿਲਕੁਲ ਠੀਕ ਹਾਂ। ਮੈਨੂੰ ਡਰ ਲੱਗੇ ਕਿ ਆਪ ਜੀ ਦਾ ਸਰੀਰ ਕਾਫੀ ਤਕਲੀਫ 'ਚ ਹੈ, ਪਰ ਆਪ ਜੀ ਪੂਰੀ ਚੜ੍ਹਦੀ ਕਲਾ 'ਚ। ਮੈਂ ਹਾਲੇ ਤੱਕ ਹੈਰਾਨ ਹਾਂ ਕਿ ਆਪ ਜੀ ਨੇ ਕਦੇ ਵੀ ਸਰੀਰ ਦੀ ਪਰਵਾਹ ਨਹੀਂ ਸੀ ਕੀਤੀ। ਕਦੇ-ਕਦੇ ਉਹ ਸਾਰਾ ਕੁਝ ਚੇਤੇ ਕਰਕੇ ਪਰਮ ਪੂਜਨੀਯ ਵੱਡੇ ਸੰਤ ਮਹਾਰਾਜ ਜੀ ਦੀਆਂ ਪਵਿੱਤਰ ਰਚਨਾਵਾਂ ਆਪ ਮੁਹਾਰੇ ਛਿੜ ਪੈਂਦੀਆਂ ਹਨ।

***ਦਦਾ ਆਖੇ ਦੂਰ ਬੜੀ ਮੰਜ਼ਿਰ ਫਕੀਰ ਦੀ ਐ,***
***ਲੋਕਾਂ ਨੂੰ ਪਤਾ ਕੀ ਕਿਥੇ ਫੱਕਰ ਬਰਾਜਦੇ।***
***ਸੁੰਨ ਜੋ ਸਮਾਧ ਲਗੀ ਨਾਲ ਪਰਮਾਤਮਾ ਦੇ,***
***ਦੁਨੀਆਂ ਕੀ ਜਾਣੇ ਬਈ ਸੁੱਤੇ ਐ ਕਿ ਜਾਗਦੇ।***
***ਹੱਥ ਤੱਸਬੀ ਨਾ ਮਾਲਾ ਭੇਖ ਭਗਵਾ ਨਾ ਕਾਲਾ ਕੋਈ***
***ਸੁੰਨਤ ਸ਼ਰੀਅਤ ਕੋਈ ਕੰਮ ਨਾ ਨਵਾਜ ਦੇ।***
***ਲੋਕ ਬੇਗਿਆਨ ਮੁੱਲ ਪਾਵਦੇ ਪਖੰਡੀਆਂ ਦਾ,***
***ਵਿਰਲੇ ਸਰੋਤੇ ਕੋਈ ਫਕਰਾਂ ਦੇ ਰਾਗ ਦੇ।***

***(ਈਸ਼ਵਰ ਅਮੋਲਕ ਲਾਲ 'ਚੋਂ ਧੰਨਵਾਦ ਸਹਿਤ)***

ਗੁਲਾਬ ਦੇ ਫੁੱਲਾਂ ਵਰਗੇ, ਵਾਹਿਗੁਰੂ ਦੀ ਰਤੀ ਰੰਗਣ ਦਾ ਆਭਾਸ ਦਿੰਦੇ ਇਹ ਦੋ ਮਹਾਨ ਚਿਹਰੇ, ਮਾਨੋਂ ਜਗਿਆਸੂ ਨੂੰ ਕਿਸੇ ਹੋਰ ਦੀ ਅਗੰਮੀ ਦੁਨੀਆਂ ਦੀ ਝਲਕ ਦਿੰਦੇ ਹਨ। ਭਾਵੇਂ ਇਹ ਸਮਾਗਮ ਪਿਤਾ ਜੀ ਦੀ ਮਹਾਂ-ਸਮਾਧੀ ਵਾਲੇ ਦਿਨਾਂ ਅੰਦਰ ਮਨਾਏ ਜਾ ਰਹੇ ਹਨ। ਪਰ ਨਿਰਸੰਦੇਹ ਇਹ ਸਮਾਗਮ, ਉਹ ਦੋ ਮਹਾਨ, ਦਿਬ ਜਯੋਤੀਆਂ ਨੂੰ ਸਮਰਪਿਤ ਹਨ ਕਿਉਂਕਿ ਆਪ ਜੀ ਦੇ ਪਵਿੱਤਰ ਸਰੀਰ ਹੁੰਦਿਆਂ ਵੀ ਪੂਰੇ ਸਮਾਗਮ ਪਰਮ ਪੂਜਨੀਯ ਵੱਡੇ ਮਹਾਰਾਜ ਦੀ ਯਾਦ ਨੂੰ ਸਮਰਪਿਤ ਕੀਤੇ ਜਾਂਦੇ ਹਨ ਜੋ ਹਮੇਸ਼ਾ ਹੀ ਜਾਰੀ ਰਹੇਗਾ। ਖੈਰ, ਅੱਜ ਤੋਂ ਦੱਸ ਪੰਦਰਾਂ ਸਾਲ ਪਿਛੇ ਦੀਆਂ ਬਾਤਾਂ ਨੇ, ਉਦੋਂ ਆਪ ਜੀ ਦਾ ਸਰੀਰ ਬੜਾ ਨਰੋਆ ਸੀ। ਉਸ ਸਮੇਂ ਤੇ ਆਪ ਜੀ ਦੀ ਸੇਵਾ ਸੰਭਾਲ ਪਿਆਰੇ ਬੀਜੀ ਕਰਦੇ ਹੁੰਦੇ। ਆਪ ਜੀ ਅਕਸਰ ਤਾਕੀਦ ਕਰਦੇ ਰਹਿੰਦੇ ਕਿ ਇਹ ਗੱਡੀ (ਸਰੀਰ) ਪੁਰਾਣੀ ਹੋ ਚੁੱਕੀ ਹੈ। ਜਿੰਨਾ ਸੰਭਾਲ ਕੇ ਚਲਾਉਂਗੇ ਉਨੀਂ ਦੇਰ ਚੱਲੇਗੀ।

ਅਸਥਾਨ ਹੈ। ਬਹੁਤ ਪਿਆਰਾ ਹੈ। ਪਿਆਰੇ ਦਾ ਜੁ ਹੋਇਆ। ਉਥੇ ਦੀ ਹਰ ਸ਼ੈਅ ਪਿਆਰੀ ਲਗਦੀ ਹੈ। ਹਰ ਸ਼ੈਅ ਪਿਆਰੇ ਦਾ ਚੇਤਾ ਕਰਵਾਉਂਦੀ ਹੈ ਪਰ ਹਰ ਸ਼ੈਅ ਮਾਯੂਸ ਹੈ, ਗਮਗੀਨ ਹੈ। ਫੁੱਲ ਵੀ ਉਹੀ ਨੇ, ਦਰਖਤ ਵੀ ਉਹੀ ਨੇ। ਖੇੜਾ ਵੀ ਉਹੀ ਹੈ। ਪਰ ਉਸ ਖੇੜੇ ਵਿਚ ਇਕ ਉਦਾਸੀ ਹੈ। ਜੋ ਬਹੁਤ ਗਹਿਰੀ ਹੈ। ਆਪ ਜੀ ਦੀ ਪਵਿੱਤਰ ਕੁਟੀਆ ਮਾਨੋ ਚੁੱਪ ਸਾਧ ਗਈ ਹੈ। ਉਥੇ ਦੇ ਦਰਖਤ ਫੁੱਲ ਬੂਟੇ, ਸਾਰੇ ਉਸ ਦੀ ਚੁੱਪ ਵਿਚ ਹਾਮੀ ਭਰ ਰਹੇ ਹਨ। ਚਾਰੋਂ ਪਾਸੇ ਨਿਗ੍ਹਾ ਜਾਂਦੀ ਹੈ ਤਾਂ ਅਹਿਸਾਸ ਹੁੰਦਾ ਹੈ ਕਿ ਸਭ ਖਾਮੋਸ਼ ਹੋ ਗਏ ਹਨ। ਖੇੜਿਆਂ 'ਚੋਂ ਕੋਈ ਖੇੜਾ ਗੈਰਹਾਜ਼ਰ ਲਗਦੈ। ਪੰਛੀਆਂ ਦੀ ਚਹਿ-ਚਹਾਹਟ ਬੜੀ ਬਿਰਹੋ ਕੁੱਠੀ ਜਾਪਦੀ ਹੈ। ਸਭ ਆਪਣੇ ਪਿਆਰੇ ਦੇ ਸਰੀਰ ਤੋਂ ਵਿਛੜ ਕੇ ਆਪਣੀ-ਆਪਣੀ ਦਾਸਤਾਨ ਕਹਿ ਰਹੇ ਹਨ। ਕੁਝ ਕੁ ਸਚਾਈਆਂ ਨੂੰ ਬਿਆਨ ਕਰਨਾ ਔਖਾ ਹੀ ਨਹੀਂ ਸਗੋਂ ਬੜਾ ਦੁਖਦਾਈ ਹੁੰਦਾ ਹੈ। ਭਾਵੇਂ ਸੰਸੇ ਵਾਲੀ ਬਾਤ ਨਹੀਂ ਹੈ ਕਿ ਪਿਆਰੇ ਦੀ ਛੋਹ ਹੀ, ਹਰ ਚੀਜ਼ ਨੂੰ ਜੀਵਨ ਦੀ ਰੌਅ ਬਖਸ਼ਿਸ਼ ਕਰ ਰਹੀ ਹੈ ਪਰ ਉਸ ਪਿਆਰੇ ਸਰੂਪ, ਸਰੀਰ ਦੀ ਕਮੀ ਨਾ ਪੂਰੀ ਹੋਣ ਵਾਲੀ ਹੈ। ਪਿਆਰੇ ਬੀਜੀ, ਸਭ ਨੂੰ ਬਹੁਤ ਪਿਆਰ, ਬਹੁਤ ਹੌਂਸਲਾ, ਬਹੁਤ ਦਿਲਾਸਾ ਦਿੰਦੇ ਹਨ ਲੇਕਿਨ ਮਨ ਫਿਰ ਵੀ ਡੋਲੇ ਖਾਂਦਾ ਹੈ। ਉਹ ਕਮੀ ਬਹੁਤ ਬੇਬਸ ਕਰ ਦਿੰਦੀ ਹੈ ਕਿਉਂਕਿ ਪਿਆਰਿਓ, ਜਿਸ ਪਿਆਰੇ ਦੀ ਸੰਗਤ 'ਚ ਖੂਬ ਅਨੰਦ ਮਾਣਿਆ ਹੋਵੇ, ਬੇਸ਼ੁਮਾਰ ਤੇ ਅਕਹਿ ਪਿਆਰ ਤੇ ਬਰਕਤਾਂ ਲਈਆਂ ਹੋਣ, ਫਿਰ ਉਸੇ ਪਿਆਰੇ ਦੀਆਂ ਯਾਦਾਂ ਮਨਾਉਣੀਆਂ ਬਹੁਤ ਮੁਸ਼ਕਿਲ, ਬਹੁਤ ਔਖਾ ਹੋ ਜਾਂਦਾ ਹੈ। ਮਨ, ਸਰੀਰ, ਚਿਤ ਤੇ ਬੁੱਧੀ ਕੋਈ ਸਾਥ ਨਹੀਂ ਦਿੰਦਾ। ਦਿਲ ਜਿਥੇ ਜਾ ਲਗੇ, ਫਿਰ ਉਹਨੂੰ ਮੋੜਨਾ ਨਾ ਮੁਮਕਿਨ ਹੈ। ਹੋਰ ਮੈਥੋਂ ਕਹਿ ਨਹੀਂ ਹੋ ਰਿਹਾ -

ਇਸ ਘੜੀ ਸੰਤ ਮਹਾਰਾਜ ਜੀ ਦੀ ਹੀ ਇਕ ਧਾਰਨਾ ਚੇਤੇ ਆ ਰਹੀ -

***ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥***

***ਅੰਗ - 729***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

ਹੁਕਮਨਾਮਾ

*ਟੋਡੀ ਮਹਲਾ ੫॥*
*ਰਸਨਾ ਗੁਣ ਗੋਪਾਲ ਨਿਧਿ ਗਾਇਣ॥*
*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ॥੧॥ਰਹਾਉ॥*
*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*
*ਜਨਮ ਮਰਣ ਦੁਹਹੂ ਤੇ ਛੂਟਹਿ*
*ਭਵਜਲੁ ਜਗਤੁ ਤਰਾਇਣ॥*
*ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥੨॥੫॥੧੦॥ ਅੰਗ - 713*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਹਰੀ ਦਾ ਜਸ ਜੋ ਕਲਿਜੁਗ ਦੇ ਅੰਦਰ ਪ੍ਰਮੁਖ ਸਾਧਨਾ ਹੈ ਪਰ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ ਮਹਾਰਾਜ ਨੇ ਇਹ ਵੀ ਫੁਰਮਾਨ ਕਰ ਦਿੱਤਾ ਹੈ। ਗੁਰੂ ਮਹਾਰਾਜ ਜੀ ਨੇ ਜੋ ਬਚਨ ਕੀਤਾ ਹੈ ਕਿ ਰਸਨਾ ਦੇ ਨਾਲ ਜਦੋਂ ਅਸੀਂ ਗੁਣਾਂ ਦੇ ਖਜਾਨੇ ਪ੍ਰਮੇਸ਼ਰ, ਪ੍ਰਭੂ, ਨਾਰਾਇਣ, ਗੋਬਿੰਦ ਦੇ ਗੁਣ ਗਾਵਾਂਗੇ ਉਸ ਵੇਲੇ ਸਾਡੇ ਮਨ ਦੇ ਅੰਦਰ ਇਕ ਮਹਾਨ ਖ਼ੁਸ਼ੀ, ਮਹਾਨ ਸੁਖ ਤੇ ਸ਼ਾਂਤੀ ਦੀ ਉਤਪਤੀ ਹੋਵੇਗੀ। ਨਾਲ ਹੀ ਆਪ ਨੇ ਇਸ ਦਾ ਫਲ ਵੀ ਇਹ ਦੱਸਿਆ ਹੈ ਕਿ ਜਦੋਂ ਅਸੀਂ ਹਰੀ ਦੇ ਚਰਨ ਹਿਰਦੇ ਵਿਚ ਵਸਾਵਾਂਗੇ, ਸੇਵਾ ਕਰਾਂਗੇ, ਨਾਮ ਜਪਾਂਗੇ ਉਸ ਵੇਲੇ ਜੋ ਚੀਜ਼ ਵੀ ਮੰਗੀ ਜਾਵੇ ਉਹ ਪ੍ਰਾਪਤ ਹੋ ਜਾਏਗੀ ਕਿਉਂਕਿ ਬਹੁਤ ਸਾਰਿਆਂ ਦੇ ਮਨਾਂ ਵਿਚ ਸੰਸਾਰ ਦਾ ਮੋਹ ਹੁੰਦਾ ਹੈ, ਸੰਸਾਰ ਨੂੰ ਉਹ ਪੱਕਾ ਸਮਝਦੇ ਨੇ ਤੇ ਇਥੇ ਦੀਆਂ ਚੀਜ਼ਾਂ ਮੰਗਦੇ ਨੇ। ਮਹਾਰਾਜ ਕਹਿੰਦੇ ਇਸ ਤੋਂ ਵੀ ਉਪਰ ਜਨਮ ਤੇ ਮਰਨ ਦਾ ਜੋ ਸੰਗਲ ਗਲ ਵਿਚ ਪਿਆ ਹੋਇਆ ਹੈ ਹਉਮੈ ਰੋਗ ਕਰਕੇ, ਉਹ ਵੀ ਦੂਰ ਹੋ ਜਾਏਗਾ। ਅਖੀਰ ਦੇ ਵਿਚ ਆਪ ਦਸਦੇ ਨੇ ਕਿ ਸਾਰਾ ਸੰਸਾਰ ਸੁਖਾਂ ਦੇ ਵਾਸਤੇ ਤੁਰਿਆ ਫਿਰਦਾ ਹੈ ਪਰ ਸੁਖ ਮਿਲਦਾ ਨਹੀਂ ਹੈ। ਜਿੰਨੇ ਕਦਮ ਆਦਮੀ ਅੱਗੇ ਪੁਟਦਾ ਹੈ, ਉਨਾ ਸੁਖ ਹੋਰ ਅੱਗੇ ਵਧ ਜਾਂਦਾ ਹੈ ਤੇ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਕਹਿੰਦੇ ਜੇ ਤੂੰ ਸਚਮੁਚ ਐਸਾ ਸੁਖ ਚਾਹੁੰਦਾ ਹੈਂ ਜਿਸ ਵਿਚ ਕਦੇ ਵਿਘਨ ਨਾ ਪਏ, ਹਰ ਵਕਤ ਖ਼ੁਸ਼ੀ ਹੀ ਖ਼ੁਸ਼ੀ ਰਹੇ ਤੇ 'ਅਬਿਨਾਸੀ ਖੇਮ' ਚਾਹੁੰਦਾ ਹੈਂ, ਤਾਂ ਇਕ ਗਲ ਯਾਦ ਰੱਖ ਕਿ ਤੂੰ ਕਦੇ ਵੀ ਵਾਹਿਗੁਰੂ ਨੂੰ ਨਾ ਭੁੱਲ। ਸਿਮਰਨ ਕਰਨਾ, ਨਾਮ ਜਪਣਾ, ਨਾਮ ਸੁਣਨਾ, ਨਾਮ ਗਾਉਣਾ ਤੇ ਨਾਮ ਦਾ ਯਾਦਾਸ਼ਤ ਦੇ ਵਿਚ ਬੈਠ ਜਾਣਾ ਇਸ ਨੂੰ ਸਿਮਰਨ ਕਹਿੰਦੇ ਨੇ। ਜਦੋਂ ਇਹ ਯਾਦਾਸ਼ਤ ਦੇ ਵਿਚ ਬੈਠ ਜਾਵੇ ਤੇ ਭੁੱਲੇ ਹੀ ਨਾ ਜਦੋਂ ਕਿਸੇ ਮੌਕੇ ਵੀ।

ਕਹਿੰਦੇ ਫੇਰ ਤੂੰ ਸਦਾ ਹੀ, 24 ਘੰਟੇ ਉਸ ਨੂੰ ਯਾਦ ਰੱਖ, ਜੇ ਤੂੰ ਮਹਾਨ ਖੁਸ਼ੀਆਂ ਤੇ ਖੇੜੇ ਚਾਹੁੰਦਾ ਹੈਂ। ਸੋ ਸਿਮਰਨ ਦੀ ਮਹਿਮਾ, ਗੁਣ ਗਾਉਣ ਦੀ ਮਹਿਮਾ ਇਸ ਹੁਕਮਨਾਮੇ ਵਿਚ ਸਾਨੂੰ ਗੁਰੂ ਮਹਾਰਾਜ ਨੇ ਪ੍ਰਗਟ ਕਰਕੇ ਦੱਸੀ ਹੈ ਕਿਉਂਕਿ ਜੋ ਕੀਰਤਨ ਹੈ ਇਹ ਕਲਜੁਗ ਦੇ ਵਿਚ ਸਾਰੀਆਂ ਭਗਤੀਆਂ ਨਾਲੋਂ ਸ਼੍ਰੋਮਣੀ ਭਗਤੀ ਗਿਣੀ ਗਈ ਹੈ –

*ਕਲਿਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥ ਅੰਗ - 1075*

ਗੁਰੂ ਦੇ ਰਾਹੀਂ ਪ੍ਰਮੇਸ਼ਰ ਦੇ ਧਿਆਨ ਵਿਚ ਇਕ ਟੱਕ ਬਿਰਤੀ ਲਾ ਕੇ ਜਦੋਂ ਜਪਿਆ ਜਾਂਦਾ ਹੈ ਨਾਮ, ਇਹ ਕੀਰਤਨ ਭਗਤੀ, ਪ੍ਰੇਮਾ ਭਗਤੀ ਦੇ ਰੂਪ ਵਿਚ ਬਦਲ ਜਾਂਦੀ ਹੈ, ਪ੍ਰੇਮਾ ਭਗਤੀ, ਅਪਰਾ ਭਗਤੀ ਵਿਚ ਚਲੀ ਜਾਂਦੀ ਹੈ। ਜਿਸ ਥਾਂ ਤੇ 'ਮੈਂ' ਬਿਲਕੁਲ ਖਤਮ ਹੋ ਜਾਂਦੀ ਹੈ ਤੇ 'ਤੂੰ' ਪ੍ਰਗਟ ਹੋ ਜਾਂਦਾ ਹੈ। 'ਮੈਂ' ਨਹੀਂ ਰਹਿੰਦੀ ਫੇਰ–

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅੰਗ - 657*

ਵਾਹਿਗੁਰੂ ਹੀ ਹੋ ਜਾਂਦਾ ਹੈ।

*ਸੰਤ ਅਨੰਤਹਿ ਅੰਤਰੁ ਨਾਹੀ॥ ਅੰਗ - 486*

ਸੰਤ ਦਾ ਤੇ ਵਾਹਿਗੁਰੂ ਦਾ ਫੇਰ ਕੋਈ ਫਰਕ ਨਹੀਂ ਰਹਿੰਦਾ।

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਨਾਮ ਨਹੀਂ ਵਿਸਰਦਾ ਮਹਾਰਾਜ ਕਹਿੰਦੇ ਕਿਹੋ ਜਿਹੇ ਨੇ ਉਹ? ਦੇਖਣ ਨੂੰ ਤਾਂ ਉਹ ਮਨੁੱਖ ਲਗਦੇ ਨੇ – ਉਵੇਂ ਹੀ ਖਾਂਦੇ ਨੇ, ਉਵੇਂ ਹੀ ਪੀਂਦੇ ਨੇ, ਉਵੇਂ ਹੀ ਬੱਚਿਆਂ ਵਿਚ ਰਹਿੰਦੇ ਨੇ, ਉਵੇਂ ਜਿਵੇਂ ਕਾਰੋਬਾਰ ਕਰਦੇ ਨੇ ਪਰ ਉਨ੍ਹਾਂ ਦੇ

ਅੰਦਰੋਂ ਜਿਹੜਾ ਝੂਠਾ 'ਮੈ' ਭਾਵ ਹੈ ਉਹ ਖਤਮ ਹੋਣ ਕਰਕੇ ਅਸਲੀ ਜੋ ਚੀਜ਼ ਹੈ ਉਹ ਪ੍ਰਗਟ ਹੋ ਜਾਂਦੀ ਹੈ ਕਿਉਂਕਿ ਅਸਲੀਅਤ ਵਿਚ ਸਭ ਦੇ ਅੰਦਰ ਵਾਹਿਗੁਰੂ ਹੈ। ਇਕ ਇਸ ਦਾ ਪਰਛਾਵਾ ਹੈ ਜਿਸ ਨੂੰ 'ਮੈ' ਕਹਿੰਦੇ ਨੇ। ਉਹ ਮਿਟ ਜਾਂਦਾ ਹੈ। ਉਸ ਦੇ ਨਾਲ ਫੇਰ ਕੀ ਹੁੰਦਾ ਹੈ?

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥ ਅੰਗ - 1076*

ਆਪ ਵੀ ਤਰਦਾ ਹੈ ਤੇ ਕੁਲਾਂ ਨੂੰ ਵੀ ਤਾਰ ਦਿੰਦਾ ਹੈ, ਜਿਹੜੇ ਨੇੜੇ ਆਉਂਦੇ ਨੇ ਉਨ੍ਹਾਂ ਨੂੰ ਵੀ ਤਾਰ ਦਿੰਦਾ ਹੈ ਤੇ ਦਰਗਾਹ ਵਿਚ ਫੇਰ ਬਾ-ਇਜ਼ਤ ਤਰੀਕੇ ਨਾਲ -

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲਿ ਹਰਿ ਦਰਗਹ ਸੋਇ॥ ਅੰਗ - 283*

ਮੁਖ ਉਜਲਾ ਲੈ ਕੇ ਦਰਗਾਹ ਦੇ ਵਿਚ ਜਾਂਦਾ ਹੈ। ਸੋ ਸਿਮਰਨ ਭਗਤੀ ਦੀ ਵਿਸ਼ੇਸ਼ਤਾ ਮਹਾਰਾਜ ਦਸਦੇ ਨੇ। ਅੱਜ ਦੇ ਦਿਨ ਇਕ ਐਸੇ ਮਹਾਂਪੁਰਸ਼ ਦੀ ਯਾਦ ਦੇ ਵਿਚ ਸੰਸਾਰ ਆਉਂਦਾ ਹੈ ਜੋ ਪਹਿਲਾਂ ਤੋਂ ਮਹਾਂਪੁਰਸ਼ ਨਹੀਂ ਸੀ। ਪਹਿਲਾਂ ਉਹ ਆਮ ਆਦਮੀਆਂ ਤੋਂ ਵੀ ਬਹੁਤ ਨੀਵਾਂ ਸੀ। ਉਨ੍ਹਾਂ ਦਿਨਾਂ ਵਿਚ ਇਥੇ ਦੋ ਸਭਿਆਤਾਵਾਂ ਕੰਮ ਕਰਦੀਆਂ ਸਨ ਕਿਉਂਕਿ ਇਕੋ ਨਾ ਦੇ ਦੋ ਹੋਏ ਨੇ।

ਇਕ ਤਾਂ ਉਹ ਹੋਏ ਨੇ ਜੋ ਤ੍ਰੇਤਾ ਯੁਗ ਦੇ ਅੰਦਰ ਬਾਲਮੀਕ, ਜਿਸ ਦੇ ਪਾਸ ਸ੍ਰੀ ਰਾਮ ਚੰਦਰ ਮਹਾਰਾਜ ਸੀਤਾ ਜੀ ਨੂੰ ਛੱਡ ਗਏ ਸੀ ਬਨਵਾਸ ਵੇਲੇ ਤੇ ਉਥੇ ਦੋ ਬੱਚੇ ਹੋਏ, ਉਨ੍ਹਾਂ ਦੀ ਉਨ੍ਹਾਂ ਨੇ ਪਾਲਣਾ ਕਰੀ ਤੇ ਇਕ ਮਹਾਨ ਪੁਸਤਕ ਜਿਸ ਨੂੰ 'ਰਾਮਾਇਣ' ਕਹਿੰਦੇ ਨੇ ਉਹ ਲਿਖੀ। ਉਹ ਬ੍ਰਾਹਮਣ ਜਾਤੀ ਦੇ ਸਨ ਤੇ ਰਿਸ਼ੀ ਸਨ ਉਹ।

ਦੂਸਰੇ ਉਹ ਹੋਏ ਨੇ ਜਿਨ੍ਹਾਂ ਨੂੰ ਨਾਮ ਜਪਣ ਦਾ ਅਧਿਕਾਰ ਨਹੀਂ ਸੀ। ਜੋ ਸਤਿਸੰਗ ਵਿਚ ਨਹੀਂ ਸੀ ਆ ਸਕਦੇ ਕਿਉਂਕਿ ਆਰੀਅਨ ਸਭਿਅਤਾ ਨੇ ਬੰਦ ਕਰ ਦਿੱਤਾ ਸੀ। ਮਨੁੱਖ ਤਾਂ ਸਾਰੇ ਹੀ ਇਕੋ ਜਿਹੇ ਹੁੰਦੇ ਨੇ ਪਰ ਉਨ੍ਹਾਂ ਨੂੰ ਐਨਾ ਮਜਬੂਰ ਕਰ ਦਿੱਤਾ, ਐਨਾ ਛੋਟਾ ਕਰ ਦਿੱਤਾ ਕਿ ਆਪਣੇ ਸਾਰੇ ਕੰਮ ਕਰਵਾਉਣ ਤੋਂ ਬਾਅਦ ਉਸ ਦੇ ਨਾਲ ਜੇ ਕਿਤੇ ਹੱਥ ਲੱਗ ਜਾਵੇ ਤਾਂ ਇਹ ਸਮਝਦੇ ਸੀ ਕਿ ਮੈਂ ਅਪਵਿੱਤਰ ਹੋ ਗਿਆ।

ਸੋ ਮਹਾਰਾਜ ਕਹਿੰਦੇ ਅਪਵਿੱਤਰ ਜੋ ਹੈ, ਜਿਸ ਨੂੰ ਐਨਾ ਛੋਟਾ ਮੰਨਿਆ ਜਾਂਦਾ ਸੀ ਜਿਸ ਦੀ ਜਾਤੀ ਚੰਡਾਲ ਸੀ। ਚੰਡਾਲ ਜਾਤੀ ਉਸ ਨੂੰ ਕਹਿੰਦੇ ਨੇ ਜਿਹੜੇ ਛੋਟੇ ਕੰਮ ਕਰਦੇ ਸੀ, ਖਾਣ ਪੀਣ ਦਾ ਉਨ੍ਹਾਂ ਦਾ ਫਰਕ ਹੁੰਦਾ ਸੀ ਜਿਵੇਂ ਬਾਸੀਆਂ ਚੀਜ਼ਾਂ ਖਾ ਲੈਣੀਆਂ ਤੇ ਮਰੇ ਹੋਏ ਡੰਗਰ (ਪਸ਼ੂ) ਖਾ ਲੈਣੇ। ਇਸ ਨੂੰ ਆਪਣੇ ਹੱਥ ਨਾਲ ਮਾਰ ਕੇ ਖਾਂਦੇ ਨੇ, ਉਹ ਵੀ ਮਰਿਆ ਹੋਇਆ ਹੁੰਦਾ ਹੈ, ਉਹ ਕਿਹੜਾ ਜੀਉਂਦਾ ਖਾਂਦੇ ਨੇ? ਇਕ ਭੁਲੇਖਾ ਸੀ, ਨਫਰਤ ਸੀ ਕਿ ਮਰ ਗਿਆ ਪਸ਼ੂ ਕੁਦਰਤੀ ਮੌਤ ਨਾਲ, ਉਸ ਨੂੰ ਖਾ ਲਿਆ। ਅਸਲ ਵਿਚ ਉਹ ਵੀ ਖਾਂਦੇ ਸੀ ਪਰ ਉਹ ਮਾਰ ਕੇ ਖਾਂਦੇ ਸੀ। ਇਸ ਤਰ੍ਹਾਂ ਬਰਾਬਰ ਹੁੰਦੇ ਨੇ ਦੋਹੇ। ਉਨ੍ਹਾਂ ਵਿਚ ਕਈ ਦੂਜਿਆਂ ਨੂੰ ਨਫਰਤ ਕਰਨ ਲੱਗ ਗਏ। ਅਧਿਕਾਰ ਖੋਹ ਲਏ ਉਨ੍ਹਾਂ ਕਿ ਨਾ ਤਾਂ ਕਿਸੇ ਧਰਮ ਸਥਾਨ ਤੇ ਤੁਸੀਂ ਆ ਸਕਦੇ ਹੋ, ਨਾ ਕੋਈ ਕਥਾ ਸੁਣ ਸਕਦੇ ਹੋ, ਨਾ ਕੋਈ ਤੱਤ ਦੀ ਬਾਤ ਸੁਣ ਸਕਦੇ ਹੋ। ਇਕ ਮੰਤਰ ਸੀ ਜਿਸ ਨੂੰ 'ਓਅੰਕਾਰ' ਦਾ ਮੰਤਰ ਕਹਿੰਦੇ ਸੀ, ਉਹ ਮੰਤਰ ਤੁਸੀਂ ਰਸਨਾ ਤੋਂ ਉਚਾਰ ਨਹੀਂ ਸਕਦੇ ਸੀ। ਜੇ ਭੁੱਲ ਭੁਲੇਖੇ 'ਓਅੰਕਾਰ' ਕਹਿ ਹੋ ਗਿਆ ਤਾਂ ਜੀਭ ਕੱਟ ਦਿੱਤੀ ਜਾਂਦੀ ਸੀ। ਇਹ ਸਜ਼ਾ ਸੀ ਉਸ ਵੇਲੇ ਦੀ। ਯੁੱਗ ਬੜਾ ਚੰਗਾ ਸੀ goldan age ਸਿਲਵਰ ਏਜ ਕਹਿੰਦੇ ਸੀ ਦੁਆਪਰ ਯੁਗ ਸੀ ਉਹ ਪਰ ਸਖਤ ਬਹੁਤ ਸੀ। ਜੋ ਅੱਜ ਦੇ ਦਿਨ ਨੇ ਗੁਰੂ ਨਾਨਕ ਪਾਤਸ਼ਾਹ ਨੇ ਜੋ ਮਨੁੱਖ ਦੀ ਕਦਰ ਤੇ ਕੀਮਤ ਪਾਈ ਹੈ ਉਹ ਉਨ੍ਹਾਂ ਦਿਨਾਂ ਵਿਚ ਨਹੀਂ ਸੀ, ਹੱਕ ਸੀ ਮਨੁੱਖ ਤੇ ਮਨੁੱਖ ਦਾ, ਜਾਤੀ ਦੇ ਭੇਦ ਨਾਲ ਫਰਕ ਸੀ। ਆਪ ਦੀ ਆਰੀਅਨ ਜਾਤੀ ਵਿਚ ਵੀ ਫਰਕ ਸੀ, ਇਕ ਸਰਵ ਉਚ ਸੀ, ਇਕ ਉਨ੍ਹਾਂ ਤੋਂ ਛੋਟੇ ਸੀ। ਇਕ ਹੇਠਲੇ ਪਾਸੇ ਆ ਗਏ ਜਿਨ੍ਹਾਂ ਨੂੰ ਛੋਟੇ ਕਿਹਾ ਜਾਂਦਾ ਸੀ। ਉਨ੍ਹਾਂ ਤੋਂ ਵੀ ਛੋਟੇ ਜਿਹੜੇ ਸਾਰੇ ਕੰਮ ਕਰਦੇ ਸੀ ਉਨ੍ਹਾਂ ਨੂੰ ਸ਼ੂਦਰ ਕਹਿ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਇਨਸਾਨ ਵੰਡਿਆ ਪਿਆ ਸੀ।

ਸੋ ਮਹਾਰਾਜ ਕਹਿੰਦੇ ਐਨੀ ਵੰਡ ਦੇ ਵਿਚ ਵੀ ਪ੍ਰਮੇਸ਼ਰ ਦੇ ਨਾਲ ਦੀ ਐਸੀ ਵਿਸ਼ੇਸ਼ਤਾ ਹੈ ਕਿ ਜਿਸ ਨੇ ਗੋਬਿੰਦ ਦੇ ਗੁਣ ਗਾ ਲਏ, ਨਾਮ ਸਿਮਰਨ ਕਰ ਲਿਆ, ਜਿਸ ਦੇ ਹਿਰਦੇ ਵਿਚ ਵਾਹਿਗੁਰੂ ਵਸ ਗਿਆ, ਉਸ ਦੀ ਕਿੰਨੀ ਮਹਿਮਾ ਹੈ -

*ਰੇ ਚਿਤ ਚੇਤਿ ਚੇਤ ਅਚੇਤ॥*
*ਕਾਹੇ ਨ ਬਾਲਮੀਕਹਿ ਦੇਖ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ॥ ਅੰਗ - 1124*

ਕਹਿੰਦੇ ਰਾਮ ਭਗਤਿ ਦੀ ਜੋ ਵਿਸ਼ੇਸ਼ਤਾ ਹੈ ਉਸ ਨੂੰ ਦੇਖੋ ਕਿ ਇਕ ਐਸਾ ਬੰਦਾ ਜੋ ਭਾਈਚਾਰੇ ਤੋਂ ਬਿਲਕੁਲ ਹੋਰ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਸੀ, ਹਿੰਸਕ ਸੀ, ਹਿੰਸਾ ਦੇ ਨਾਲ ਬੰਦਿਆਂ ਨੂੰ ਮਾਰਿਆ ਕਰਦਾ ਸੀ ਤੇ ਮਾਰਨ ਤੋਂ

ਬਾਅਦ ਉਨ੍ਹਾਂ ਦੀ ਫੋਲਾ ਫਾਲੀ ਕਰਕੇ ਉਨ੍ਹਾਂ ਦਾ ਮਾਲ, ਪੈਸਾ ਟਕਾ ਜੋ ਹੋਣਾ ਉਹ ਖੋਹ ਲੈਣਾ –

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ ਦੀ ਵਾਰ 10/19*

ਲੇਕਿਨ ਕੋਈ ਪੁੰਨ ਕਰਮ ਪਿਛਲੇ ਬਹੁਤ ਜਬਰਦਸਤ ਸੀ। ਮਹਾਰਾਜ ਦਾ ਇਹ ਸਿਧਾਂਤ ਹੈ ਕਿ ਪੁੰਨ ਕਰਮਾਂ ਤੋਂ ਬਗੈਰ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ। ਸਾਧੂ ਦੇ ਮਿਲਾਪ ਵਾਸਤੇ ਇਹ ਜ਼ਰੂਰੀ ਸ਼ਰਤ ਹੈ। ਇਸ ਲਈ ਵੱਡੇ ਭਾਰੇ ਪੁੰਨ ਹੋਣ ਇਹ ਤਾਂ ਹੁੰਦਾ ਹੈ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ*
*ਪੁਰਖੁ ਰਸਿਕ ਬੈਰਾਗੀ॥ ਅੰਗ - 204*

ਰਸਕ ਬੈਰਾਗੀ ਪੂਰੇ ਮਹਾਤਮਾ ਦਾ ਮੇਲ ਹੁੰਦਾ ਹੀ ਤਾਂ ਹੈ ਜੇ ਪਿਛਲੇ ਕਰਮ ਜਾਗ ਪੈਣ, ਨਹੀਂ ਤਾਂ ਤਰਕ ਰਹਿੰਦੀ ਹੈ, ਸੁਰਤ ਨਾਲ ਸੁਰਤ ਨਹੀਂ ਜੁੜਦੀ, ਬਿਰਤੀ ਨਾਲ ਬਿਰਤੀ ਨਹੀਂ ਜੁੜਦੀ, ਕੋਈ ਪਿਆਰ ਨਹੀਂ ਆਉਂਦਾ, ਕੋਈ ਸ਼ਰਧਾ ਨਹੀਂ ਜਾਗਦੀ। ਸੋ ਪੂਰਬਲੇ ਕਰਮਾਂ ਦੀ ਜਾਗ ਆ ਜਾਵੇ ਤਾਂ ਗੁਰੂ ਮਿਲਿਆ ਕਰਦਾ ਹੈ, ਸਾਧੂ ਦਾ ਮਿਲਾਪ ਹੁੰਦਾ ਹੈ ਤੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਐਸਾ ਦਰਗਾਹ ਵਿਚੋਂ ਪਹਿਲਾਂ ਮੱਥੇ ਵਿਚ ਲਿਖਿਆ ਜਾਂਦਾ ਹੈ –

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥ ਅੰਗ - 450*

ਸੋ ਕੋਈ ਐਸਾ ਲੇਖ ਸੀ ਕਿਸੇ ਜਨਮ ਦਾ ਉਸ ਦੇ ਮੱਥੇ ਵਿਚ, ਭਾਵੇਂ ਉਹ ਭਟਕ ਗਿਆ ਸੀ ਜੀਵਨ ਤੋਂ। ਬੰਦੇ ਮਾਰ ਕੇ ਗੁਜਾਰਾ ਕਰਦਾ ਸੀ। ਬੰਦਾ ਮਾਰਨਾ ਕਿੰਨਾ ਪਾਪ ਹੁੰਦਾ ਹੈ? ਬਹੁਤ ਵੱਡਾ ਪਾਪ ਗਿਣਿਆ ਜਾਂਦਾ ਸੀ। ਇਸ ਤਰ੍ਹਾਂ ਬੰਦੇ ਮਾਰ ਕੇ ਗੁਜਾਰਾ ਕਰਦੇ ਕਰਦੇ ਅਚਾਨਕ ਐਸਾ ਹੋਇਆ, ਪ੍ਰਮੇਸ਼ਰ ਵਲੋਂ ਹੁਕਮ ਹੋਇਆ ਕਿ ਪੂਰਨ ਮਹਾਂਪੁਰਸ਼ ਜਿਸ ਨੂੰ ਪੂਰਾ ਸਤਿਗੁਰੂ ਕਹਿੰਦੇ ਨੇ, ਉਸ ਨਾਲ ਮੇਲ ਹੋ ਗਿਆ।

ਜਦੋਂ ਤੋਂ ਸੰਸਾਰ ਰਚਿਆ ਹੈ ਸਤਿਗੁਰੂ ਦਾ ਕਦੇ ਅਭਾਵ ਨਹੀਂ ਹੋਇਆ। ਜੁਗਾਂ ਜੁਗਾਂ ਵਿਚ ਸਤਿਗੁਰੂ ਆਉਂਦਾ ਹੀ ਰਹਿੰਦਾ ਹੈ ਸੰਸਾਰ ਦੇ ਉਤੇ। ਅਵਤਾਰ ਹੋਰ ਚੀਜ਼ ਹੁੰਦੀ ਹੈ, ਸਤਿਗੁਰੂ ਹੋਰ ਚੀਜ਼ ਹੁੰਦੀ ਹੈ।

ਅਵਤਾਰ ਕਿਸੇ ਖਾਸ ਕੰਮ ਵਾਸਤੇ ਆਉਂਦਾ ਹੈ। ਉਸ ਨੂੰ ਕੋਈ ਮਿਸ਼ਨ ਦਿੱਤਾ ਜਾਂਦਾ ਹੈ ਕਿ ਆਹ ਮਿਸ਼ਨ ਹੈ ਤੇਰਾ ਤੇ ਇਹ ਕੰਮ ਤੂੰ ਕਰਕੇ ਆਉਣਾ ਹੈ।

ਜੋ ਸਤਿਗੁਰੂ ਹੁੰਦਾ ਹੈ ਉਹ ਸੰਸਾਰ ਦੇ ਉਤੇ ਅਧਿਆਤਮ ਵਿਦਿਆ ਪ੍ਰਗਟ ਕਰਦਾ ਹੈ। ਉਹ ਵਿਦਿਆ ਜਿਸ ਨੂੰ ਪਰ੍ਹਾ ਵਿਦਿਆ ਕਹਿੰਦੇ ਨੇ। ਅਪਰਾ ਵਿਦਿਆ ਤਾਂ ਬਾਹਰਲੀ ਵਿਦਿਆ ਹੈ ਸਕੂਲਾਂ ਕਾਲਜਾਂ ਦੀ ਲੇਕਿਨ ਇਕ ਵਿਦਿਆ ਉਹ ਹੈ ਜਿਹੜੀ ਆਦਮੀ ਦੇ ਅੰਦਰ ਗੁਪਤ ਹੈ, ਜਿਸ ਦੀ ਨਾ ਕੋਈ ਕਿਤਾਬ ਹੈ, ਨਾ ਜਿਸ ਦਾ ਕੋਈ ਰਸਤਾ ਲਿਖਿਆ ਜਾਂਦਾ ਹੈ ਤੇ ਲਿਖਤ-ਪੜ੍ਹਤ ਵਿਚ ਉਹ ਵਿਦਿਆ ਨਹੀਂ ਆਉਂਦੀ। ਉਸ ਨੂੰ 'ਆਤਮ ਵਿਦਿਆ' ਕਹਿੰਦੇ ਨੇ, 'ਪਰ੍ਹਾ ਵਿਦਿਆ' ਕਹਿੰਦੇ ਨੇ। ਇਹ ਗੁਪਤ ਵਿਦਿਆ ਹੁੰਦੀ ਹੈ। ਜਦੋਂ ਉਸ ਤੋਂ ਸੰਸਾਰ ਭਟਕ ਜਾਂਦਾ ਹੈ ਉਸ ਵੇਲੇ ਓਸ ਵਿਦਿਆ ਨੂੰ ਦੇਣ ਵਾਸਤੇ ਸੰਸਾਰ ਨੂੰ ਪ੍ਰਮੇਸ਼ਰ, ਸਤਿਗੁਰੂ ਦਾ ਮਿਲਾਪ ਕਰਾਉਂਦਾ ਹੈ ਕਿਉਂਕਿ ਪ੍ਰਮੇਸ਼ਰ ਦੂਰ ਨਹੀਂ ਹੈ ਹਰੇਕ ਦੇ ਅੰਦਰ ਵਸਦਾ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪ ਉਪਾਇਦਾ॥ ਅੰਗ - 1033*

ਉਹ ਥਾਂ ਇਸ ਸਰੀਰ ਦੇ ਵਿਚ ਹੈ ਕਿਉਂਕਿ ਇਹ ਬਹੁਤ ਵੱਡੀ ਚੀਜ਼ ਹੈ। ਜਦੋਂ ਇਸ ਦੀ ਖੋਜ ਕਰਦੇ ਹਾਂ ਤਾਂ ਇਸ ਦਾ ਅੰਤ ਕੋਈ ਨਹੀਂ ਆਉਂਦਾ। ਇਹ ਸਰੀਰ ਦੀ ਤਾਂ ਖੋਜ ਕਰ ਲੈਣਗੇ ਦਿਮਾਗ ਤੋਂ ਲੈ ਕੇ ਪੈਰਾਂ ਤੱਕ ਕਿ ਐਨਾ ਮਾਸ ਲੱਗਿਆ ਹੋਇਆ ਹੈ, ਐਨੀਆਂ ਇਸ ਦੇ ਵਿਚ ਨਾੜੀਆਂ ਨੇ ਪਰ ਇਸ ਦੇ ਵਿਚ ਜਿਹੜੀਆਂ ਚੀਜ਼ਾਂ ਨੇ ਉਨ੍ਹਾਂ ਦੀ ਖੋਜ ਹੋ ਹੀ ਨਹੀਂ ਸਕਦੀ ਕਿਉਂਕਿ ਉਹ ਆਲ੍ਹਿਆ (ਯੰਤਰਾਂ) ਵਿਚ ਨਹੀਂ ਆਉਂਦੀ। ਪਿਆਰ ਕਿਵੇਂ ਆਲੇ (ਯੰਤਰ) ਵਿਚ ਆ ਜਾਏਗਾ, ਕੋਈ ਖੋਜ ਨਹੀਂ ਹੋ ਸਕਦੀ ਇਸ ਦੀ। ਵਿਸ਼ਾਲ ਸ਼ਕਤੀਆਂ ਨੇ, ਵਿਸ਼ਾਲ ਗਿਆਨ ਹੈ ਉਹ ਮਿਣਿਆ ਤੋਲਿਆ ਨਹੀਂ ਜਾ ਸਕਦਾ ਦਿਮਾਗ ਦੇ ਅੰਦਰ ਕਿਸੇ ਯੰਤਰ ਨਾਲ। ਉਹ ਜਿਹੜੀ ਵਿਦਿਆ ਹੈ ਉਹ ਪਰ੍ਹਾ ਵਿਦਿਆ ਹੈ, ਉਹ ਗੁਪਤ ਵਿਦਿਆ ਹੁੰਦੀ ਹੈ ਤੇ ਉਹ ਸਤਿਗੁਰੂ ਤੋਂ ਬਗੈਰ ਨਹੀਂ ਆਇਆ ਕਰਦੀ।

ਸੋ ਪੂਰਾ ਸਤਿਗੁਰੂ ਭਾਈ ਗੁਰਦਾਸ ਜੀ ਲਿਖਦੇ ਨੇ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਗੁਰੂ ਪੰਜਵੇ ਪਾਤਸ਼ਾਹ ਨੇ ਇਹ ਬਾਣੀ ਸੁਣਨ ਤੋਂ ਬਾਅਦ ਕੋਈ ਵੀ ਫੇਰ ਬਦਲ ਇਸ ਬਾਣੀ ਵਿਚ ਨਹੀਂ ਕੀਤੀ ਤੇ ਇਹ ਕਹਿ ਦਿੱਤਾ ਕਿ ਭਾਈ! ਜਿਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਮਝਣਾ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਨੂੰ ਸਮਝਣਾ ਹੈ, ਉਹ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸਮਝਣ ਦਾ ਯਤਨ ਕਰੋ ਕਿਉਂਕਿ ਇਹ 'ਚਾਬੀ' ਹੈ decode ਸਪਸ਼ਟ

ਕਰ ਦਿੰਦੀ ਹੈ ਇਸ ਬਾਣੀ ਨੂੰ।

ਸੋ ਆਪ ਦਾ ਫੁਰਮਾਨ ਇਹ ਹੈ ਕਿ –

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ ਦੀ ਵਾਰ 10/19*
*ਪੂਰਾ ਸਤਿਗੁਰੂ ਭੇਟਿਆ .........॥ ਅੰਗ - 429*

ਅੱਜ ਜਿਹੜੇ ਮਨੁੱਖ ਨੂੰ ਮਾਰਨਾ ਸੀ ਉਹ ਆਮ ਮਨੁੱਖ ਨਹੀਂ ਸੀ ਉਹ ਸਮਰੱਥ ਪੁਰਸ਼ ਸੀ, ਜਿਸ ਦੇ ਨੈਣਾਂ ਵਿਚ ਵੀ ਕਸ਼ਿਸ਼ ਸੀ, ਜਿਸ ਦੇ ਬੋਲਾਂ ਵਿਚ ਵੀ ਕਸ਼ਿਸ਼ ਸੀ, ਜਿਸ ਦੇ ਦਰਸ਼ਨ ਵਿਚ ਵੀ ਖਿੱਚ ਸੀ। ਉਨ੍ਹਾਂ ਨੂੰ ਦੇਖਦੀਸਾਰ ਪਾਪ ਨੱਠਣੇ ਸ਼ੁਰੂ ਹੋ ਗਏ। ਮਾਰਨ ਨੂੰ ਲੋਚਦਾ ਹੈ –

*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।*
*ਭਾਈ ਗੁਰਦਾਸ ਜੀ ਦੀ ਵਾਰ 10/19*

ਉਹ ਕੁਹਾੜਾ ਮਾਰਨ ਨੂੰ ਸੋਚਦਾ ਤਾਂ ਹੈ ਲੇਕਿਨ ਮਾਰਦਾ ਨਹੀਂ ਕਿਉਂਕਿ ਉਨ੍ਹਾਂ ਦੇ ਦਰਸ਼ਨਾਂ ਨਾਲ ਇਹੋ ਜਿਹਾ ਪਰਿਵਰਤਨ ਹੋਇਆ ਕਿ ਉਸ ਦੇ ਸਾਰੇ ਮਨਸੂਬੇ, ਜਿੰਨੇ ਵੀ ਮਨ ਦੇ ਫੁਰਨੇ ਸੀ ਉਹ ਖਤਮ ਕਰ ਦਿੱਤੇ ਉਸ ਦੇ ਅੰਦਰੋਂ ਹੀ –

*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।*
*ਭਾਈ ਗੁਰਦਾਸ ਜੀ ਦੀ ਵਾਰ 10/19*

ਉਹ ਜਿਹੜਾ ਜੋਸ਼ ਸੀ ਮਾਰਨ ਵਾਸਤੇ ਆਉਂਦਾ ਤੇ ਮਨ ਵਿਚ ਜੋ ਫੁਰਨਾ ਆਉਂਦਾ ਸੀ ਉਹ ਫੁਰਨਾ ਉਸੇ ਵੇਲੇ ਸਾਰਾ ਖਤਮ ਕਰ ਦਿੱਤਾ, ਅੰਦਰਲੇ ਪਾਸੇ ਗਿਆਨ ਦਾ ਦੀਵਾ ਜਾਲ ਦਿੱਤਾ। ਸੋਚਣ ਲੱਗ ਗਿਆ ਕਿ ਇਹ ਕੌਣ ਹੋਇਆ ਜਿਸ ਬੰਦੇ ਨਾਲ ਅੱਜ ਮੇਰਾ ਵਾਹ ਪਿਆ ਹੈ, ਸ਼ਸਤਰ ਇਸ ਦੇ ਕੋਲ ਕੋਈ ਨਹੀਂ ਹੈ, ਅਜੇ ਤੱਕ ਮੇਰੇ ਨਾਲ ਬੋਲਿਆ ਨਹੀਂ ਹੈ ਤੇ ਇਸ ਨੂੰ ਦੇਖ ਕੇ ਮੈਨੂੰ ਹੁੰਦਾ ਕੀ ਜਾਂਦਾ ਹੈ? ਕਿਉਂਕਿ ਸਤਿਗੁਰੂ ਦੇ ਦਰਸ਼ਨਾਂ ਵਿਚ ਇਕ ਖਾਸ ਕਸ਼ਿਸ਼ ਹੋਇਆ ਕਰਦੀ ਹੈ। ਬੜੀਆਂ ਵਿਸਥਾਰ ਵਾਲੀਆਂ ਬਾਤਾਂ ਨੇ, ਬਹੁਤ ਵਾਰੀ ਆਪਾਂ ਵਿਆਖਿਆ ਕਰ ਚੁਕੇ ਹਾਂ।

ਸੋ ਦਰਸ਼ਨਾਂ ਨਾਲ ਅੰਦਰਲਾ ਜਾਗਣਾ ਸ਼ੁਰੂ ਹੋ ਗਿਆ। ਉਸ ਵੇਲੇ ਉਹ ਮੁਸਕਰਾਏ। ਕਹਿਣ ਲੱਗੇ, "ਬਾਲਮੀਕ! ਇਹ ਕੰਮ ਕਰਦਾ ਹੈਂ ਪਿਆਰਿਆ! ਤੇਰਾ ਬੇਲੀ ਨਹੀਂ ਕਿਸੇ ਨੇ ਬਣਨਾ ਜਦੋਂ ਲੇਖਾ ਦਏਂਗਾ। ਇਹ ਜਨਮ ਤੈਨੂੰ ਬੜੀ ਮੁਸ਼ਕਲ ਨਾਲ ਪ੍ਰਾਪਤ ਇਸ ਕਰਕੇ ਹੋਇਆ ਹੈ ਕਿ ਤੂੰ ਇਸ ਜਨਮ ਦੇ ਅੰਦਰ ਪ੍ਰਭੂ ਨੂੰ ਮਿਲ ਕੇ ਆਪਣੇ ਦੁਖਾਂ ਦਾ ਖਾਤਮਾ ਕਰ ਸਕੇ। ਇਹ ਤੇਰੀ ਵਾਰੀ ਹੈ ਪ੍ਰਮੇਸ਼ਰ ਨੂੰ ਮਿਲਣ ਦੀ। ਉਹ ਪ੍ਰਮੇਸ਼ਰ ਤੇਰੇ ਅੰਦਰ ਹੈ ਦੂਰ ਨਹੀਂ ਹੈ ਕਿਤੇ। ਤੂੰ ਇਹ ਕਿਉਂ ਕਰਦਾ ਹੈਂ?"

ਕਹਿੰਦਾ, "ਮਹਾਰਾਜ! ਸਾਡਾ ਰੋਜ਼ਗਾਰ ਹੋਰ ਕੋਈ ਨਹੀਂ ਹੈ, ਸਾਡਾ ਰੋਜ਼ਗਾਰ ਹੈ ਲੁਟ ਮਾਰ।"

ਕਹਿੰਦੇ, "ਪਹਿਲਾਂ ਪੁਛ ਕੇ ਆ ਤੂੰ ਜਿਨ੍ਹਾਂ ਵਾਸਤੇ ਇਹ ਕਰਦਾ ਹੈਂ ਕਿ ਉਹ ਮਰਨ ਸਮੇਂ ਤੇਰੀ ਸਹਾਇਤਾ ਵੀ ਕਰਨਗੇ?"

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਅੰਗ - 656*

ਜਾ ਕੇ ਜਿਸ ਨੂੰ ਵੀ ਪੁਛਦਾ ਹੈ ਉਹ ਮਿੱਠੀਆਂ ਗੱਲਾਂ ਮਾਰਦੇ ਨੇ। ਜਦੋਂ ਉਹ ਕਹਿੰਦਾ ਹੈ ਕਿ ਮੇਰੇ ਕਰਮਾਂ ਦੇ ਸਹਾਈ ਹੋਵੋਗੇ? ਕਹਿੰਦੇ, "ਨਾਂਹ! ਆਪਣੇ ਆਪਣੇ ਕਰਮ, ਆਪੇ ਕਰੋ ਆਪੇ ਭੁਗਤੋ, ਦੂਜੇ ਦਾ ਕੋਈ ਨਹੀਂ ਭੁਗਤਦਾ।

ਉਸ ਵੇਲੇ ਵਾਪਸ ਆ ਜਾਂਦਾ ਹੈ ਤੇ ਬੇਨਤੀ ਕਰਦਾ ਹੈ ਕਿ ਮੇਰਾ ਜੋ ਕਰਮ ਹੈ ਉਹ ਤਾਂ ਕੋਈ ਭੁਗਤਣ ਨੂੰ ਤਿਆਰ ਨਹੀਂ ਹੈ।

ਕਹਿੰਦੇ, "ਫੇਰ ਤੈਨੂੰ ਇਕੱਲੇ ਨੂੰ ਭੁਗਤਣੇ ਪੈਣੇ ਨੇ।"

ਚਰਨ ਫੜ ਲਏ, ਕਹਿਣ ਲੱਗਿਆ, "ਮਹਾਂਪੁਰਸ਼ੋ! ਮੈਂ ਵੀ ਬਚ ਸਕਦਾ ਹਾਂ ਐਡਾ ਵੱਡਾ ਪਾਪ ਕਰਨ ਵਾਲਾ?"

ਉਹ ਕਹਿੰਦੇ, "ਹਾਂ! ਪ੍ਰਮੇਸ਼ਰ ਦੇ ਨਾਮ ਵਿਚ ਐਡੀ ਵੱਡੀ ਸ਼ਕਤੀ ਹੈ ਕਿ ਉਹ ਤਾਂ ਮਹਾਨ ਪਾਪੀ ਜੇ ਸਿਰਫ ਅੱਧੇ ਸਾਹ ਵਾਸਤੇ ਵੀ ਜੇ ਪ੍ਰਮੇਸ਼ਰ ਵੱਲ ਉਸ ਦਾ ਧਿਆਨ ਚਲਿਆ ਜਾਵੇ ਤਾਂ –

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ - 1195*

ਨਾਮ ਕਰੋੜਾਂ ਪਾਪਾਂ ਦਾ ਨਾਸ਼ ਕਰਨ ਨੂੰ ਸਮਰੱਥ ਹੈ, ਐਡੀ ਚੀਜ਼ ਹੈ ਉਹ। ਸੋ ਉਹ ਪ੍ਰਮੇਸ਼ਰ ਦਾ ਨਾਮ ਹੈ ਪਿਆਰਿਆ। ਜੇ ਉਹ ਹਿਰਦੇ ਵਿਚ ਤੇਰੇ ਵਸ ਜਾਵੇ, ਉਸ ਨਾਮ ਦੇ ਮੰਡਲ ਵਿਚ ਤੂੰ ਪ੍ਰਵੇਸ਼ ਕਰ ਜਾਵੇਂ ਤਾਂ ਤੈਨੂੰ ਵੀ ਬਹੁਤ ਵੱਡੀ ਪਦਵੀ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਤੂੰ ਅਮਰ ਪਦਵੀ ਪ੍ਰਾਪਤ ਕਰ ਸਕਦਾ ਹੈਂ। ਤੂੰ ਸਾਰੀ ਸ੍ਰਿਸ਼ਟੀ ਦਾ ਪੂਜਨੀਕ ਬਣ ਸਕਦਾ ਹੈਂ, ਤੈਨੂੰ ਸਾਰੀ ਸ੍ਰਿਸਟੀ ਪੂਜੇਗੀ।"

ਮਨ ਵਿਚ ਦ੍ਰਿੜ੍ਹ ਨਿਸਚਾ ਹੈ ਕਿਉਂਕਿ ਦ੍ਰਿੜ੍ਹ ਬੰਦਾ ਸੀ। ਜਿਹੜੇ ਵਿਚ ਵਿਚਾਲੇ ਵਾਲੇ ਬੰਦੇ ਹੁੰਦੇ ਨੇ ਉਹ ਨਹੀਂ ਕਿਸੇ ਕੰਮ ਦੇ ਹੁੰਦੇ, ਦੁਚਿਤੀ ਵਿਚ ਰਹਿੰਦੇ ਨੇ ਉਹ, ਫੈਸਲਾ

ਨਹੀਂ ਕਰ ਸਕਿਆ ਕਰਦੇ। ਜਿਹੜੇ ਇਸ ਤਰ੍ਹਾਂ ਦੇ ਬੰਦੇ ਹੁੰਦੇ ਨੇ ਪੱਕੀ ਦ੍ਰਿੜ੍ਹਤਾ ਵਾਲੇ ਜੇ ਉਹ ਦੂਜੇ ਪਾਸੇ ਫੈਸਲਾ ਕਰ ਲੈਣ ਤਾਂ ਓਧਰ ਵੀ ਬਹੁਤ ਸਿਰੇ ਤੱਕ ਪਹੁੰਚ ਜਾਂਦੇ ਨੇ, ਜੇ ਏਧਰ ਕਰ ਲੈਣ ਤਾਂ ਏਧਰ ਵੀ ਪਹੁੰਚ ਜਾਂਦੇ ਨੇ।

ਸੋ ਫੈਸਲਾ ਕਰ ਲਿਆ। ਓਸ ਵੇਲੇ ਸਤਿਗੁਰੂ ਨੇ ਪ੍ਰਮੇਸ਼ਰ ਦੇ ਨਾਮ ਦੀ ਦਾਤ ਬਖਸ਼ ਦਿੱਤੀ। ਕਹਿਣ ਲੱਗੇ ਕਿ ਦੇਖ! ਇਸ ਪ੍ਰਮੇਸ਼ਰ ਦੇ ਨਾਮ ਨੇ ਤੇਰੇ ਅੰਦਰ ਦਾਖਲ ਹੋਣਾ ਹੈ, ਪ੍ਰਮੇਸ਼ਰ ਦਾ ਨਾਮ ਹੈ ਤਾਂ ਤੇਰੇ ਅੰਦਰ ਹੀ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥* *ਅੰਗ - 293*

ਪਰ ਇਹ ਮੰਤਰ ਦੇ ਨਾਲ ਪ੍ਰਗਟ ਕਰਨਾ ਹੈ। ਇਕ ਮੰਤਰ ਤੈਨੂੰ ਅਸੀਂ ਦਿੰਦੇ ਹਾਂ ਜਿਸ ਦੇ ਨਾਲ ਹਉਮੈ ਦਾ ਰੋਗ ਕਟ ਹੋ ਜਾਏਗਾ ਕਿਉਂਕਿ ਦਾਰੂ ਹਉਮੈ ਦੇ ਅੰਦਰ ਹੀ ਹੈ ਇਸ ਮੰਤਰ ਦੀ। ਨਾਮ ਦੀ ਲਗਨ ਲਾ ਦਿੱਤੀ। ਲਾਉਣ ਦੀ ਦੇਰ ਸੀ ਫੇਰ ਨਹੀਂ ਉਹ ਪਿਛੇ ਹਟਿਆ। ਐਸਾ ਇਤਿਹਾਸ ਵਿਚ ਆਉਂਦਾ ਹੈ ਕਿ 14 ਸਾਲ ਤੋਂ ਬਾਅਦ ਜਦੋਂ ਮਹਾਤਮਾ ਫੇਰ ਆਉਂਦੇ ਨੇ। ਉਦੋਂ ਐਨੀ ਮਸਤੀ ਉਸ ਦੇ ਅੰਦਰ ਆ ਗਈ ਕਿ ਸਰੀਰ ਦੀ ਸੁਧ ਬੁਧ ਭੁੱਲ ਗਿਆ। ਉਸ ਦੇ ਆਲੇ ਦੁਆਲੇ ਪੱਤੇ ਆ ਕੇ ਜਮ੍ਹਾਂ ਹੋ ਗਏ, ਪੱਤਿਆਂ ਦੇ ਉਤੇ ਮਿੱਟੀ ਆ ਗਈ ਤੇ ਉਨ੍ਹਾਂ ਦੇ ਉਤੇ ਘਾਹ ਜੰਮ ਪਿਆ ਤੇ ਇਕ ਨਾਮ ਦੀ ਧੁਨ ਵਿਚ ਮਸਤ ਹੋਇਆ ਹੋਇਆ, ਸਰੀਰ ਤੋਂ ਬੇਸੁਧ ਹੋਇਆ ਹੋਇਆ ਬੈਠਾ ਹੈ। ਮਹਾਤਮਾ ਆਉਂਦੇ ਨੇ ਤੇ ਉਸ ਵੇਲੇ ਉਨ੍ਹਾਂ ਨੇ ਆ ਕੇ ਉਸ ਨੂੰ ਸਾਵਧਾਨ ਕਰਿਆ ਸਮਾਧੀ ਤੋਂ ਤੇ ਗਿਆਨ ਦੀ ਬਖਸ਼ਿਸ਼ ਕਰੀ ਕਿਉਂਕਿ ਚਾਬੀ ਜਿਹੜੀ ਹੈ ਉਹ ਗੁਰੂ ਦੇ ਪਾਸ ਹੁੰਦੀ ਹੈ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥* *ਅੰਗ - 205*

ਨਾਮ ਦੀ ਕਮਾਈ ਕਰਨ ਨਾਲ ਮਹਾਰਾਜ ਕਹਿੰਦੇ ਦੇਖੋ ਉਹ ਕਿਥੇ ਪਹੁੰਚ ਗਿਆ। ਧਿਆਨ ਦੇਵੋ ਕਿ ਉਹ ਕਿਥੇ ਪਹੁੰਚਿਆ। ਪਾਂਡਵਾਂ ਨੇ ਯੱਗ ਕਰਿਆ 'ਰਾਜਸੂ ਯੱਗ'। ਨਿਸ਼ਾਨੀ ਇਹ ਰੱਖੀ ਕਿ ਇਹ ਯੱਗ ਤਾਂ ਸੰਪੂਰਨ ਗਿਣਿਆ ਜਾਏਗਾ ਜੇ ਬਾਂਸ ਦੇ ਨਾਲ ਬੰਨ੍ਹਿਆ ਹੋਇਆ ਸੰਖ ਆਪਣੇ ਆਪ ਵੱਜੇ। ਯੱਗ ਦੇ ਵਿਚ ਵੱਡੀ ਸਾਵਧਾਨੀ ਰੱਖੀ ਗਈ, ਪੂਰੀ ਸੋਧ ਨਾਲ ਕੀਤਾ। ਕ੍ਰਿਸ਼ਨ ਮਹਾਰਾਜ ਨੇ ਇਹ ਸੇਵਾ ਲਈ ਕਿ ਮੈਂ ਆਏ ਅਤਿਥੀਆਂ ਦੇ ਚਰਨ ਧੋਵਾਂਗਾ ਤੇ ਦੂਸਰਾ ਜੂਠੀਆਂ ਪੱਤਲਾਂ ਚੁੱਕਣ ਦਾ ਕੰਮ ਮੈਂ ਕਰਾਂਗਾ। ਸਾਨੂੰ ਸੇਵਾ ਦਾ ਵਲ (ਢੰਗ) ਸਿਖਾਉਣ ਵਾਸਤੇ ਮਹਾਂਪੁਰਸ਼ ਹਮੇਸ਼ਾ ਜੁਗਾਂ-ਜੁਗਾਂਤਰਾਂ ਵਿਚ ਰੋਸ਼ਨੀ ਦਿੰਦੇ ਆਉਂਦੇ ਨੇ।

ਸੋ ਇਹ ਆਪਨੇ ਕਰਿਆ। ਬੜੇ ਪਿਆਰ ਨਾਲ ਆਪ ਚਰਨ ਧੋਂਦੇ ਤੇ ਪਰਸ਼ਾਦਾ ਛੱਕਣ ਤੋਂ ਬਾਅਦ ਆਪ ਉਨ੍ਹਾਂ ਦੀਆਂ ਜੂਠੀਆਂ ਪੱਤਲਾਂ ਚੁਕਦੇ। ਕੋਈ ਵਿਘਨ ਨ ਹੋਇਆ ਸਾਰੇ ਭਾਰਤ ਵਰਸ਼ ਦੇ ਹਿਮਾਲਿਆ ਤੋਂ, ਕੰਦਰਾਂ ਵਿਚ ਰਹਿਣ ਵਾਲੇ, ਬਰਫਾਂ ਦੇ ਵਿਚ ਰਹਿਣ ਵਾਲੇ, ਸਾਰੇ ਦੇਸ਼ ਦੇ ਵਿਚੋਂ, ਬਾਹਰੋਂ ਜਿਥੋਂ ਵੀ ਪਤਾ ਲੱਗਿਆ ਹਰ ਮਹਾਤਮਾ ਨੂੰ ਨਿਮੰਤਰਣ ਦੇ ਕੇ ਬੁਲਾਇਆ ਗਿਆ। ਜੱਗ ਹੋਇਆ ਲੇਕਿਨ ਸੰਖ ਨਾ ਵੱਜਿਆ। ਉਸ ਵੇਲੇ ਯੁਧਿਸ਼ਟਰ ਉਦਾਸ ਹੋ ਗਿਆ। ਕਰੋੜਾਂ ਰੁਪਏ ਖਰਚ ਹੋ ਗਏ, ਕਿੰਨਾ ਸਮਾਂ ਖਰਚ ਹੋਇਆ ਤੇ ਯੱਗ ਸੰਪੂਰਨ ਨਹੀਂ ਹੋਇਆ।

ਕ੍ਰਿਸ਼ਨ ਮਹਾਰਾਜ ਨੇ ਪੁਛਿਆ, "ਤੁਸੀਂ ਉਦਾਸ ਕਿਉਂ ਹੋ? ਤੁਹਾਨੂੰ ਤਾਂ ਖੁਸ਼ੀ ਹੋਣੀ ਚਾਹੀਦੀ ਹੈ।"

ਕਹਿੰਦਾ, "ਮਹਾਰਾਜ! ਸੰਖ ਤਾਂ ਵੱਜਿਆ ਨਹੀਂ ਹੈ।"

ਕਹਿਣ ਲੱਗੇ, "ਕੋਈ ਮਹਾਂ ਉਤਮ ਪੁਰਸ਼ ਤੁਸੀਂ ਛੱਡ ਦਿੱਤਾ।"

ਕਹਿੰਦੇ, "ਅਸੀਂ ਤਾਂ ਕੋਈ ਨਹੀਂ ਛਡਿਆ।"

ਕਹਿਣ ਲੱਗੇ, "ਧਿਆਨ ਦੇਵੋ! ਤੁਹਾਡੇ ਹੀ ਦਿੱਲੀ ਦੇ ਅੰਦਰ ਦੱਖਣ ਵਾਲੇ ਪਾਸੇ, ਜਮਨਾ ਨਦੀ ਦੇ ਕੰਢੇ ਤੇ ਇਕ ਪੂਰਨ ਬ੍ਰਹਮ ਗਿਆਨੀ, ਪ੍ਰਮੇਸ਼ਰ ਦਾ ਸਰੂਪ, ਮਹਾਂਪੁਰਸ਼ ਰਹਿੰਦੇ ਨੇ। ਉਨ੍ਹਾਂ ਵਿਚ ਤੇ ਪ੍ਰਭੂ ਵਿਚ ਕੋਈ ਭੇਤ ਨਹੀਂ ਹੈ।"

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਅੰਗ - 273*

ਕਹਿੰਦੇ, "ਉਸ ਦੀ ਜਾਤ ਚੰਡਾਲ ਹੈ ਇਸ ਕਰਕੇ ਤੁਸੀਂ ਉਸ ਨੂੰ ਛੱਡ ਦਿੱਤਾ।"

ਕਹਿਣ ਲੱਗੇ, ਮਹਾਰਾਜ! ਚੰਡਾਲ ਜਾਤੀ ਵਿਚ ਹੁੰਦਾ ਹੋਇਆ ਵੀ ਕੋਈ ਸਾਧੂ ਹੋ ਸਕਦਾ ਹੈ?"

ਕ੍ਰਿਸ਼ਨ ਮਹਾਰਾਜ ਕਹਿੰਦੇ, "ਜਾਤ ਦੇ ਹੱਥ ਵਿਚ ਨਹੀਂ ਹੈ ਕੁਝ ਵੀ। ਇਹ ਤਾਂ ਪ੍ਰਭੂ ਦੀ ਜੋਤ ਹੈ ਸਰੀਰਾਂ ਵਿਚ ਜਾਤਾਂ ਤਾਂ ਅਸੀਂ ਆਪ ਬਣਾਈਆਂ ਨੇ ਰੱਬ ਨੇ ਤਾਂ ਨਹੀਂ ਪੈਦਾ ਕਰੀਆਂ। ਮਨੁੱਖ ਨੇ ਆਪ ਜੋਰ ਜਬਰ ਨਾਲ ਕਿਸੇ ਨੂੰ ਛੋਟਾ ਬਣਾ ਦਿੱਤਾ, ਕਿਸੇ ਨੂੰ ਵੱਡਾ ਬਣਾ ਦਿੱਤਾ।"

ਸੋ ਨਿੰਮਤਰਣ ਲੈ ਕੇ ਭੇਜ ਦਿੱਤੇ ਗਏ।

ਉਹ ਕਹਿੰਦੇ, "ਮੈਂ ਤੁਹਾਡੇ ਉਤਮ ਲੋਕਾਂ ਵਿਚ ਜਾ ਕੇ ਬੈਠ ਨਹੀਂ ਸਕਦਾ। ਇਸ ਦੋਸ਼ ਨੂੰ ਦੂਰ ਕਰਨ ਵਾਸਤੇ ਤੁਸੀਂ ਮੈਨੂੰ ਇਕ ਜੱਗ ਦਾ ਫਲ ਦਿਓ।"

ਕਹਿਣ ਲੱਗੇ, "ਮਹਾਰਾਜ! ਜੱਗ ਤਾਂ ਅਸੀਂ ਇਕ ਪਹਿਲਾਂ ਕਰਿਆ ਸੀ। ਇਹ 'ਰਾਜਸੂ ਯੱਗ' ਅਸੀਂ ਹੁਣ ਕਰਿਆ ਹੈ ਇਹ ਸੰਪੂਰਨ ਨਹੀਂ ਹੋਇਆ ਅਜੇ ਤੱਕ ਤੇ ਅਸੀਂ ਫਲ ਕਿਵੇਂ ਦੇਈਏ?"

ਸਾਰੇ ਵਾਰੀ-ਵਾਰੀ ਗਏ ਤੇ ਅਖੀਰ ਨਿਰਾਸ਼ ਹੋ ਗਏ। ਕਹਿਣ ਲੱਗੇ ਕਿ ਮਹਾਰਾਜ! ਉਹ ਤਾਂ ਆਉਂਦੇ ਨਹੀਂ ਹਨ।

ਕਹਿਣ ਲੱਗੇ, "ਰਾਜਨ! ਜੋ ਸਾਧੂ ਹੁੰਦੇ ਨੇ ਉਹ ਦੁਨੀਆਦਾਰਾਂ ਵਾਂਗ ਨਹੀਂ ਹੁੰਦੇ।"

ਉਹ ਤਾਂ -

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ ਅੰਗ - 707***

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥ ਅੰਗ - 5***

ਕਹਿੰਦੇ, "ਪਾਤਸ਼ਾਹਾਂ ਨੂੰ ਘਰ ਬੁਲਾਉਣਾ ਬਹੁਤ ਔਖਾ ਹੁੰਦਾ ਹੈ। ਇਸ ਕਰਕੇ ਕੋਈ ਵਿਧੀ ਨਾਲ ਜਾਓ।"

ਦ੍ਰੋਪਦੀ ਨੇ ਕਿਹਾ, "ਮਹਾਰਾਜ! ਮੈਨੂੰ ਆਗਿਆ ਕਰੋ?"

ਕਹਿੰਦੇ, "ਦ੍ਰੋਪਦੀ! ਉਹ ਤੈਥੋਂ ਯੱਗ ਦਾ ਫਲ ਮੰਗਣਗੇ। ਇਹ ਸਾਰੇ ਧਰਮ ਸ਼ਾਸਤਰਾਂ ਵਿਚ ਹੈ ਕਿ ਸ਼ਰਧਾ ਧਾਰ ਕੇ ਘਰੋਂ ਜਦੋਂ ਕੋਈ ਪੂਰਨ ਮਹਾਂਪੁਰਸ਼ ਵਲ ਨੂੰ ਚਲਦਾ ਹੈ ਤਾਂ ਜਿੰਨੇ ਵੀ ਉਹ ਕਦਮ ਪੁਟਦਾ ਹੈ ਉਨੇ ਜੱਗਾਂ ਦਾ ਫਲ ਮਿਲ ਜਾਇਆ ਕਰਦਾ ਹੈ ਤੇ ਤੂੰ ਸ਼ੰਕੇ ਤੋਂ ਰਹਿਤ ਹੋ ਕੇ ਪੂਰੀ ਸ਼ਰਧਾ ਦੇ ਨਾਲ, ਉਨ੍ਹਾਂ ਵਿਚ ਪਰਮੇਸ਼ਰ ਭਾਵਨਾ ਲਿਆ ਕੇ ਉਨ੍ਹਾਂ ਕੋਲ ਜਾਹ। ਜਦੋਂ ਉਹ ਯੱਗ ਦਾ ਫਲ ਮੰਗਣਗੇ, ਤੂੰ ਇਹੀ ਜਵਾਬ ਦੇ ਦੇਵੀਂ ਤੇ ਉਹ ਆਪੇ ਹੀ ਆ ਜਾਣਗੇ।"

ਜਦੋਂ ਦ੍ਰੋਪਦੀ ਮਹਾਂਪੁਰਸ਼ਾਂ ਕੋਲ ਪਹੁੰਚਦੀ ਹੈ ਤਾਂ ਮਹਾਂਪੁਰਸ਼ ਉਹੋ ਪ੍ਰਸ਼ਨ ਕਰਦੇ ਹਨ। ਕਹਿੰਦੇ, "ਬੇਟਾ! ਇਕ ਜੱਗ ਦਾ ਫਲ ਦਿਓ ਤਾਂ ਮੈਂ ਜਾਵਾਂਗਾ।"

ਕਹਿਣ ਲੱਗੀ, "ਮਹਾਰਾਜ! ਦੇਖੋ!! ਇਹ ਮਹਾਂਪੁਰਸ਼ਾਂ ਦਾ ਤੇ ਸਾਸ਼ਤਰਾਂ ਦਾ ਬਚਨ ਹੈ ਕਿ ਜਦੋਂ ਕੋਈ ਪੂਰਨ ਮਹਾਂਪੁਰਸ਼, ਬ੍ਰਹਮ ਗਿਆਨੀ ਵੱਲ ਪ੍ਰਮੇਸ਼ਰ ਭਾਵਨਾ ਕਰਕੇ ਘਰ ਤੋਂ ਚਲੇਗਾ ਤਾਂ ਉਸ ਵੇਲੇ ਪਹਿਲੇ ਕਦਮ ਦਾ ਫਲ ਹੀ ਇਕ ਜੱਗ ਦਾ ਫਲ ਮਿਲ ਜਾਏਗਾ। ਸੋ ਆਪ ਅੰਤਰਜਾਮੀ ਹੋ, ਮੇਰੇ ਹਿਰਦੇ ਦੀ ਬਾਤ ਜਾਣ ਸਕਦੇ ਹੋ, ਮੈਂ ਆਪ ਨੂੰ ਪ੍ਰਮੇਸ਼ਰ ਰੂਪ ਸਮਝ ਕੇ ਇਥੇ ਪਹੁੰਚੀ ਹਾਂ ਤੇ ਜਿੰਨੇ ਕਦਮ ਮੈਂ ਚੱਲ ਕੇ ਆਈ ਹਾਂ ਤੁਸੀਂ ਹੁਣ ਜਾਂਦੇ ਹੋਏ ਗਿਣ ਲਿਓ। ਇਕ ਜੱਗ ਕੱਟ ਕੇ ਤੁਸੀਂ ਆਪਣੇ ਕੋਲ ਰੱਖ ਲਿਓ ਬਾਕੀ ਮੇਰੀ ਝੋਲੀ ਵਿਚ ਪਾ ਦਿਓ।"

ਮਹਾਂਪੁਰਸ਼ ਉਸੇ ਵੇਲੇ ਨਾਲ ਚੱਲ ਪੈਂਦੇ ਨੇ, ਜਾ ਕੇ ਪਰਸ਼ਾਦਾ ਛਕਿਆ। ਸਾਰੇ ਜਿੰਨੇ ਵੀ ਮਹਾਂਰਿਸ਼ੀ ਸੀ, ਵੱਡੇ ਵੱਡੇ ਵਿਦਵਾਨ ਉਹ ਸਾਰੇ ਬੈਠੇ ਦੇਖਦੇ ਨੇ। ਪ੍ਰਸ਼ਾਦ ਛੱਕਣ ਤੋਂ ਬਾਅਦ ਸੰਖ ਵਜਦਾ ਹੈ। ਸਾਰਿਆਂ ਨੂੰ ਖੁਸ਼ੀ ਹੁੰਦੀ ਹੈ ਤੇ ਕ੍ਰਿਸ਼ਨ ਮਹਾਰਾਜ ਆਪ ਉਨ੍ਹਾਂ ਦੀ ਪੂਜਾ ਕਰਦੇ ਨੇ, ਸਾਰੇ ਪਾਂਡਵ ਤੇ ਬ੍ਰਾਹਮਣ ਲੋਕ ਉਨ੍ਹਾਂ ਦੀ ਪੂਜਾ ਕਰਦੇ ਨੇ। ਮਹਾਰਾਜ ਕਹਿੰਦੇ ਦੇਖੋ ਪਰਮੇਸ਼ਰ ਦੇ ਨਾਮ ਦੀ ਕਿੱਡੀ ਵੱਡੀ ਮਹਿਮਾ ਹੈ। ਇਸ ਭਗਤੀ ਦੇ ਨਾਲ ਹੀ ਉਹ ਬੰਦਾ ਜੋ ਰੱਦ ਕੀਤਾ ਗਿਆ ਸੀ, ਜਿਸ ਦੇ ਕੋਈ ਨੇੜੇ ਨਹੀਂ ਸੀ ਜਾਂਦਾ, ਕੋਈ ਪਰਛਾਵਾ ਨਹੀਂ ਸੀ ਲੈਂਦਾ, ਜਿਥੋਂ ਦੀ ਲੰਘ ਜਾਂਦਾ ਸੀ, ਉਹ ਦੀ ਪੈੜ ਦੇ ਉਤੋਂ ਦੀ ਲੰਘ ਜਾਣਾ ਹੀ ਬੜੀ ਭਾਰੀ ਬਦਸ਼ਗਨੀ ਗਿਣਦੇ ਸੀ। ਜਦੋਂ ਉਸ ਨੇ ਪਰਮੇਸ਼ਰ ਦਾ ਨਾਮ ਜਪਿਆ ਤਾਂ ਕਿੱਡੀ ਵੱਡੀ ਹਸਤੀ ਹੋ ਗਈ ਕਿ ਦੁਆਪਰ ਯੁੱਗ ਦੇ ਜੋ ਸੋਲ੍ਹਾਂ ਕਲਾਂ ਅਵਤਾਰ ਸਨ ਸ੍ਰੀ ਕ੍ਰਿਸ਼ਨ ਮਹਾਰਾਜ ਉਨ੍ਹਾਂ ਨੇ ਐਨੀ ਮਹਿਮਾ ਪ੍ਰਗਟ ਕਰੀ ਕਿ ਸਾਰੀਆਂ ਜਾਤੀਆਂ ਬਾਦਸ਼ਾਹ ਤੱਕ ਉਨ੍ਹਾਂ ਦੇ ਚਰਨ ਧੋ ਕੇ ਸਾਫ ਕਰਦੇ ਨੇ, ਜੂਠੀਆਂ ਪੱਤਲਾਂ ਚੁਕਦੇ ਨੇ।

ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਜਿਹੜੇ ਤੁਸੀਂ ਹੁਣ ਗਾਉਂਦੇ ਹੋ ਇਹ ਐਵੇਂ ਹੀ ਨਹੀਂ ਹਨ -

***ਰਸਨਾ ਗੁਣ ਗੋਪਾਲ ਨਿਧਿ ਗਾਇਣ॥ ਅੰਗ - 713***

ਇਸ ਦੇ ਨਾਲ ਸ਼ਾਂਤੀ ਉਪਜਦੀ ਹੈ, ਸੁਖ ਉਪਜਦਾ ਹੈ, ਜੋ ਮੰਗਦੇ ਹਾਂ ਉਹ ਪ੍ਰਾਪਤ ਹੁੰਦਾ ਹੈ ਤੇ ਇਸ ਦੇ ਨਾਲ ਜਨਮ ਤੇ ਮਰਨ ਤੋਂ ਛੁਟਦੇ ਹਾਂ ਤੇ ਜੇ ਪ੍ਰਮੇਸ਼ਰ ਚਿਤ ਵਿਚ ਬੈਠ ਜਾਵੇ ਤੇ ਕਦੇ ਭੁੱਲੇ ਨਾ ਤਾਂ ਕਹਿੰਦੇ ਫੇਰ ਉਹ ਅਨੰਦ ਪ੍ਰਾਪਤ ਹੋ ਜਾਂਦਾ ਹੈ ਜਿਸ ਨੂੰ ਸਤਿ-ਚਿਤ-ਅਨੰਦ ਕਹਿੰਦੇ ਨੇ। ਉਹ ਪਰਮੇਸ਼ਰ ਵਿਚ ਲੀਨ ਹੋ ਜਾਂਦਾ ਹੈ। ਜੁਗਾਂ-ਜੁਗਾਂਤਰਾਂ ਤੱਕ ਲੋਕ ਉਸ ਦਾ ਆਦਰ ਤੇ ਸਤਿਕਾਰ ਕਰਦੇ ਨੇ।

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*

*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਧਿਆਨ

**ਧਿਆਨ ਇਕ ਸਵੈ-ਘਾਲਣਾ ਹੈ, ਇਕ ਆਪਣੇ ਆਪ ਦੇ ਅੰਦਰ ਦੀ ਖੋਜ ਹੈ, ਧਿਆਨ ਨਾਲ ਤੁਹਾਡੇ ਅੰਦਰ ਦੀਆਂ ਗੁੱਝੀਆਂ ਸ਼ਕਤੀਆਂ ਦਾ ਪਤਾ ਲਗਦਾ ਹੈ, ਜਿਵੇਂ ਜਿਵੇਂ ਸਮਾਂ ਆਉਂਦਾ ਹੈ ਉਹ ਸ਼ਕਤੀਆਂ ਅੱਗੇ ਆਉਂਦੀਆਂ ਹਨ। ਸੰਸਾਰ ਦੀ ਕੋਈ ਤਾਕਤ ਤੁਹਾਨੂੰ ਉਹ ਨਹੀਂ ਦੇ ਸਕਦੀ ਜੋ ਧਿਆਨ, ਸਮਾਧੀ ਦੇ ਸਕਦਾ ਹੈ। ਜੇ ਤੁਸੀਂ ਤਰੀਕੇ ਨਾਲ ਸਮਾਧੀ ਲਗਾਉਣੀ ਸਿੱਖ ਲਵੋ, ਬਹੁਤ ਥੋੜ੍ਹੀ ਦੇਰ ਵਿਚ ਤੁਸੀਂ ਸਿਖਰ ਤੇ ਪਹੁੰਚ ਜਾਓਗੇ, ਪਰ ਤੁਹਾਨੂੰ ਤਕਨੀਕ ਪਤਾ ਹੋਣੀ ਚਾਹੀਦੀ ਹੈ। ਇਕ ਨਵੇਕਲੀ ਥਾਂ ਤੇ ਇਕ ਨਿਰਧਾਰਿਤ ਸਮੇਂ ਤੇ ਬੈਠਣਾ, ਭਾਵੇਂ ਪੰਜ ਮਿੰਟ ਵਾਸਤੇ ਹੀ ਕਿਉਂ ਨਾ ਹੋਵੇ ਜਾਂ ਦਸ ਮਿੰਟ ਵਾਸਤੇ ਹੀ ਕਿਉਂ ਨਾ ਹੋਵੇ, ਸਵੇਰੇ ਸ਼ਾਮ ਦੋਨੋਂ ਹੀ ਵਕਤ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਧਿਆਨ ਦੀ ਕਲਾ ਦਾ ਬਹੁਤ ਹੱਦ ਤਕ ਪਤਾ ਲਗ ਜਾਂਦਾ ਹੈ। ਧਿਆਨ ਲਗਾਉਣ ਲਈ ਕਦੀ ਵੀ ਉਦੋਂ ਨਹੀਂ ਬੈਠਣਾ ਚਾਹੀਦਾ ਜਦੋਂ ਤੁਹਾਨੂੰ ਭੁੱਖ ਲੱਗੀ ਹੋਵੇ, ਤੁਸੀਂ ਬਹੁਤ ਖਾ ਲਿਆ ਹੋਵੇ, ਜਾਂ ਤੁਸੀਂ ਥੱਕੇ ਹੋਵੋ, ਜਾਂ ਤੁਹਾਨੂੰ ਨੀਂਦ ਆ ਰਹੀ ਹੋਵੇ ਜਾਂ ਤੁਹਾਨੂੰ ਕੋਈ ਵੀ ਹਾਜ਼ਮੇ ਦੀ ਸਮੱਸਿਆ ਹੋਵੇ। ਪਹਿਲਾਂ ਪਹਿਲਾਂ ਬਹੁਤਾ ਅਭਿਆਸ ਨਾ ਕਰੋ। ਧਿਆਨ ਲਗਾਉਣ ਦਾ ਕੋਈ ਵੀ ਝੱਟਪਟ ਤਰੀਕਾ ਨਹੀਂ ਹੈ। ਜੇ ਤੁਹਾਡੀ ਤੀਬਰ ਇੱਛਾ ਹੋਵੇ ਉਹ ਤੀਬਰ ਇੱਛਾ ਹੀ ਤੁਹਾਨੂੰ ਅੱਗੇ ਲੈ ਜਾਂਦੀ ਹੈ। ਜੇ ਸੱਚਮੁੱਚ ਹੀ ਤੁਸੀਂ ਜਾਨਣਾ ਚਾਹੁੰਦੇ ਹੋ, ਤੁਸੀਂ ਕੌਣ ਹੋ? ਤੁਹਾਨੂੰ ਸਾਰੇ ਨਕਾਬ, ਸਾਰੇ ਪਰਦੇ ਆਪਣੇ ਆਪ ਉਤੋਂ ਲਾਹੁਣੇ ਪੈਣਗੇ, ਤੁਹਾਨੂੰ ਆਪਣੇ ਆਪ ਨੂੰ ਇਕ ਦਮ ਸਾਰੇ ਪਰਦੇ ਲਾਹ ਕੇ ਬਿਲਕੁਲ ਸਾਫ ਦੇਖਣਾ ਪਵੇਗਾ, ਜੇ ਤੁਸੀਂ ਇਹ ਕਰਨ ਨੂੰ ਤਿਆਰ ਹੋ ਤਾਂ ਤੁਸੀਂ ਧਿਆਨ ਦੇ ਰਸਤੇ ਤੇ ਚੱਲ ਸਕਦੇ ਹੋ।**

## ਅਧਿਆਇ ਪੰਦਰਾਂ

## ਹੌਨਜ਼ਡੇਲ ਵਿਚ ਅਧਿਆਤਮਕ ਅਭਿਆਸ

ਤਪਦੇ ਸੂਰਜ ਵਿਚ ਮੈਂ ਆਪਣੇ ਸਵਾਮੀ ਜੀ ਨਾਲ ਪਹਾੜੀ ਤੋਂ ਥੱਲੇ ਉਤਰ ਰਿਹਾ ਹਾਂ। ਸਵਾਮੀ ਜੀ ਨੇ ਬਿਲਕੁਲ ਚਿੱਟੇ ਕੱਪੜੇ ਪਾਏ ਹੋਏ ਹਨ ਉਨ੍ਹਾਂ ਦੇ ਚਮਕਦੇ ਕਾਲੇ ਵਾਲ ਉਨ੍ਹਾਂ ਦੇ ਚਿਹਰੇ ਦੀ ਮੁਸਕਰਾਹਟ ਨੂੰ ਸਜਾ ਰਹੇ ਹਨ। ਅਸੀਂ ਦੋਨੋਂ ਹੀ ਰੁਕੇ ਇਕ ਦੂਸਰੇ ਵਲ ਦੇਖਿਆ। ਸੁਆਮੀ ਜੀ ਨੇ ਸੱਜਾ ਹੱਥ ਮਰੇ ਮੋਢੇ ਉਤੇ ਰਖਿਆ, ਮੇਰੇ ਵੱਲ ਚਮਕਦੀਆਂ ਅੱਖਾਂ ਨਾਲ ਦੇਖ ਕੇ ਕਹਿਣ ਲੱਗੇ "ਤੇਰੇ ਸਾਰੇ ਸੁਪਨੇ ਸਾਕਾਰ ਹੋਣਗੇ ਜੇ ਤੂੰ ਹਉਮੈ ਛੱਡ ਦੇਵੇ। ਮੇਰਾ ਆਦੇਸ਼ ਮੰਨ ਕੇ ਚਲ ਸਭ ਕੁਝ ਠੀਕ ਹੋ ਜਾਵੇਗਾ।"

ਅਲਾਰਮ ਦੀ ਆਵਾਜ਼ ਨਾਲ ਮੈਂ ਉਠਿਆ। ਉਨ੍ਹਾਂ ਦਿਨਾਂ ਵਿਚ ਇਹੋ ਜਿਹੇ ਸੁਪਨੇ ਮੈਨੂੰ ਬਹੁਤ ਆਉਂਦੇ ਸੀ। ਉਦੋਂ ਅਸੀਂ ਹੌਸਜ਼ਡੇਲ ਬਾਰੇ ਇਹ ਸੋਚਦੇ ਸੀ ਕਿ ਇਸ ਦਾ ਵਿਸਥਾਰ ਕਿਵੇਂ ਕੀਤਾ ਜਾਵੇ ਤਾਕਿ ਸੰਸਾਰ ਪ੍ਰਸਿਧ ਕੋਰਸ ਪੜ੍ਹਾਏ ਜਾਣ। ਇਸ ਨੂੰ ਸੰਸਾਰ ਦਾ ਅਧਿਆਤਮਕ ਸੈਂਟਰ ਬਣਾਇਆ ਜਾਵੇ। ਮੈਨੂੰ ਲਗਾ ਜਿਵੇਂ ਇਹ ਸੁਪਨਾ ਚੇਤਾਵਨੀ ਹੋਵੇ ਕਿ ਅਸੀਂ ਛੇਤੀ ਹੀ ਕਾਲਜ ਸ਼ੁਰੂ ਕਰੀਏ। ਉਸ ਦਿਨ ਸਕਪੈਨਟਨ ਵਿਸ਼ਵ ਵਿਦਿਆਲਿਆ ਦੇ ਅਧਿਕਾਰੀ ਨਾਲ ਮੇਰੀ ਮੀਟਿੰਗ ਸੀ ਜਿਥੇ ਮੈਂ ਸਾਰੇ ਪ੍ਰਬੰਧ ਬਾਰੇ ਪੁਛਣਾ ਸੀ ਤੇ ਦੇਖਣਾ ਸੀ ਕਿ ਕੀ ਕੁਝ ਠੀਕ ਹੈ।

ਜਦੋਂ ਮੈਂ ਮੁੜ ਕੇ ਆਇਆ ਤਾਂ ਸੁਆਮੀ ਜੀ ਪੁਛਣ ਲੱਗੇ ਕਿਵੇਂ ਰਹੀ ਤੁਹਾਡੀ ਮੀਟਿੰਗ?

"ਮੈਨੂੰ ਲਗਦਾ ਹੈ, ਮੈਂ ਡੀਨ ਅਤੇ ਪਰੈਜ਼ੀਡੈਂਟ ਨੂੰ ਮਿਲਿਆ ਹਾਂ, ਦੋਨੋਂ ਹੀ ਬੜੇ ਹੀ ਕ੍ਰਿਪਾਲੂ ਹਨ ਤੇ ਸਾਡੇ ਕੋਰਸਾਂ ਨਾਲ ਸਹਿਮਤ ਹਨ ਤੇ ਉਨ੍ਹਾਂ ਨੇ ਸਾਡੇ ਸਲੇਬਸ ਮੰਗੇ ਹਨ ਤਾਂਕਿ ਉਹ ਆਪਣੀ ਸੂਚੀ ਤੇ ਰੱਖ ਲੈਣ। ਮੈਨੂੰ ਇਹ ਗੱਲ ਸੁਆਮੀ ਜੀ ਨੂੰ ਦੱਸਣੀ ਚੰਗੀ ਲਗੀ। ਸੁਆਮੀ ਜੀ ਐਨਾ ਖੁਸ਼ ਹੋਏ ਕਿ ਉਨ੍ਹਾਂ ਨੇ ਉਠਕੇ ਮੇਰੇ ਨਾਲ ਹੱਥ ਮਿਲਾਇਆ।

ਮੈਂ ਕਿਹਾ ਸੀ ਨਾ ਕਿ ਸਭ ਕੁਝ ਇਸ ਤਰ੍ਹਾਂ ਹੀ ਹੋਏਗਾ, ਕੇਵਲ ਤੁਸੀਂ ਯਥਾਰਥੀ ਹੀ ਰਹੋ। ਹਸਦੇ ਹਸਦੇ ਸੁਆਮੀ ਜੀ ਕਹਿਣ ਲੱਗੇ, ਸਾਰਿਆਂ ਦੇ ਨੇੜੇ ਰਹੋ, ਸਭ ਕੁਝ ਜੋ ਹੋ ਰਿਹਾ ਹੈ, ਨੇੜੇ ਹੋਕੇ ਦੇਖੋ ਕਿਉਂਕਿ ਤੁਸੀਂ ਸ਼ੁਰੂ ਤੋਂ ਮੇਰੇ ਨਾਲ ਹੀ ਹਰ ਇਕ ਚੀਜ਼ ਨੂੰ ਚੰਗੀ ਤਰ੍ਹਾਂ ਜਾਣਦੇ ਹੋ, ਤੁਸੀਂ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਨੂੰ ਜਾਣਦੇ ਹੈ।

ਮੈਂ ਪਹਿਲਾਂ ਇਕ ਦੋ ਵਾਰੀ ਵਿਸ਼ਵ ਵਿਦਿਆਲਿਆ ਗਿਆ। ਫੇਰ ਅਸੀਂ ਸਾਰੇ ਕੋਰਸ ਬਨਾਉਣ ਵਿਚ ਲਗੇ ਰਹੇ। ਇਸ ਤਰ੍ਹਾਂ ਕਾਫੀ ਮਹੀਨੇ ਲਗ ਗਏ। ਅਸੀਂ ਸਾਂਝੀ ਐਮ.ਏ.

ਦੀ ਡਿਗਰੀ ਸ਼ੁਰੂ ਕੀਤੀ। ਮੇਰਾ ਪ੍ਰੋਗਰਾਮ ਇਹ ਸੀ ਕਿ ਬਾਅਦ ਵਿਚ ਅਸੀਂ ਆਪ ਹੀ ਡਿਗਰੀ ਦੇਈਏ ਆਪਣਾ ਸਟੇਟ ਚਾਰਟਰ ਬਣਾ ਲਈਏ। ਇਸ ਲਈ ਮੈਂ ਉਚ ਸਿਖਿਆ ਅਧਿਕਾਰੀ ਨਾਲ ਮੁਲਾਕਾਤ ਸ਼ੁਰੂ ਕਰ ਦਿੱਤੀ। ਪੰਜ ਸਾਲ ਅਸੀਂ ਸਕਰੈਂਟਨ ਵਿਸ਼ਵ ਵਿਦਿਆਲਿਆ ਨਾਲ ਰਹੇ, ਅਸੀਂ ਬਿਲਕੁਲ ਠੀਕ ਕੰਮ ਕਰਦੇ ਰਹੇ, ਇਸ ਕਰਕੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਬਿਲਕੁਲ ਠੀਕ ਸੀ।

ਸੁਆਮੀ ਜੀ ਇਹ ਸਭ ਕੁਝ ਸੁਣਕੇ ਐਨੇ ਪ੍ਰਸੰਨ ਹੋਏ ਤੇ ਕਹਿਣ ਲੱਗੇ, ਚਲੋ ਅਸੀਂ ਇਹ ਸਭ ਨੂੰ ਦੱਸੀਏ। ਸੁਆਮੀ ਜੀ ਬੂਹੇ ਤੋਂ ਬਾਹਰ ਨਿਕਲੇ ਤੇ ਥੱਲੇ ਉਤਰ ਗਏ ਤੇ ਛੇਤੀ ਛੇਤੀ ਖਾਣ ਵਾਲੇ ਕਮਰੇ ਵਿਚ ਪਹੁੰਚ ਗਏ। ਸੁਆਮੀ ਜੀ ਨੇ ਉਥੇ ਖੜੇ ਹੋਕੇ ਸਾਰਿਆਂ ਵਿਚ ਇਹ ਦਸਿਆ। ਅਸੀਂ ਛੇਤੀ ਹੀ ਇਕ ਬੀ. ਏ. ਦੇ ਪੱਧਰ ਦਾ ਕਾਲਜ ਖੋਲ੍ਹ ਰਹੇ ਹਾਂ। ਕੁਝ ਮਹੀਨਿਆ ਵਿਚ ਇਹ ਸੰਸਥਾ ਏਥੇ ਖੁਲ੍ਹ ਜਾਵੇਗੀ। ਹਰ ਇਕ ਦੂਸਰੇ ਨਾਲ ਗੱਲ ਕਰਨ ਲਗ ਪਿਆ ਤੇ ਸ਼ਾਮ ਤੱਕ ਸਭ ਨੂੰ ਪਤਾ ਸੀ ਕਿ ਕੀ ਹੋ ਰਿਹਾ ਹੈ। ਪੰਜ ਸਾਲ ਦਾ ਇਕ ਅਹਿਦਨਾਮਾ ਤਿਆਰ ਕੀਤਾ ਗਿਆ ਜਿਸ ਨਾਲ ਸੰਸਥਾ ਦੇ ਵਿਦਿਆਰਥੀ ਕੋਰਸ ਲੈ ਕੇ ਪੈਨਸਲਟੇਨੀਆ ਦੀ ਜੈਸੂਏਟ ਵਿਸ਼ਵ ਵਿਦਿਆਲਿਆ ਤੇ ਇਮਤਿਹਾਨ ਦੇ ਸਕਦੇ ਹਨ।

ਇਕ ਦਿਨ ਬੜੇ ਮਹੀਨਿਆਂ ਪਿਛੋਂ ਮੈਂ ਆਪਣੇ ਕਮਰੇ ਵਿਚ ਬੈਠਾ ਕੁਝ ਰਿਪੋਰਟਾਂ ਪੜ੍ਹ ਰਿਹਾ ਸੀ। ਥਰੀਸਾ ਦੌੜੀ ਦੌੜੀ ਆਈ ਤੇ ਕਹਿਣ ਲੱਗੀ ਛੇਤੀ ਕਰੋ। ਸੁਆਮੀ ਜੀ ਕੋਲ ਚਲੋ, ਨਵੇਂ ਸਾਲ ਨੂੰ ਜੀ ਆਇਆ ਕਹਿਣ ਦੀ ਤਿਆਰੀ ਹੋ ਰਹੀ ਹੈ। ਸੁਆਮੀ ਜੀ ਨੇ ਸਾਨੂੰ ਖਾਣੇ 'ਤੇ ਬੁਲਾਇਆ ਹੈ। ਅਸੀਂ ਜਦੋਂ ਉਥੇ ਪਹੁੰਚੇ ਮੈਂ ਦੇਖਿਆ ਥੋੜੇ ਜਿਹੇ ਦੋਸਤ ਇਕੱਠੇ ਹੋ ਕੇ ਬੈਠੇ ਸੀ। ਬਹੁਤ ਸਾਰੇ ਉਥੇ ਰਹਿਣ ਵਾਲੇ ਕ੍ਰਿਸਮਿਸ ਕਰਕੇ ਘਰਾਂ ਨੂੰ ਚਲੇ ਗਏ ਸੀ। ਸੁਆਮੀ ਜੀ ਨੇ ਥਰੀਸਾ ਨਾਲ ਮਿਲਕੇ ਤੇ ਸੰਸਕ੍ਰਿਤੀ ਨਾਲ ਮਿਲਕੇ ਰਹਿਣ ਵਾਲਿਆਂ ਲਈ ਖਾਸ ਖਾਣਾ ਤਿਆਰ ਕੀਤਾ ਸੀ ਤੇ ਸਭ ਨੂੰ ਬੁਲਾਇਆ ਸੀ ਕਿ ਇਕੱਠੇ ਬੈਠ ਕੇ ਹੀ ਸਾਰੇ ਨਵੇਂ ਸਾਲ ਨੂੰ ਜੀ ਆਇਆਂ ਕਹਾਂਗੇ।

ਭਾਰਤੀ ਖਾਣਾ ਖਾਣ ਤੋਂ ਬਾਅਦ ਟੀ.ਵੀ. ਚਲਾਇਆ ਗਿਆ। ਸੰਸਥਾ ਵਿਚ ਰਹਿ ਕੇ ਬਹੁਤ ਹੀ ਘਟ ਸਮਾਂ ਏਹੋ ਜਿਹਾ ਹੁੰਦਾ ਸੀ ਕਿ ਵਿਹਲ ਹੋਵੇ ਜਾਂ ਮਨ ਪਰਚਾਵਾ ਕੀਤਾ ਜਾਵੇ। ਛੇਤੀ ਹੀ ਮੈਂ ਦੇਖਿਆ ਫੁਟਬਾਲ ਖੇਡਿਆ ਜਾ ਰਿਹਾ ਸੀ ਤੇ ਮੇਰਾ ਪੁਰਾਣਾ ਇਕ ਸਾਥੀ ਖੇਡ ਰਿਹਾ ਸੀ। ਅਸੀਂ ਸਾਰੇ ਆਪਣੇ ਆਪਣੇ ਘਰਾਂ ਵਿਚ ਟਿਲਕ ਪਾਕੇ ਬੜੇ ਹੀ ਨਿਘੇ ਹੋਏ ਬੈਠੇ ਸੀ ਕਿ ਸੁਆਮੀ ਜੀ ਸਾਨੂੰ ਆਪਣੀ ਖੇਡ ਬਾਰੇ ਦੱਸਣ ਲਗ ਪਏ ਕਿ ਉਹ ਕਿਵੇਂ ਫੁਟਬਾਲ ਖੇਡਦੇ ਰਹੇ ਹਨ। ਅਮਰੀਕਾ ਵਿਚ ਫੁਟਬਾਲ ਨੂੰ ਹੁਣ ਸੌਕਰ ਕਿਹਾ ਜਾਂਦਾ ਹੈ। ਛੇਤੀ ਹੀ ਟੀ.ਵੀ. ਵਿਚੋਂ ਉਚੀ ਉਚੀ ਚੀਕਾਂ ਦੀ ਆਵਾਜ਼ ਆਉਣ ਲਗ ਪਈ।

ਸੁਆਮੀ ਜੀ ਨਾਲ ਬੈਠਕੇ ਟੀ.ਵੀ. ਦੇਖਣ ਦਾ ਸੁਆਦ ਕੁਝ ਹੋਰ ਹੀ ਸੀ। ਉਹ ਟੀ.ਵੀ. ਤਾਂ ਸਾਡੇ ਸਾਰਿਆਂ ਲਈ ਲਗਾ ਦਿੰਦੇ ਸੀ। ਆਪ ਉਹ ਕਿਧਰੇ ਹੋਰ ਹੀ ਹੁੰਦੇ ਸੀ। ਕਿੰਨੇ ਸਾਲ ਅਸੀਂ ਇਹ ਨਜ਼ਾਰਾ ਦੇਖਦੇ ਰਹੇ ਹਾਂ। ਸੁਆਮੀ ਜੀ ਲਈ ਟੀ.ਵੀ. ਮਨ ਪਰਚਾਵੇ ਦੇ ਸਾਧਨ ਤੋਂ ਕਿਤੇ ਉਪਰ ਕੁਝ ਹੋਰ ਹੀ ਸੀ ਜਦੋਂ ਕਿ ਆਏ ਗਏ ਲਈ ਤੇ ਗਭਰੂ ਯੋਗੀਆਂ ਲਈ ਟੀ.ਵੀ. ਇਕ ਮਨ ਪਰਚਾਵਾ ਸੀ। ਸੁਆਮੀ ਜੀ ਆਪਣਾ ਕੰਮ ਕਰਦੇ ਰਹਿੰਦੇ ਸੀ। ਆਮ ਤੌਰ ਤੇ ਸੁਆਮੀ ਜੀ ਕਈ ਮਿੰਟ ਉਥੇ ਨਹੀਂ ਸੀ ਹੁੰਦੇ। ਕਈ ਵਾਰੀ ਤਾਂ ਘੰਟਾ ਭਰ ਸੁਆਮੀ ਜੀ ਉਥੇ ਨਹੀਂ ਸੀ ਹੁੰਦੇ। ਮੈਂ ਬਹੁਤ ਵਾਰੀ ਸੁਆਮੀ ਜੀ ਨੂੰ ਵਾਪਸ ਲੈਕੇ ਆਉਂਦਾ। ਮੈਂ ਉਨ੍ਹਾਂ ਨੂੰ ਯਾਦ ਕਰਾਉਂਦਾ ਕਿ ਉਹ ਕਿਥੇ ਹਨ।

ਸੁਆਮੀ ਜੀ ਕਹਿਣ ਲੱਗੇ, "ਜਸਟਿਨ ਕੀ ਹੋ ਰਿਹਾ ਹੈ ਬਈ? ਮੈਂ ਉਨ੍ਹਾਂ ਨੂੰ ਦਸਿਆ ਕਿ ਖੇਡ ਬਿਲਕੁਲ ਆਖਰੀ ਪੜਾਅ ਤੇ ਸੀ ਤੇ ਮੇਰੇ ਸਾਥੀ ਲਈ ਕਾਫੀ ਔਖਾ ਕੰਮ ਸੀ। ਜਦੋਂ ਮੈਂ ਸੁਆਮੀ ਜੀ ਨੂੰ ਦੋ ਟੀਮਾਂ ਦੇ ਬਾਰੇ ਦਸ ਰਿਹਾ ਸੀ ਸੁਆਮੀ ਜੀ ਫੇਰ ਉਥੇ ਨਹੀਂ ਸੀ। ਕੋਈ ਤਿੰਨ ਮਿੰਟ ਲਈ ਸੁਆਮੀ ਜੀ ਉਥੇ ਨਹੀਂ ਰਹੇ?

ਸੁਆਮੀ ਜੀ ਜਿਵੇਂ ਹੀ ਮੁੜਕੇ ਆਏ ਤੇ ਪੁਛਣ ਲਗੇ, "ਕੌਣ ਜਿਤ ਰਿਹਾ ਹੈ ਬਈ?"

ਮੈਂ ਉਨ੍ਹਾਂ ਨੂੰ ਜੁਆਬ ਦਿੱਤਾ, "ਸੁਆਮੀ ਜੀ ਮੇਰਾ ਦੋਸਤ ਤਾਂ ਨਹੀਂ ਜਿੱਤ ਰਿਹਾ।"

"ਹੂੰ" ਸੁਆਮੀ ਜੀ ਕਹਿਣ ਲੱਗੇ ਤੇ ਆਪ ਜੀ ਜਿਵੇਂ ਕੰਧ ਤੋਂ ਪਰੇ ਦੇਖਣ ਲਗ ਪਏ, ਅਸੀਂ ਹੌਲੀ ਹੌਲੀ ਖੇਡ ਦੇਖਦੇ ਰਹੇ, ਸੁਆਮੀ ਜੀ ਕਿਧਰੇ ਹੋਰ ਹੀ ਸੀ। ਸੁਆਮੀ ਜੀ ਜਿਵੇਂ ਕਿਤੇ ਹੋਰ ਹੀ ਚਲੇ ਗਏ ਹੋਣ, ਜਿਵੇਂ ਉਹ ਬ੍ਰਹਿਮੰਡ ਦਾ ਚੱਕਰ ਲਗਾ ਰਹੇ ਹੋਣ ਤੇ ਆਪਣੇ ਭਗਤਾਂ ਦੀ ਸੰਭਾਲ ਕਰ ਰਹੇ ਹੋਣ।

ਸੁਆਮੀ ਜੀ ਨੇ ਇਕ ਦਮ ਅੱਖਾਂ ਖੋਲੀਆਂ ਤੇ ਕਹਿਣ ਲੱਗੇ, "ਸੈਮ ਮੇਰੀ ਟੈਲੀਫੋਨ ਦੀ ਡਾਇਰੀ ਲਿਆ। ਸੰਸਕ੍ਰਿਤੀ ਦੌੜੀ ਦੌੜੀ ਗਈ। ਟੈਲੀਫੋਨ ਤੇ ਟੈਲੀਫੋਨ ਦੀ ਡਾਇਰੀ ਲੈ

ਕੇ ਆਈ, ਸੁਆਮੀ ਜੀ ਨੇ ਨੰਬਰ ਮਿਲਾਇਆ।

"ਹੈਲੋ! ਸੁਆਮੀ ਰਾਮ ਬੋਲ ਰਿਹਾ ਹਾਂ। ਚਿੰਤਾ ਨਾ ਕਰੋ, ਆਪਰੇਸ਼ਨ ਹੀ ਠੀਕ ਰਹੇਗਾ। ਚਿੰਤਾ ਦੀ ਕੋਈ ਲੋੜ ਨਹੀਂ ਤੁਸੀਂ ਕੇਵਲ ਉਡੀਕ ਕਰੋ। ਮੈਂ ਬੱਚੇ ਲਈ ਅਰਦਾਸ ਕਰਾਂਗਾ, ਉਹ ਠੀਕ ਹੋ ਜਾਏਗਾ। ਵਾਹਿਗੁਰੂ ਮਿਹਰ ਕਰੇ। ਸੁਆਮੀ ਜੀ ਨੇ ਫੋਨ ਸੰਸਕ੍ਰਿਤੀ ਨੂੰ ਵਾਪਸ ਕਰ ਦਿੱਤਾ ਤੇ ਆਪ ਕਿਤੇ ਹੋਰ ਚਲੇ ਗਏ। ਅਸੀਂ ਮੈਚ ਦੇਖ ਰਹੇ ਸੀ ਟੀਮਾਂ ਨੂੰ ਭਿੜਦੇ ਦੇਖ ਰਹੇ ਸੀ, ਸੁਆਮੀ ਜੀ ਨੇ ਤਾਂ ਕਿਸੇ ਦੇ ਲੇਖ ਹੀ ਬਦਲ ਦਿੱਤੇ ਸੀ।

ਕਈ ਸਾਲ ਵਿਚ ਮੈਂ ਸੁਆਮੀ ਜੀ ਨਾਲ ਬੈਠ ਕੇ ਕਈ ਪਿਕਚਰਾਂ ਦੇਖੀਆਂ। ਕਮਰਾ ਭਰਿਆ ਹੁੰਦਾ। ਮੈਂ ਇਹ ਦੇਖਿਆ ਕਿ ਸੁਆਮੀ ਜੀ ਖਾਸ ਕਿਸਮ ਦੀਆਂ ਫਿਲਮਾਂ ਹੀ ਲਗਾਉਂਦੇ ਹਨ। ਜਿਹੜੇ ਸੱਜਣ ਵੀ ਉਥੇ ਬੈਠੇ ਹੁੰਦੇ ਉਹ ਜਾਂ ਤਾਂ ਸੌਂ ਜਾਂਦੇ ਜਾ ਫੇਰ ਉਠ ਕੇ ਚਲੇ ਜਾਂਦੇ। ਸੁਆਮੀ ਜੀ ਦੀ ਮਨ ਪਸੰਦ ਫਿਲਮ ਤਾਂ "ਡੌਬਰਮੈਨ ਗੈਰਾ" ਹੀ ਸੀ ਆਪਣੀਆਂ ਉਡਾਰੀਆਂ ਤੋਂ ਮੁੜਕੇ ਜਦੋਂ ਆਉਂਦੇ ਤਾਂ ਬਹੁਤ ਹਸਦੇ ਤੇ ਰਾਤ ਨੂੰ ਬਹੁਤ ਦੇਰ ਤੱਕ ਟੀ.ਵੀ. ਦੇ ਅੱਗੇ ਬੈਠੇ ਰਹਿੰਦੇ। ਉਹ ਡੌਬਰਮੈਨ ਗੈਰਾ ਨੂੰ ਇਸ ਤਰ੍ਹਾਂ ਦੇਖਦੇ ਜਿਵੇਂ ਉਨ੍ਹਾਂ ਦੇ ਕੁੱਤੇ ਰਾਜੇ ਦੀ ਯਾਦ ਤੇ ਬਣੀ ਹੋਵੇ। ਇਸ ਨੂੰ ਦੇਖ ਕੇ ਸੁਆਮੀ ਜੀ ਸਦਾ ਹੀ ਇਹ ਕਹਿੰਦੇ ਕਿ ਰਾਜਾ ਜੇ ਫਿਲਮ ਵਿਚ ਕੰਮ ਕਰਦਾ ਤਾਂ ਇਸ ਨਾਲੋਂ ਕਿਤੇ ਚੰਗਾ ਕਰਦਾ ਤੇ ਰਾਜਾ ਕਦੇ ਵੀ ਫੜਿਆ ਨਾ ਜਾਂਦਾ। ਇਕ ਫਿਲਮ ਜਿਹੜੀ ਮੈਨੂੰ ਕਦੀ ਵੀ ਨਹੀਂ ਸੀ ਚੰਗੀ ਲਗਦੀ ਉਹ ਸੀ ਇਕ ਜਪਾਨੀ ਫਿਲਮ "Godzilla versus the smog monster" ਮੈਂ ਬਹੁਤ ਹੀ ਬੋਰ ਹੋ ਜਾਂਦਾ। ਜਦੋਂ ਸੁਆਮੀ ਜੀ ਇਹ ਫਿਲਮ ਲਗਾਉਂਦੇ। ਕੋਈ ਛੇ ਵਾਰੀ ਇਹ ਫਿਲਮ ਅਸੀਂ ਦੇਖੀ ਹੋਣੀ ਹੈ ਪਰ ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਸੁਆਮੀ ਨੂੰ ਇਸ ਵਿਚ ਕੀ ਚੰਗਾ ਲਗਦਾ ਹੈ। ਇਕ ਦਿਨ ਮੈਨੂੰ ਯਾਦ ਆਇਆ ਕਿ ਸੁਆਮੀ ਜੀ ਨੇ ਬਹੁਤ ਸਾਰਾ ਸਮਾਂ ਜਪਾਨ ਵਿਚ ਕਟਿਆ ਹੈ। ਸੁਆਮੀ ਜੀ ਨੂੰ ਪੁਰਾਣੇ ਪੱਛਮੀ ਅਮਰੀਕਨ ਵੀ ਚੰਗੇ ਲਗਦੇ ਸੀ ਕਿਉਂਕਿ ਉਸ ਵਿਚ ਦਿਖਾਉਂਦੇ ਕਿ ਚੰਗੇ ਬੰਦੇ ਹੀ ਜਿਤਦੇ ਹਨ। ਕਈ ਵਾਰੀ ਮੈਂ ਸੁਆਮੀ ਜੀ ਨੂੰ ਘੜੀ ਘੜੀ ਦਸਦਾ ਖਾਸ ਕਰਕੇ ਜਦੋਂ ਉਹ ਅੰਦਰ ਬਾਹਰ ਹੁੰਦੇ ਰਹਿੰਦੇ।

ਹੁਣ ਕੀ ਹੋ ਰਿਹਾ ਹੈ? ਸੁਆਮੀ ਜੀ ਆ ਕੇ ਕਹਿਣ ਲੱਗੇ, "ਇਹ ਹੁਣ ਗੇਂਦ ਨੂੰ ਪੈਰ ਕਿਉਂ ਮਾਰ ਰਿਹਾ ਹੈ। ਇਹ ਲੈਕੇ ਕਿਉਂ ਨਹੀਂ ਦੌੜ ਗਿਆ? ਸੁਆਮੀ ਜੀ ਪੜ੍ਹਦੇ ਤੇ ਦੇਖਕੇ ਕਹਿਣ ਲੱਗੇ।

ਮੈਂ ਉਨ੍ਹਾਂ ਨੂੰ ਦੱਸਣ ਲਗ ਪਿਆ ਕਿ ਇਕ ਮਿੰਟ ਤੋਂ ਵੀ ਘੱਟ ਸਮਾਂ ਹੈ ਖੇਡ ਖਤਮ ਹੋ ਜਾਣੀ ਹੈ, ਗੇਂਦ ਹਾਲੇ ਪਿੱਛੇ ਹੈ। ਉਸੇ ਵੇਲੇ ਸੁਆਮੀ ਜੀ ਰਸੋਈ ਵਿਚ ਆਏ ਤੇ ਕਹਿਣ ਲੱਗੇ, "ਤੇਰਾ ਦੋਸਤ ਤਾਂ ਨਹੀਂ ਜਿੱਤਣ ਲੱਗਾ, ਸੁਆਮੀ ਜੀ ਨੇ ਬੜੀ ਹੀ ਕਰਾਰੀ ਜਿਹੀ ਆਵਾਜ਼ ਵਿਚ ਕਿਹਾ, ਜਿਹੜਾ ਸਭ ਨੇ ਸੁਣਿਆ।

ਸੁਆਮੀ ਜੀ ਲਈ ਖੇਡ ਖਤਮ ਹੋ ਗਈ ਸੀ। ਪਰ ਥਰੀਸਾ ਇਕ ਦਮ ਕਹਿਣ ਲੱਗੀ, "ਉਹ ਹਾਰਨ ਨਹੀਂ ਲੱਗੇ, ਉਹ ਤਾਂ ਜਿੱਤਣਗੇ ਹੀ।"

ਸੁਆਮੀ ਜੀ ਥੀਰ ਨੂੰ ਛੇੜ ਦਿੰਦੇ, ਕਹਿਣ ਲੱਗੇ, "ਤੁਸੀਂ ਸ਼ਰਤ ਲਾਉਣੀ ਚਾਹੁੰਦਾ ਹੋ?"

"ਜਰੂਰ" ਥਰੀਸਾ ਦੇ ਸੁਆਮੀ ਜੀ ਨੂੰ ਜਿਵੇਂ ਵੰਗਾਰ ਕੇ ਕਿਹਾ, ਸੁਆਮੀ ਜੀ ਕਹਿੰਦੇ, ਇਕ ਹਜ਼ਾਰ ਡੌਲਰ ਦੀ ਸ਼ਰਤ ਲਗੀ। ਮੈਂ ਕਿਹਾ ਲੈ ਮੈਨੂੰ ਤਾਂ ਹੁਣ ਰਾਤ ਨੂੰ ਹੌਨਜ਼ਡੇਲ ਵਿਚ ਨੌਕਰੀ ਕਰਨੀ ਪਵੇਗੀ।"

ਪਰ ਖੇਡ ਅਜੇ ਖਤਮ ਨਹੀਂ ਸੀ ਹੋਈ। ਅਸੀਂ ਸਾਰੇ ਦਿਲ ਤੇ ਹੱਥ ਰੱਖ ਕੇ ਖੇਡ ਦੇ ਆਖਰੀ ਪਲ ਦੇਖ ਰਹੇ ਸੀ ਮੇਰੇ ਦੌਸਤ ਨੇ ਆਖਰੀ ਪਲਾਂ ਤੇ ਖੇਡ ਨੂੰ ਖਿਚ ਲਿਆ ਤੇ ਜਿਤ ਗਏ। ਸਟੇਡੀਅਮ ਵਿਚ ਤੇ ਸੁਆਮੀ ਜੀ ਦੇ ਕਮਰੇ ਵਿਚ ਰੌਲਾ ਪੈ ਗਿਆ। ਸਾਰੇ ਉਚੀ ਉਚੀ ਰੌਲਾ ਪਾਉਣ ਲਗ ਪਏ ਤੇ ਮੇਰਾ ਦੋਸਤ ਜਿਤ ਗਿਆ।

ਗੋਪਾਲ ਨੇ ਆ ਕੇ ਕਿਹਾ, "ਸੁਆਮੀ ਜੀ ਥਰੀਸਾ ਇਕ ਹਜ਼ਾਰ ਡੌਲਰ ਜਿੱਤ ਗਈ ਹੈ ਜਸਟਿਨ ਦਾ ਦੋਸਤ ਜਿਤ ਗਿਆ ਹੈ।"

ਮੈਂ ਤਾਂ ਦੇਖਿਆ ਨਹੀਂ। ਸੁਆਮੀ ਜੀ ਕਹਿਣ ਲੱਗੇ।

ਮੇਰੇ ਕੋਲੋਂ ਰਹਿ ਨਾ ਹੋਇਆ ਤੇ ਮੈਂ ਹਸਦਿਆਂ ਕਿਹਾ, ਤੁਸੀਂ ਹੁਣ ਥਰੀਸਾ ਨੂੰ ਇਕ ਹਜ਼ਾਰ ਡੌਲਰ ਦੇਣਾ ਹੈ।

ਜਿਵੇਂ ਹੀ ਸੁਆਮੀ ਜੀ ਕੁਝ ਕਹਿਣ ਲੱਗੇ ਸੀ ਟੀ.ਵੀ. ਤੇ ਉਹ ਸਾਰਾ ਸੀਨ ਦੁਬਾਰਾ ਦਿਖਾਇਆ ਗਿਆ। ਇਹ ਸਾਰਾ ਕੁਝ ਸੁਆਮੀ ਜੀ ਵੀ ਦੇਖ ਰਹੇ ਸੀ ਤੇ ਉਨ੍ਹਾਂ ਨੇ ਬੜੇ ਹੀ ਧਿਆਨ ਨਾਲ ਦੇਖਿਆ।

"ਠੀਕ ਹੈ।" ਸੁਆਮੀ ਜੀ ਥੋੜੇ ਗੰਭੀਰ ਹੋਕੇ ਕਹਿਣ ਲੱਗੇ, "ਮੈਂ ਇਕ ਹਜ਼ਾਰ ਡੌਲਰ ਤੁਹਾਨੂੰ ਦੇਣਾ ਹੈ।"

ਮੈਂ ਬਹੁਤ ਖੁਸ਼ ਹੋਇਆ ਤੇ ਇਹ ਖੁਸ਼ੀ ਮੈਂ ਥਰੀਸਾ ਨੂੰ ਵੀ ਦਿਖਾਈ ਤੇ ਮੈਂ ਬੜੇ ਹੀ ਸਤਿਕਾਰ ਨਾਲ ਕਿਹਾ, "ਸੋ ਬਾਬਾ ਵੀ ਇਕ ਵਾਰੀ ਹਾਰ ਹੀ ਗਿਆ, ਉਸ ਤੋਂ

ਬਾਅਦ ਸੁਆਮੀ ਜੀ ਨੇ ਕਦੇ ਵੀ ਥਰੀਸਾ ਨਾਲ ਸ਼ਰਤ ਨਹੀਂ ਲਗਾਈ (ਥਰੀਸਾ ਨੇ ਉਹ ਪੈਸੇ ਕਦੇ ਲਏ ਵੀ ਨਹੀਂ) ਭਾਵੇਂ ਸੁਆਮੀ ਜੀ ਨੂੰ ਲਗਾ ਹੋਵੇ ਕਿ ਥਰੀਸਾ ਦੇ ਸਤਾਰੇ ਬਹੁਤ ਹੀ ਚੰਗੇ ਹਨ।

ਠੰਡ ਕੁਝ ਘੱਟ ਹੋ ਗਈ ਸੀ, ਉਸਾਰੀ ਮੁੜਕੇ ਸ਼ੁਰੂ ਹੋ ਗਈ ਸੀ, ਇਮਾਰਤ ਤਿਆਰ ਹੋ ਗਈ ਸੀ ਤੇ ਵੱਡੀ ਸਾਰੀ ਪ੍ਰੈਸ ਦੀ ਮਸ਼ੀਨ ਵੀ ਆ ਗਈ ਸੀ। ਉਹ ਗੋਪਾਲ ਨੂੰ ਇਕ ਖਿਡੌਣਾ ਲਭ ਗਿਆ ਸੀ ਤੇ ਗੁਰੂ ਦੀ ਸੇਵਾ ਦਾ ਇਕ ਸਾਧਨ ਵੀ ਸੀ। ਮੈਂ ਬਹੁਤ ਹੀ ਪ੍ਰਭਾਵਿਤ ਵੀ ਹੋਇਆ ਤੇ ਬਹੁਤ ਹੈਰਾਨ ਵੀ, ਖੁਸ਼ ਵੀ। ਜਦੋਂ ਮੈਂ ਦੇਖਿਆ ਕਿ ਗੋਪਾਲ ਕਿੰਨੀ ਸ਼ਰਧਾ ਨਾਲ ਕੰਮ ਕਰ ਰਿਹਾ ਹੈ। ਉਸ ਨੇ ਆਪਣੇ ਸਾਥੀਆਂ ਨਾਲ ਲਗ ਕੇ ਕਿੰਨੇ ਛੇਤੀ ਸਾਡੀਆਂ ਪੁਸਤਕਾਂ ਤੇ ਹੋਰ ਛਪਾਈ ਦਾ ਕੰਮ ਕੀਤਾ। ਇਹ ਇਕ ਸਲਾਹਣਯੋਗ ਗੱਲ ਸੀ। ਜਦੋਂ ਵੀ ਕੋਈ ਪ੍ਰੈਸ ਦੇਖਣ ਆਉਂਦਾ ਉਸ ਕੋਲ ਸਮਾਂ ਹੁੰਦਾ, ਸਭ ਨੂੰ ਪਿਆਰ ਨਾਲ ਦਿਖਾਉਂਦਾ। ਸਾਰੀ ਮਸ਼ੀਨ ਬਾਰੇ ਦਸਦਾ। ਮੈਂ ਇਹ ਕੰਮ ਉਸ ਨੂੰ ਕਰਨ ਦਿੰਦਾ ਕਿਉਂਕਿ ਇਸ ਤਰ੍ਹਾਂ ਕਰਨਾ ਉਸ ਨੂੰ ਚੰਗਾ ਲਗਦਾ, ਭਾਵੇਂ ਕਈ ਵਾਰੀ ਉਹ ਕਈ ਪੈਰਾਗਰਾਫ ਛੱਡ ਵੀ ਜਾਂਦਾ ਤੇ ਉਹ ਅਸੀਂ ਦੁਬਾਰਾ ਕਰਦੇ।

ਇਕ ਦਿਨ ਸ਼ਾਮ ਨੂੰ ਸੁਆਮੀ ਜੀ ਕਹਿਣ ਲੱਗੇ ਕਿ ਹੌਨਜਡੇਲ ਤੋਂ ਲੈ ਕੇ ਬੈਥਨੀ ਤਕ ਜੋ ਕਿ ਨਾਲ ਦਾ ਇਕ ਪਿੰਡ ਹੈ, ਉਥੇ ਤੱਕ ਸਾਰਾ ਸਾਡਾ ਹੀ ਹੋਵੇਗਾ।

ਅਸੀਂ ਲੋਕਾਂ ਲਈ ਇਕ ਸੋਹਣਾ ਨਗਰ ਬਣਾਵਾਂਗੇ। ਜਿਥੇ ਲੋਕੀ ਰਹਿਣ ਤੇ ਸਿਖਣ। ਅਸੀਂ ਸੋਹਣੀ ਖੇਤੀ ਕਰਾਂਗੇ, ਬਿਨਾਂ ਅੰਗਰੇਜੀ ਖਾਦਾਂ ਦੀ ਵਰਤੋਂ ਦੇ। ਸਾਰਾ ਖਾਣ ਪੀਣ ਦਾ ਸਾਮਾਨ ਆਪਣਾ ਹੀ ਬਣਾਵਾਂਗੇ। ਅਸੀਂ ਆਪਣੇ ਉਦਯੋਗ ਲਗਾਵਾਂਗੇ ਘਰਾਂ ਵਿਚ ਲਘੂ ਉਦਯੋਗ ਲਗਾਵਾਂਗੇ। ਕੁਝ ਗਊਆਂ ਤੇ ਬਕਰੀਆਂ ਕਿਉਂ ਨਾ ਰਖੀਆਂ ਜਾਣ?, ਮੈਂ ਕਿਹਾ। ਸਾਡੇ ਕੋਲ ਦੁੱਧ, ਮੱਖਣ, ਪਨੀਰ ਵੀ ਹੋਵੇਗਾ। ਸਟਾਫ ਤੇ ਆਪਣੇ ਕਮਰੇ ਹੋਣਗੇ। ਇਕ ਵਾਰੀ ਪਹਿਲਾ ਵੀ ਸੁਆਮੀ ਜੀ ਨੇ ਕਿਹਾ ਸੀ ਕਿ ਪਹਾੜੀ ਦੇ ਉਪਰ ਇਕ ਸਰਾਂ ਹੋਣੀ ਚਾਹੀਦੀ ਹੈ ਜਿਹੜੀ ਕਿ ਗੇਟ ਦੇ ਨੇੜੇ ਹੀ ਸੀ, ਆਉਣ ਵਾਲੇ ਟਬਰਾਂ ਸਮੇਤ ਉਸ ਸਰਾਂ ਵਿਚ ਰਹਿ ਸਕਦੇ ਹਨ। ਇਹ ਗੱਲਾਂ ਸੁਆਮੀ ਜੀ ਉੱਚੀ ਉੱਚੀ ਕਰ ਰਹੇ ਸੀ, ਛੋਟੀਆਂ ਛੋਟੀਆਂ ਕੋਈ ਇਕ ਦੋ ਦੁਕਾਨਾਂ ਵੀ ਉਨ੍ਹਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਖੋਲੀਆਂ ਜਾ ਸਕਦੀਆਂ ਹਨ।

ਇਸ ਤਰ੍ਹਾਂ ਦਾ ਸੁਪਨਾ ਸੁਣਕੇ ਮੈਂ ਸੋਚਣ ਲੱਗ ਪਿਆ ਕਿ ਅਗਲੇ ਕੁਝ ਸਾਲ ਤਾਂ ਕੁਝ ਹੋਰ ਹੀ ਹੋਣਗੇ। ਮੈਨੂੰ ਲਗਾ ਇਹ ਸਭ ਸਚ ਹੈ। ਮੈਂ ਆਪਣੇ ਦਿਮਾਗ ਵਿਚ ਸੋਚਦਾ ਰਿਹਾ ਕਿ ਜੇ ਮੈਂ ਸੁਆਮੀ ਜੀ ਦੀ ਥਾਂ ਹੋਵਾਂ ਐਨੀ ਵੱਡੀ ਜਾਇਦਾਦ ਤੇ ਜਿਹੜਾ ਕੰਮ ਅਸੀਂ ਕਰ ਰਹੇ ਹਾਂ ਭਾਵ ਸੰਪੂਰਣ ਇਲਾਜ ਸਰੀਰ ਨੂੰ ਹਰ ਪੱਖ ਤੋਂ ਦੇਖਕੇ ਨਰੀਖਣ ਕਰਕੇ ਫੇਰ ਯੋਗਾ, ਦਵਾਈਆਂ ਦੇਸੀ ਤੇ ਅੰਗਰੇਜੀ ਜਿਹੜੀ ਠੀਕ ਹੋਵੇ ਉਸ ਰਾਹੀਂ ਇਲਾਜ। ਇਹ ਸੁਆਮੀ ਜੀ ਦੀ ਬਹੁਤ ਹੀ ਵੱਡੀ ਦੇਣ ਹੈ। ਸਾਨੂੰ ਬਹੁਤ ਉਚੇ ਪਹੁੰਚ ਜਾਣਾ ਚਾਹੀਦਾ ਹੈ। ਸਾਨੂੰ ਸਭ ਨੂੰ ਕੰਮ ਕਰਨ ਦੀ ਲਗਨ ਸੀ ਉਤਸ਼ਾਹ ਸੀ, ਸ਼ਰਧਾ ਸੀ ਸਭ ਕੰਮ ਕਰਨਾ ਚਾਹੁੰਦੇ ਸੀ। ਹੌਨਜ਼ਡੇਲ ਹੋਰ ਬਹੁਤੇ ਲੋਕ ਆ ਕੇ ਕੰਮ ਕਰਨ ਨੂੰ ਵੀ ਤਿਆਰ ਸੀ। ਵੱਖ ਵੱਖ ਅਹੁਦਿਆਂ ਤੇ ਲੋਕੀ ਆਉਣਾ ਚਾਹੁੰਦੇ ਸੀ। ਆਪਣੇ ਆਪਣੇ ਖੇਤਰ ਵਿਚ ਕੰਮ ਕਰਨ ਲਈ ਉਹ ਬਹੁਤ ਹੀ ਉਤਾਵਲੇ ਸੀ। ਵਧੇਰੇ ਪਰਿਵਾਰ ਆਕੇ ਰਹਿਣਾ ਚਾਹੁੰਦੇ ਸੀ। ਕਾਲਜ ਪੂਰਾ ਹੋਕੇ ਸ਼ੁਰੂ ਹੋਣ ਵਾਲਾ ਸੀ। ਵਧੇਰੇ ਵਿਦਿਆਰਥੀ ਆਉਣਾ ਚਾਹੁੰਦੇ ਸੀ। ਸ਼ਿਕਾਗੋ ਦੇ ਇਕ ਦੰਪਤੀ ਨੇ ਸਾਡੇ ਲਈ ਚੰਗੀ ਗਰਾਂਟ ਲੈ ਕੇ ਦਿੱਤੀ ਉਹਡਾਨਾ ਫਾਊਂਡੇਸ਼ਨ ਤੋਂ। ਸੁਆਮੀ ਜੀ ਨੇ ਪੂਰੀ ਪ੍ਰਯੋਗਸ਼ਾਲਾ ਉਨ੍ਹਾਂ ਦੇ ਨਾਂ ਤੇ ਹੀ ਸਮਰਪਣ ਕਰ ਦਿੱਤੀ। ਸੁਆਮੀ ਜੀ ਇਹ ਮਹਿਸੂਸ ਕਰ ਰਹੇ ਸੀ ਕਿ ਸੰਸਥਾ ਦਾ ਭਵਿੱਖ ਹੁਣ ਸੁਰਖਿਅਤ ਹੈ।

ਜਦੋਂ ਇਸ ਸਭ ਕੁਝ ਦੀ ਯੋਜਨਾ ਹੋ ਰਹੀ ਸੀ, ਇਸ ਸਭ ਕੁਝ ਦੀ ਆਸ ਕੀਤੀ ਜਾ ਰਹੀ ਸੀ, ਇਕ ਦਮ ਇਕ ਹਵਾ ਬਦਲ ਗਈ। ਆਸ਼ਰਮ ਵਿਚ ਰਹਿਣ ਵਾਲਿਆਂ ਦਾ ਅਦਲ ਬਦਲ ਦੀ ਗਲ ਹੋ ਗਈ। ਥਰੀਸਾ ਤੇ ਮੈਂ ਸਾਨੂੰ ਨਵੇਂ ਆਏ ਗਭਰੂ ਸਦਾ ਹੀ ਬੜੇ ਓਪਰੇ ਲਗਦੇ, ਉਹ ਸਦਾ ਹੀ ਕਹਿੰਦੇ ਅਸੀਂ ਗ੍ਰਹਿਸਤੀ ਹਾਂ। ਸਾਨੂੰ ਕਹਿੰਦੇ ਤੁਸੀਂ ਯੋਗੀ ਕਿਵੇਂ ਹੋ ਸਕਦੇ ਹੋ? ਸੰਸਥਾ ਦੇ ਅਰੰਭ ਤੋਂ ਕੁਝ ਸਾਲਾਂ ਵਿਚ ਹੀ ਬ੍ਰਹਮਚਾਰੀ ਜੀਵਨ ਸੰਸਥਾ ਤੋਂ ਖਤਮ ਹੁੰਦਾ ਦੇਖਿਆ ਕਿਉਂਕਿ ਸੁਆਮੀ ਜੀ ਆਪ ਹੀ ਸਾਰਿਆਂ ਨੂੰ ਵਿਆਹ ਕਰਾਉਣ ਲਈ ਉਤਸ਼ਾਹ ਦਿੰਦੇ, ਜਿਧਰ ਦੇਖੋ ਵਿਆਹ, ਜਿਧਰ ਦੇਖੋ ਵਿਆਹ ਤੇ ਛੇਤੀ ਸਾਰੀ ਸੰਸਥਾ ਦੰਪਤੀ ਭਰਪੂਰ ਹੋ ਗਈ। ਸਾਰੇ ਮਕਾਨ ਜਿਹੜੇ ਬਣੇ ਸੀ ਭਰ ਗਏ। ਜਸਟਿਨ ਯੋਗੀ ਹੈ ਥਰੀਸਾ ਯੋਗੀ ਹੈ ਇਸ ਬਾਰੇ ਪ੍ਰਸ਼ਨ ਉਠਣੇ ਸ਼ੁਰੂ ਹੋ ਗਏ, ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋਣ ਲੱਗ ਪਈਆਂ। ਇਹ ਪ੍ਰਸ਼ਨ ਉਠਿਆ ਕਿ ਅਸੀਂ ਪੂਰੀ ਤਰ੍ਹਾਂ ਗ੍ਰਹਿਸਤੀ ਯੋਗੀ ਨਹੀਂ ਕਿਉਂਕਿ ਸਾਡੇ ਬੱਚੇ ਨਹੀਂ ਹਨ।

ਇਸ ਸਾਰੇ ਰੋਲੇ ਗੌਲੇ ਵਿਚ ਇਕ ਨਵੇਂ ਮੈਂਬਰ ਭਾਰਤ ਤੋਂ ਪਹੁੰਚੇ ਤੇ ਉਹ ਸੰਸਥਾ ਵਿਚ ਆਏ ਉਨ੍ਹਾਂ ਦਾ ਨਾ ਸੀ

ਪੰਡਤ ਰਾਜਮਨੀ ਤ੍ਰਿਗੁਣੇਤ। ਇਹ ਸੁਆਮੀ ਜੀ ਨੂੰ ਥੋੜੇ ਸਾਲ ਪਹਿਲਾਂ ਹੀ ਮਿਲੇ ਸੀ ਤੇ ਸੁਆਮੀ ਜੀ ਨੇ ਕਿਹਾ ਸੀ ਕਿ ਇਹ ਆਕੇ ਸੁਆਮੀ ਜੀ ਨਾਲ ਕੰਮ ਕਰਨਗੇ। ਪਹਿਲਾਂ ਤਾਂ ਇਹ ਡਾ. ਆਰੀਆ ਨਾਲ ਰਹੇ ਤੇ ਫੇਰ ਹੌਲਜਡੇਲ। ਜਦੋਂ ਤੋਂ ਮੈਂ ਪਹਿਲੀ ਵਾਰ ਉਨ੍ਹਾਂ ਨੂੰ ਮਿਲਿਆ ਮੈਂ ਬੜਾ ਪ੍ਰਭਾਵਿਤ ਹੋਇਆ। ਬੜਾ ਉਤਸ਼ਾਹ, ਬੁਧੀਮਾਨ ਤੇ ਹਾਸੇ ਵਾਲਾ ਸੁਭਾਅ। ਇਸ ਤਰ੍ਹਾਂ ਹੀ ਲਗਦਾ ਸੀ ਕਿ ਇਹ ਬਹੁਤ ਤਰੱਕੀ ਕਰਨਗੇ ਤੇ ਸੰਸਥਾ ਨੂੰ ਉਚਾ ਲੈ ਜਾਣਗੇ। ਥਰੀਸਾ ਨੇ ਉਨ੍ਹਾਂ ਦੀ ਸੇਵਾ ਕੀਤੀ। ਕਈ ਵਾਰੀ ਅਮਰੀਕਨ ਅੰਗਰੇਜੀ ਸਮਝਣ ਵਿਚ ਸਹਾਇਤਾ ਕੀਤੀ। ਸੰਸਥਾ ਦੇ ਨਵੇਂ ਨਵੇਂ ਕੰਮ ਸਮਝਾਏ ਤੇ ਥੋੜੀ ਦੇਰ ਵਿਚ ਪੰਡਤ ਜੀ ਦਾ ਵੀ ਵਿਆਹ ਹੋ ਗਿਆ।

ਥਰੀਸਾ ਦੀਆਂ ਤੇ ਮੇਰੀਆਂ ਡਿਊਟੀਆਂ ਹੋਰ ਵਧ ਗਈਆਂ। ਥਰੀਸਾ ਟਾਈਪ ਕਰੇ, ਸੁਆਮੀ ਜੀ ਦੇ ਕੱਪੜੇ ਸੀਏ, ਧੋਵੇ। ਸੁਆਮੀ ਜੀ ਲਈ ਪਰਸ਼ਾਦਾ ਤਿਆਰ ਕਰੇ, ਸੁਆਮੀ ਜੀ ਤੋਂ ਡਿਕਟੇਸ਼ਨ ਲਵੇ, ਚਿੱਠੀਆਂ ਲਿਖੇ, ਫੁੱਲ ਲਗਾਵੇ, ਬਗੀਚਾ ਦੇਖੇ। ਮੈਂ ਨਿਊਯਾਰਕ ਜਾ ਕੇ ਪੜ੍ਹਾਉਂਦਾ ਸੀ, ਸਾਡੀਆਂ ਬਹੁਤ ਸਾਰੀਆਂ ਸੰਸਥਾਵਾਂ ਹੋਰ ਥਾਵਾਂ ਤੇ ਵੀ ਬਣ ਗਈਆਂ ਸੀ ਉਹ ਵੀ ਦੇਖਣੀਆਂ। ਥਰੀਸਾ ਦਾ ਤੇ ਮੇਰਾ ਮੇਲ ਬਹੁਤ ਹੀ ਘੱਟ ਹੁੰਦਾ। ਆਉਂਦੇ ਜਾਂਦੇ ਰਸਤੇ ਵਿਚ ਜਾਂ ਕਦੀ ਥੋੜੀ ਦੇਰ ਲਈ ਸੁਆਮੀ ਜੀ ਦੇ ਕਮਰੇ ਵਿਚ ਮਿਲ ਗਏ। ਰਾਤ ਨੂੰ ਥੱਕੇ ਟੁੱਟੇ ਆਪਣੇ ਕਮਰੇ ਵਿਚ ਆਉਣਾ ਤੇ ਸੌਂ ਜਾਣਾ।

ਜਦੋਂ ਮੈਂ ਨਿਊਯਾਰਕ ਸੀ ਇਕ ਦਿਨ ਦੁਪਹਿਰ ਵੇਲੇ ਮੈਂ ਦੌੜ ਲਗਾਉਣ ਗਿਆ। ਮੈਂ ਦੇਖਿਆ ਹਰ ਇਕ ਦੇ ਚਿਹਰੇ ਤੇ ਤਨਾਅ ਸੀ, ਹਰ ਕੋਈ ਛੇਤੀ ਵਿਚ ਕਾਹਲ ਵਿਚ ਸੀ। ਮੈਨੂੰ ਵਿਚਾਰ ਆਇਆ ਜੇ ਇਨ੍ਹਾਂ ਨੂੰ ਯੋਗਾ ਰਾਹੀਂ ਸੁਆਸ ਵਿਗਿਆਨ ਦਸਿਆ ਜਾਵੇ ਇਹ ਸਾਰੇ ਠੀਕ ਹੋ ਜਾਣਗੇ। ਮੈਂ ਦੌੜਨ ਤੇ ਕੋਈ ਪੁਸਤਕ ਦੇਖਣ ਲਗ ਪਿਆ। ਮੈਂ ਸੋਚਿਆ ਦੌੜਨ ਬਾਰੇ ਪੁਸਤਕਾਂ ਨੂੰ ਪੜ੍ਹਨਾ ਤੇ ਸਖਾਉਣਾ ਕਾਫੀ ਹਾਸੋਹੀਣਾ ਹੋ ਸਕਦਾ ਹੈ, ਨਾਲੇ ਮੈਂ ਸੋਚਿਆ, ਮੈਂ ਆਪਣੀ ਮਨ ਭਾਉਂਦੀ ਖੇਡ ਤੇ ਖੋਜ ਵੀ ਕਰ ਸਕਾਂਗਾ। ਸੋ ਜਨਵਰੀ ਵਿਚ ਮੈਂ ਸੇਵਾ ਮੁਕਤ ਹੋ ਗਿਆ। ਅਗਲੇ ਨੌਂ ਮਹੀਨੇ ਮੈਂ ਸੁਆਸਾਂ ਦਾ ਵਿਗਿਆਨ ਤੇ ਦੌੜਨ ਬਾਰੇ ਦਸਣਾ ਸ਼ੁਰੂ ਕੀਤਾ। ਥਰੀਸਾ ਨੇ ਮੇਰੇ ਦੌੜਨ ਲਈ ਇਕ ਸੂਟ ਵੀ ਬਣਾ ਕੇ ਦਿੱਤਾ ਜਿਹੜਾ ਕਿ ਉਸ ਨੂੰ ਬਹੁਤ ਤੰਗ ਮਹਿਸੂਸ ਹੁੰਦਾ ਸੀ ਪਰ ਮੈਨੂੰ ਤਾਂ ਠੀਕ ਹੀ ਲਗਦਾ ਸੀ।

ਅਕਤੂਬਰ ਤਕ ਮੈਂ ਆਪਣੇ ਦੌੜਨ ਦੇ ਸਿਧਾਂਤਾ ਦਾ ਨਰੀਖਣ ਕਰਾਇਆ। ਮੈਂ ਸੱਤ ਮਿੰਟ ਵਿਚ ਇਕ ਮੀਲ ਦੌੜਦਾ, ਇਕ ਘੰਟਾ ਦੌੜਦਾ ਤੇ ਮੂੰਹ ਨਾ ਖੋਲਦਾ। ਮੇਰੇ ਸਵਾਸ ਲੈਣ ਦੀ ਰੇਸ਼ੋ 2-1 ਦੀ ਹੁੰਦੀ। ਜਿਹੜੀ ਮੇਰੇ ਦੌੜਨ ਦੇ ਕਦਮਾਂ ਦੇ ਨਾਲ ਨਾਲ ਹੁੰਦੀ। ਲੋਕੀ ਦੇਖ ਕੇ ਹੈਰਾਨ ਰਹਿ ਗਏ। ਜਦੋਂ ਮੈਂ ਦੌੜ ਕੇ ਉਨ੍ਹਾਂ ਦੇ ਸਾਹਮਣੇ ਆਕੇ ਖੜਾ ਹੋਇਆ। ਮੇਰਾ ਸਾਹ ਬਿਲਕੁਲ ਨਿਯੰਤਰਣ ਵਿਚ ਸੀ ਜ਼ਰਾ ਵੀ ਤੇਜ ਜਾ ਉਖੜਿਆ ਹੋਇਆ ਨਹੀਂ ਸੀ। ਕੋਈ ਇਹ ਮਹਿਸੂਸ ਹੀ ਨਹੀਂ ਸੀ ਕਰ ਸਕਦਾ ਕਿ ਮੈਂ ਇਹ ਘੰਟਾ ਦੋੜਕੇ ਆਇਆ ਹਾਂ। ਇਸ ਤਰ੍ਹਾਂ ਨਾਲ ਪਹਿਲਾਂ ਦੇਖ ਕੇ, ਟੈਸਟ ਕਰਕੇ ਹੀ ਮੈਂ ਪੁਸਤਕ ਦਾ ਇਕ ਅਧਿਆਇ ਲਿਖਿਆ "ਦੌੜਨਾ ਤੇ ਸਾਹ ਲੈਣਾ।"

ਮੈਂ ਮਹਿਸੂਸ ਕੀਤਾ ਕਿ ਸਭ ਕੁਝ ਠੀਕ ਹੈ। ਹਰ ਇਕ ਚੀਜ਼ ਉਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਕੋਲ ਥਾਂ ਹੈ ਸਮਾਨ ਹੈ, ਸਭ ਤੋਂ ਵੱਧ ਲੋੜੀਂਦੀ ਚੀਜ਼ ਉਤਸ਼ਾਹ ਭਰਪੂਰ ਲੋਕ ਸੱਜਣ ਹਨ। ਸਾਰੇ ਵਰਗਾਂ ਦੇ ਸੱਜਣ ਹਨ ਤੇ ਸਾਡੇ ਕੋਲ ਢੁਕਵੇਂ ਤੇ ਠੀਕ ਪੜੇ ਲਿਖੇ ਸੱਜਣ ਹਨ। ਜਿਹੜੇ ਸਾਡੇ ਸੁਪਨੇ ਸਾਕਾਰ ਕਰ ਸਕਦੇ ਹਨ। ਸੁਪਨੇ ਕੋਈ ਵੀ ਕਿਉਂ ਨਾ ਹੋਣ ਉਹ ਕਈ ਤਰ੍ਹਾਂ ਦੇ ਫਲ ਦੇ ਸਕਦੇ ਹਨ। ਬਹੁਤ ਵਾਰੀ ਸਾਰੇ ਠੀਕ ਵੀ ਨਹੀਂ ਹੁੰਦੇ। ਮੈਂ ਨਹੀਂ ਸੀ ਜਾਣਦਾ ਕਿ ਇਥੇ ਹੋਰ ਤਰ੍ਹਾਂ ਦੇ ਵਿਰੋਧੀ ਤੱਤੂ ਦੇ ਬੀਜ ਵੀ ਫੁੱਟ ਰਹੇ ਹਨ। ਜਿਹੜੇ ਸਭ ਕੁਝ ਜੋ ਵੀ ਸਕਾਰਾਤਮਕ ਹੈ ਉਸ ਨੂੰ ਖਦੇੜ ਦੇਣਗੇ। ਜੋ ਕੁਝ ਵੀ ਸਵਾਮੀ ਜੀ ਦੀ ਸਰਪਰਸਤੀ ਵਿਚ ਸ਼ੁਰੂ ਹੋਇਆ ਹੈ, ਉਹ ਖਤਮ ਹੋ ਜਾਵੇਗਾ।

***'ਚਲਦਾ'***

# ਅਨੰਦਮਈ ਜੀਵਨ ਜਾਂਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ ਨੌਵਾਂ
## ਪਿਆਰ ਦੇ ਰਿਸ਼ਤੇ ਤੇ ਅਧਿਆਤਮਵਾਦ

ਬੜੇ ਖੇਦ ਦੀ ਗੱਲ ਹੈ ਕਿ ਕੁਝ ਲੋਕ ਇਹ ਮਹਿਸੂਸ ਕਰਦੇ ਹਨ ਕਿ ਆਤਮ ਮਾਰਗ ਤੇ ਚੱਲਣ ਲਈ ਉਨ੍ਹਾਂ ਨੂੰ ਘਰ ਬਾਹਰ ਛੱਡ ਦੇਣਾ ਚਾਹੀਦਾ ਹੈ। ਆਪਣੇ ਪਰਿਵਾਰ ਛੱਡ ਕੇ ਕਿਧਰੇ ਹੋਰ ਚਲੇ ਜਾਣਾ ਚਾਹੀਦਾ ਹੈ। ਇਹ ਕਦੀ ਵੀ ਨਾ ਤਾਂ ਜ਼ਰੂਰੀ ਹੈ ਤੇ ਨਾ ਹੀ ਸਹਾਕਿ ਹੁੰਦਾ ਹੈ। ਜੇ ਤੁਸੀਂ ਆਤਮ ਮਾਰਗ ਤੇ ਚਲਕੇ ਤਰੱਕੀ ਕਰਨੀ ਚਾਹੁੰਦੇ ਹੋ, ਜਿਥੇ ਹੋ ਉਥੇ ਹੀ ਰਹੋ, ਜੀਵਨ ਜਾਂਚ ਸਿਖੋ, ਆਪਣੇ ਪਰਿਵਾਰ ਵਿਚ ਰਹਿਣ ਦੀ ਜਾਂਚ ਸਿਖੋ, ਉਨ੍ਹਾਂ ਵਿਚ ਰਹੋ।

ਤੁਸੀਂ ਬਹੁਤ ਵਾਰੀ ਆਪਣੀ ਸ਼ਕਤੀ ਇਧਰ ਉਧਰ ਦੇ ਜੀਵਨ ਤਰੀਕਿਆਂ ਵਿਚ ਲਗਾ ਦਿੰਦੇ ਹੋ, ਗੱਪ ਸ਼ਪ ਮਾਰਕੇ, ਦੂਸਰਿਆਂ ਨੂੰ ਖਾਹਮਖਾਹ ਨਫਰਤ ਕਰਕੇ, ਦੂਸਰਿਆਂ ਨਾਲ ਦੁਸ਼ਮਨੀ ਪਾਕੇ, ਈਰਖਾ ਕਰਕੇ, ਇਹ ਸਾਰੀਆਂ ਤੁਹਾਡੀ ਸ਼ਖਸੀਅਤ ਦੀਆਂ ਬੁਰੀਆਂ ਆਦਤਾਂ ਬਣ ਜਾਂਦੀਆਂ ਹਨ। ਜਦੋਂ ਤੁਸੀਂ ਆਪਣੇ ਵਿਅਕਤਿਤ੍ਵ ਨੂੰ ਸੋਦਣ ਲਗਦੇ ਹੋ, ਬਦਲਣ ਲਗਦੇ ਹੋ, ਉਸ ਵਿਚ ਸਭ ਤੋਂ ਪਹਿਲਾਂ ਤੁਹਾਡੀਆਂ ਆਦਤਾਂ ਹੀ ਆਉਂਦੀਆਂ ਹਨ, ਆਦਤਾਂ ਹੀ ਸਭ ਤੋਂ ਵਧ ਮਹੱਤਵਪੂਰਨ ਹਨ, ਸਭ ਤੋਂ ਪਹਿਲਾਂ ਤੁਹਾਨੂੰ ਆਪਣੀਆਂ ਮਾਨਸਿਕ ਆਦਤਾਂ ਨੂੰ ਜਾਣ ਲੈਣਾ ਚਾਹੀਦਾ ਹੈ, ਸਮਝ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕੋਈ ਔਖਾ ਨਹੀਂ, ਵਾਸਤਵ ਵਿਚ ਬਹੁਤ ਸੌਖਾ ਹੈ।

ਰੋਜ਼ ਦੇ ਜੀਵਨ ਵਿਚ, ਦੇਖਣ ਵਿਚ ਸੰਵੇਦਨਤਾ ਵਿਚ ਤੁਸੀਂ ਆਮ ਤੌਰ ਤੇ ਬਾਹਰ ਵੱਲ ਹੀ ਧਿਆਨ ਦਿੰਦੇ ਹਾਂ, ਬਾਹਰ ਵੱਲ ਵਧੇਰੇ ਕੇਂਦਰਿਤ ਰਹਿੰਦੇ ਹਾਂ, ਆਪਣੇ ਲਈ ਆਪਣੇ ਵਿਅਕਤਿਤ੍ਵ ਵੱਲ ਕੋਈ ਧਿਆਨ ਨਹੀਂ ਦਿੰਦੇ। ਖੇਦ ਦੀ ਗੱਲ ਹੈ ਸਭ ਤੋਂ ਪਹਿਲਾਂ ਜੋ ਤੁਸੀਂ ਸਿਖਦੇ ਹੋ ਉਹ ਹੈ ਦੂਸਰਿਆਂ ਨੂੰ ਦੇਖਣਾ। ਉਨ੍ਹਾਂ ਨੂੰ ਜਾਂਚਣਾ, ਤੁਸੀਂ ਦੇਖਦੇ ਹੋ ਤੁਹਾਡਾ ਸਾਥੀ ਕਿਵੇਂ ਉਠਦਾ ਬੈਠਦਾ ਹੈ, ਕਿਵੇਂ ਗੱਲ ਬਾਤ ਕਰਦਾ ਹੈ, ਕਿਵੇਂ ਹਰ ਚੀਜ਼ ਨੂੰ ਮਹਿਸੂਸ ਕਰਦਾ ਹੈ। ਤੁਸੀਂ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਤੁਸੀਂ ਕੀ ਸੋਚਦੇ ਹੋ, ਕਿਵੇਂ ਸੋਚਦੇ ਹੋ, ਕਿਵੇਂ ਉਠਦੇ ਬੈਠਦੇ ਹੋ, ਕਿਵੇਂ ਬੋਲਦੇ ਹੋ? ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਤੁਹਾਡੀ ਸਾਰੀ ਸ਼ਕਤੀ ਬਾਹਰੀ ਹੋ ਜਾਂਦੀ ਹੈ। ਤੁਹਾਡਾ ਸਾਰਾ ਧਿਆਨ ਹੀ ਬਾਹਰੀ ਹੋ ਜਾਂਦਾ ਹੈ। ਫੇਰ ਤੁਸੀਂ ਆਪਣੀਆਂ ਨਿਖੇਦੀ ਦੀਆਂ ਆਦਤਾਂ ਨੂੰ ਸੁਧਾਰਨ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਬਾਹਰੀ ਸੰਸਾਰ ਵਿਚ ਸਭ ਕੁਝ ਚਲਾਇਮਾਨ ਹੈ। ਸਭ ਕੁਝ ਨਾਸ਼ਵਾਨ ਹੈ ਕੋਈ ਵੀ ਚੀਜ਼ ਅਜਰ, ਅਮਰ, ਅਟਲ ਨਹੀਂ ਹੈ। ਤੁਸੀਂ ਇਸੇ ਸੰਸਾਰ ਵਿਚ ਰਹਿਣਾ ਹੈ ਏਥੇ ਹੀ ਰਹਿ ਕੇ ਸਭ ਕੁਝ ਕਰਨਾ ਹੈ। ਤੁਸੀਂ ਆਪਣੇ ਆਪ ਨੂੰ ਜਾਨਣਾ ਹੀ ਹੈ ਆਪਣੇ ਆਪ ਨੂੰ ਸਮਝਣਾ ਹੀ ਹੈ। ਜੇ ਤੁਸੀਂ ਆਪਣੇ ਆਪ ਨੂੰ ਨਹੀਂ ਸਮਝੋਗੇ ਤੁਸੀਂ ਦੂਸਰਿਆਂ ਨੂੰ ਸਮਝ ਹੀ ਨਹੀਂ ਸਕਦੇ। ਜੇ ਤੁਸੀਂ ਆਪਣੇ ਆਪ ਨੂੰ ਸੋਧਣਾ ਚਾਹੁੰਦੇ ਹੋ, ਆਪਾ ਚੀਨਣਾ ਚਾਹੁੰਦੇ ਹੋ, ਬਦਲਣਾ ਚਾਹੁੰਦੇ ਹੋ, ਕਦੀ ਵੀ ਇਹ ਨਾ ਕਰੋ ਕਿ ਦੂਸਰਿਆਂ ਨੂੰ ਸੁਧਾਰਣ ਦੀ ਕੋਸ਼ਿਸ਼ ਕਰੋ, ਦੂਸਰਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰੋ।

ਤੁਹਾਡੇ ਦੇਸ਼ ਵਿਚ ਜਦੋਂ ਨੌਜਵਾਨ ਵਿਆਹ ਕਰਾਉਂਦੇ ਹਨ ਉਨ੍ਹਾਂ ਦੀ ਮਨੋਬਿਰਤੀ ਹੀ ਵਿਆਹ ਲਈ ਠੀਕ ਨਹੀਂ ਹੁੰਦੀ, ਸਕਾਰਆਤਮਕ ਨਹੀਂ ਹੁੰਦੀ। ਤੁਸੀਂ ਇਹ ਗੱਲ ਹੀ ਨਹੀਂ ਸਮਝਦੇ ਕਿ ਤੁਸੀਂ ਕਿਉਂ ਵਿਆਹ ਕਰਾਉਣਾ ਚਾਹੁੰਦੇ ਹੋ? ਤੁਸੀਂ ਕਹਿੰਦੇ ਹੋ ਕਿ ਦੂਸਰਿਆਂ ਦੀ ਸਹਾਇਤਾ ਕਰਨਾ ਚਾਹੁੰਦੇ ਹੋ, ਪਰ ਇਹ ਨਹੀਂ ਹੈਂ ਤੁਸੀਂ ਆਪਣੇ ਪ੍ਰਤੀ ਹੀ ਸੱਚੇ ਨਹੀਂ ਹੋ। ਤੁਸੀਂ ਆਪਣੇ ਆਪ ਨੂੰ ਹੀ ਨਹੀਂ ਸਮਝਦੇ। ਸ਼ੁਰੂ ਤੋਂ ਹੀ ਵਿਆਹ ਕੀ ਹੈ? ਵਿਆਹ ਦੀ ਕੀ ਲੋੜ ਹੈ? ਇਹ ਰਵਾਇਤ ਸਮਾਜ ਵਿਚ ਕਿਸ ਲਈ ਪਾਈ ਗਈ ਹੈ ਕੋਈ ਵੀ ਨਾ ਇਸ ਗੱਲ ਨੂੰ ਸਮਝਦਾ ਹੈ, ਨਾ ਹੀ ਜਾਨਣ ਦੀ ਕੋਈ ਕੋਸ਼ਿਸ਼ ਕਰਦਾ ਹੈ। ਏਸੇ ਕਾਰਣ ਕਰਕੇ ਤੁਸੀਂ ਵਿਆਹ ਨੂੰ ਕਾਮਯਾਬ ਬਨਾਉਣ ਬਾਰੇ ਸਮਝਦੇ ਹੀ ਨਹੀਂ।

ਵਿਆਹ ਆਪਣੇ ਆਪ ਵਿਚ ਇਕ ਬਹੁਤ ਹੀ ਸ੍ਰੇਸ਼ਠ ਅਨੁਭਵ ਹੈ, ਇਹ ਇਕ ਉਹ ਨੀਤੀ ਹੈ ਦਸਤੂਰ ਹੈ ਜਿਸ ਨੂੰ ਸਤਿਕਾਰਿਆ ਜਾਣਾ ਚਾਹੀਦਾ ਹੈ, ਸਨਮਾਨਿਆ ਜਾਣਾ ਚਾਹੀਦਾ ਹੈ। ਜਿਸ ਨੂੰ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਵਿਆਹ ਤੋਂ ਭਾਵ ਹੈ ਸਚੇ ਪਿਆਰ ਦਾ ਇਕ ਧੁਰਾ, ਉਹ ਬਿੰਦੂ ਜਿਥੋਂ ਸਾਰਿਆਂ ਨੂੰ ਪਿਆਰ ਮਿਲੇ। ਦੁਰਭਾਗ ਇਸ ਗੱਲ ਦਾ ਹੈ ਕਿ ਅੱਜ ਦੇ ਸਮੇਂ ਵਿਆਹ ਇਕ ਨਫਰਤ ਦਾ ਬਿੰਦੂ ਬਣਕੇ ਰਹਿ ਗਿਆ ਹੈ। ਵਾਸਤਵ ਵਿਚ ਦੋ ਮੂਲ ਸਿਧਾਂਤ ਹਨ ਜਿਨ੍ਹਾਂ ਤੇ ਜੀਵਨ ਨਿਰਭਰ ਹੈ। ਇਕ ਹੈ 'ਕੇਂਦਰਤ ਕਰਨ ਦਾ ਸਿਧਾਂਤ', ਦੂਸਰਾ ਹੈ

'ਵਿਸਤ੍ਰਿਤ ਹੋਣ ਦਾ ਸਿਧਾਂਤ'। ਸਮਝਣ ਦੀ ਲੋੜ ਹੈ ਕਿ ਇਹ ਸਿਧਾਂਤ ਆਤਮ ਮਾਰਗ ਤੇ ਕਿਵੇਂ ਕੰਮ ਕਰਦੇ ਹਨ। ਦੂਸਰਾ ਇਹ ਕਿ ਤੁਹਾਡੇ ਪਰਵਾਰਿਕ ਜੀਵਨ ਵਿਚ ਕਿਵੇਂ ਕੰਮ ਆਉਂਦੇ ਹਨ?

ਜਦੋਂ ਅਸੀਂ ਅਧਿਆਤਮਵਾਦ ਦੀ ਗੱਲ ਕਰਦੇ ਹਾਂ ਤੁਸੀਂ ਕਹਿੰਦੇ ਹੋ ਕਿ ਤੁਸੀਂ ਆਪਣੀ ਸਖਸ਼ੀਅਤ ਨੂੰ ਆਪਣੀ ਚੇਤਨਤਾ ਨੂੰ ਵਧਾਉਣਾ ਚਾਹੁੰਦੇ ਹੋ। ਵਿਸਤ੍ਰਿਤ ਕਰਨਾ ਚਾਹੁੰਦੇ ਹੋ, ਪਰ ਵਾਸਤਵ ਵਿਚ ਤੁਸੀਂ ਕਰ ਇਸ ਤੋਂ ਵਿਪਰੀਤ ਰਹੇ ਹੋ, ਤੁਸੀਂ ਤਾਂ ਕੇਂਦਰਤ ਹੋ ਰਹੇ ਹੋ, ਤੁਸੀਂ ਆਪਣੀ ਬਿਰਤੀ ਵਿਚ ਕੇਂਦਰਤ ਹੋ ਰਹੇ ਹੋ ਆਪਣੇ ਵਿਹਾਰ ਵਿਚ ਕੇਂਦਰਤ ਹੋ ਰਹੇ ਹੋ। ਤੁਸੀਂ ਆਪਣੇ ਆਪ ਨੂੰ ਕੇਵਲ ਇਕ ਵਿਅਕਤੀ ਹੀ ਸਮਝਦੇ ਹੋ, ਤੁਸੀਂ ਆਪਣੀ ਸਖਸ਼ੀਅਤ ਨੂੰ ਕੇਂਦਰਤ ਕਰਦੇ ਰਹਿੰਦੇ ਹੋ ਤੇ ਸੁਆਰਥੀ ਬਣਦੇ ਚਲੇ ਜਾਂਦੇ ਹੋ। ਜਦੋਂ ਤੁਸੀਂ ਵਿਕਸਿਤ ਹੋਣ ਦਾ ਸਿਧਾਂਤ ਲਾਗੂ ਕਰਦੇ ਹੋ, ਤੁਸੀਂ ਮਹਿਸੂਸ ਕਰਦੇ ਹੋ ਤੁਸੀਂ ਵਿਸ਼ਵ ਦੇ ਇਕ ਹਿੱਸੇ ਹੋ। ਇਹ ਮਹਿਸੂਸ ਕਰਨਾ ਏਥੇ ਪਹੁੰਚਣਾ ਹੀ ਤੁਹਾਡਾ ਟੀਚਾ ਹੋਣਾ ਚਾਹੀਦਾ ਹੈ ਤੁਹਾਡਾ ਗੋਲ ਹੋਣਾ ਚਾਹੀਦਾ ਹੈ। ਜੇ ਤੁਸੀਂ ਮਰਦੇ ਦਮ ਤੱਕ ਇਕੱਲੇ ਹੀ ਆਪਣੇ ਆਪ ਵਿਚ ਹੀ ਰਹੇ, ਇਸ ਤੋਂ ਭਾਵ ਹੈ ਤੁਹਾਡਾ ਵਿਸਥਾਰ ਨਹੀਂ ਹੋਇਆ, ਤੁਸੀਂ ਆਪਣਾ ਜੀਵਨ ਆਪਣਾ ਸਮਾ ਬੇਅਰਥ ਗੁਆ ਦਿੱਤਾ ਹੈ। ਇਸ ਤਰ੍ਹਾਂ ਕਰਨ ਨਾਲ ਜਿਹੜਾ ਅਨੰਦ ਤੁਸੀਂ ਲਿਆ ਹੀ ਉਹ ਕੇਵਲ ਤੁਹਾਡੇ ਤੱਕ ਹੀ ਰਹਿ ਜਾਂਦਾ ਹੈ। ਤੁਹਾਡੇ ਆਪਣੇ ਸੁਆਰਥ ਤੱਕ ਹੀ ਰਹਿ ਜਾਂਦਾ ਹੈ, ਤੁਸੀਂ ਕਦੀ ਜੀਵਨ ਮਨੋਰਥ ਨੂੰ ਸਮਝ ਹੀ ਨਹੀਂ ਸਕਦੇ, ਜਾਣ ਹੀ ਨਹੀਂ ਸਕਦੇ, ਇਹ ਵੀ ਨਹੀਂ ਸਮਝ ਸਕਦੇ ਕਿ ਰਿਸ਼ਤੇ, ਸੰਬੰਧ ਕਿਵੇਂ ਤੁਹਾਡੀ ਸਖਸ਼ੀਅਤ ਨੂੰ ਵਿਸਤ੍ਰਿਤ ਕਰਦੇ ਹਨ।

ਯੋਗ ਮਨੋਵਿਗਿਆਨ ਅਨੁਸਾਰ ਮਨੁੱਖ ਵਿਚ ਤਿੰਨ ਗੁਣ ਹਨ ਸਾਤਵਿਕ, ਰਾਜਸਿਕ ਅਤੇ ਤਾਮਸਿਕ। ਜਿਹੜਾ ਗੁਣ ਸੰਤੁਲਨ ਰਖਦਾ ਹੈ, ਸਮਾਚਿਤ ਰਖਦਾ ਹੈ, ਉਹ ਹੈ ਸਾਤਵਿਕ ਗੁਣ। ਜਦੋਂ ਤੁਸੀਂ ਸਾਤਵਕ ਗੁਣ ਦੇ ਪ੍ਰਭਾਵ ਥੱਲੇ ਹੁੰਦੇ ਹੋ ਤੁਸੀਂ ਸ਼ਾਂਤ ਹੁੰਦੇ ਹੋ। ਸਭ ਨੂੰ ਪਿਆਰ ਕਰਦੇ ਹੋ, ਤੁਹਾਡੇ ਅੰਦਰ ਕੋਈ ਨਫਰਤ ਨਹੀਂ ਹੁੰਦੀ। ਨਾ ਕੋਈ ਕਿਸੇ ਲਈ ਈਰਖਾ ਹੁੰਦੀ ਹੈ। ਤੁਸੀਂ ਨਿਰਮਲ ਸ਼ੁਧ ਤੇ ਸ਼ਾਂਤ ਹੁੰਦੇ ਹੋ। ਇਸ ਅਵਸਥਾ ਨੂੰ ਹੀ ਤੁਸੀਂ ਲੋਚਦੇ ਹੋ ਤੇ ਇਸੇ ਵਿਚ ਤੁਸੀਂ ਰਹਿਣਾ ਚਾਹੁੰਦੇ ਹੋ।

ਅੱਜ ਦੇ ਸਮਾਜ ਦੀ ਸਮਸਿਆ ਇਹ ਹੈ ਕਿ ਲੋਕੀ ਇਹ ਸੋਚਦੇ ਹਨ ਕਿ ਜੇ ਤੁਸੀਂ ਇਕ ਨਾਲ ਪਿਆਰ ਕਰਨਾ ਹੈ ਤਾਂ ਦੂਸਰੇ ਨੂੰ ਨਫਰਤ ਕਰਨੀ ਹੀ ਹੈ। ਦੂਸਰੇ ਨੂੰ ਦੂਰ ਰਖਣਾ ਹੀ ਹੈ। ਪਿਆਰ ਤੇ ਨਾਂ ਤੁਸੀਂ ਕਬਜਾ ਕਰ ਲੈਂਦੇ ਹੋ ਤੇ ਦੂਸਰਿਆਂ ਨੂੰ ਨਫਰਤ ਕਰਨ ਲੱਗ ਪੈਂਦੇ ਹੋ ਦੂਸਰਿਆਂ ਤੋਂ ਡਰਨ ਲੱਗ ਪੈਂਦੇ ਹੋ। ਇਹ ਅਸੁਰਖਿਅਤਾ ਤੁਹਾਡੇ ਅੰਦਰ ਘਰ ਕਰ ਲੈਂਦੀ ਹੈ, ਫੇਰ ਵਧਦੀ ਰਹਿੰਦੀ ਹੈ, ਤੁਹਾਨੂੰ ਸੰਤਾਪ ਲਗ ਜਾਂਦਾ ਹੈ। ਤੁਸੀਂ ਰੋਜ਼ ਦੇ ਜੀਵਨ ਵਿਚ ਸੰਤਾਪੇ ਜਾਂਦੇ ਹੋ ਅੰਤ ਨੂੰ ਭਸਮ ਹੋ ਜਾਂਦੇ ਹੋ। ਏਹੋ ਹੀ ਕਾਰਣ ਹੈ ਤੁਸੀਂ ਜੀਵਨ ਦਾ ਅਨੰਦ ਨਹੀਂ ਮਾਣ ਸਕਦੇ। ਤੁਸੀਂ ਅਸੁਰਖਿਅਤ ਹੋ ਤੇ ਜਿੰਨ੍ਹਾਂ ਨੂੰ ਪਿਆਰ ਕਰਦੇ ਹੋ ਉਨ੍ਹਾਂ ਤੇ ਕਬਜ਼ਾ ਕਰਕੇ ਰਖਣਾ ਚਾਹੁੰਦੇ ਹੋ, ਆਪਣਾ ਪੂਰਾ ਅਧਿਕਾਰ ਰਖਣਾ ਚਾਹੁੰਦੇ ਹੋ।

ਜੀਵਨ ਦਾ ਅਨੰਦ ਲੈਣਾ ਚਾਹੀਦਾ ਹੈ ਇਸ ਅਨੰਦ ਲਈ ਕਿਸੇ ਦੀ ਬਾਹਰੀ ਚੀਜ਼ ਦੀ ਜਾਂ ਕਿਸੇ ਮਨੁੱਖ ਦੀ ਲੋੜ ਨਹੀਂ ਹੋਣੀ ਚਾਹੀਦੀ। ਜੀਵਨ ਦਾ ਅਨੰਦ ਮਾਣੋ, ਉਸ ਅਨੰਦ ਲਈ ਕਿਸੇ ਮਨੁੱਖ ਕਿਸੇ ਚੀਜ਼ ਤੇ ਭਰੋਸਾ ਨਾ ਕਰੋ ਨਿਰਭਰ ਨਾ ਹੋਵੋ। ਜੀਵਨ ਜਿਵੇਂ ਹੈ ਉਸ ਤਰ੍ਹਾਂ ਹੀ ਉਸ ਦਾ ਅਨੰਦ ਮਾਣੋ, ਉਸ ਨੂੰ ਪਿਆਰ ਕਰੋ। ਪਹਿਲੇ ਜੀਵਨ ਨੂੰ ਸਮਝੋ ਉਸ ਤੋਂ ਪਿਛੋਂ ਇਹ ਸਮਝੋ ਕਿ ਜੀਵਨ ਅਨੰਦ ਕਿਵੇਂ ਮਾਣਿਆ ਜਾ ਸਕਦਾ ਹੈ ਤੇ ਸਮਝੋ ਕਿ ਜੀਵਨ ਪਥ ਤੇ ਕਿਵੇਂ ਚਲਣਾ ਹੈ। ਕਿਸੇ ਨੂੰ ਜੀਵਨ ਵਿਚ ਹਾਨੀ ਨਹੀਂ ਪਹੁੰਚਾਉਣੀ, ਕਿਸੇ ਨੂੰ ਦੁਖ ਨਹੀਂ ਦੇਣਾ।

ਭਾਈ ਤੇ ਬੀਬੀ ਦੋ ਵੱਖ ਵੱਖ ਸ਼ਕਤੀਆਂ ਹਨ ਦੋਨੋਂ ਹੀ ਆਪਣੀ ਆਪਣੀ ਥਾਂ ਗਿਆਨ ਪ੍ਰਾਪਤ ਕਰ ਸਕਦੇ ਹਨ ਪਰ ਵਾਸਤਵ ਵਿਚ ਇਹ ਉਨ੍ਹਾਂ ਨੇ ਸਿਖਿਆ ਹੀ ਨਹੀਂ ਕਿ ਕਿਵੇਂ ਇਕ ਦੂਸਰੇ ਨੂੰ ਪਿਆਰ ਕਰਨਾ ਹੈ। ਸਭ ਤੋਂ ਵੱਡੀ ਸਮੱਸਿਆ ਹੀ ਇਹ ਹੈ ਉਹ ਪਿਆਰ ਹੀ ਕਰਨਾ ਨਹੀਂ ਜਾਣਦੇ। ਜਿਸ ਕਾਰਣ ਅੱਜ ਦਾ ਸਮਾਜ ਢਹਿੰਦੀਆਂ ਕਲਾਂ ਵਿਚ ਹੈ। ਆਉਣ ਵਾਲੀ ਪੀੜੀ ਦੁਖੀ ਹੈ, ਜਿਨ੍ਹਾ ਬੱਚਿਆਂ ਨੇ ਕਲ ਦੇ ਨਾਗਰਿਕ ਬਣਨਾ ਹੈ, ਉਹ ਪੀੜਤ ਹਨ।

ਤੁਸੀਂ ਵੱਡੇ ਹੀ ਬੱਚਿਆਂ ਨੂੰ ਦੁਖੀ ਕਰਦੇ ਹੋ। ਬੱਚੇ ਤਾਂ ਆਪਣੇ ਆਪ ਵਿਚ ਸੋਹਣੇ ਹਨ, ਖਿੜੇ ਫੁਲ ਹਨ, ਦੁਖ ਇਸ ਗੱਲ ਦਾ ਹੈ ਕਿ ਪਿਤਾ ਮਾਤਾ ਇਹ ਨਹੀਂ ਸੋਚਦੇ ਕਿ ਉਨ੍ਹਾਂ ਦੇ ਸੁਆਰਥੀ ਹੋਣ ਦਾ ਪ੍ਰਭਾਵ ਬੱਚਿਆਂ ਦੇ ਠੀਕ ਰਹਿਣ, ਉਨ੍ਹਾਂ ਦੀ ਭਲਾਈ ਤੇ ਕਿਤੇ ਬੁਰਾ ਪੈਂਦਾ ਹੈ। ਮਾਤਾ ਪਿਤਾ ਇਹ ਸੋਚਦੇ ਹਨ ਕਿ ਬੱਚਾ ਉਨ੍ਹਾਂ ਦਾ ਹੈ। ਉਹ ਜੋ ਚਾਹੁਣ ਬੱਚੇ ਨਾਲ ਕਰਨ। ਇਸ ਤਰ੍ਹਾਂ ਦੇ ਦਬਾਅ, ਇਸ ਤਰ੍ਹਾਂ ਦੀ ਹਕੂਮਤ ਇਸ ਤਰ੍ਹਾਂ ਦੀ ਸਲਾਹ ਜਿਹੜੀ ਦੂਸਰਿਆਂ ਤੋਂ ਆਉਂਦੀ ਹੈ ਉਸ ਨਾਲ ਬੱਚੇ ਵਧਦੇ ਫੁਲਦੇ ਨਹੀਂ, ਪਨਪਦੇ ਨਹੀਂ। ਤੁਹਾਨੂੰ ਬਹੁਤ ਪਾਸਿਆਂ ਤੋਂ ਇਹੋ ਜਿਹੀਆਂ ਸਲਾਹਾਂ ਮਿਲਦੀਆਂ ਹਨ। ਤੁਸੀਂ ਕੀ ਕਰੋ, ਕਿਸ ਤਰ੍ਹਾਂ ਦੇ ਬਣੋ। ਹਰ ਕੋਈ ਤੁਹਾਨੂੰ ਦਸਣਾ ਚਾਹੁੰਦਾ ਹੈ ਤੁਸੀਂ

ਕੀ ਕਰੋ। ਜੇ ਤੁਸੀਂ ਇਹੋ ਜਿਹੇ ਮਨੁੱਖ ਨੂੰ ਜਾਂਚਣ ਬੈਠੋ ਜਿਹੜਾ ਤੁਹਾਨੂੰ ਹਰ ਤਰ੍ਹਾਂ ਦੀ ਸਲਾਹ ਦੇ ਰਿਹਾ ਹੈ ਤੁਸੀਂ ਮਹਿਸੂਸ ਕਰੋਗੇ ਉਨ੍ਹਾਂ ਦੇ ਅੰਦਰ ਆਤਮ ਬਲ ਨਹੀਂ ਹੈ, ਉਸ ਦੇ ਅੰਦਰ ਆਪਣੇ ਆਪ ਤੇ ਹੀ ਭਰੋਸਾ ਨਹੀਂ ਹੈ। ਉਹ ਮਨੁੱਖ ਤੁਹਾਨੂੰ ਇਹ ਕਰਨ ਨੂੰ, ਉਹ ਕਰਨ ਨੂੰ ਕੁਝ ਕਹਿ ਰਿਹਾ ਹੈ। ਕਿਉਂਕਿ ਉਹ ਅਸੁਰਖਿਅਤ ਹੈ। ਉਸ ਦੇ ਅੰਦਰ ਅਹੰਕਾਰ ਹੈ।

ਤੁਹਾਡਾ ਅਹੰਕਾਰ ਇਕ ਕਿਲੇ ਦੀ ਭਾਂਤੀ ਹੈ, ਇਹ ਕਿੱਲਾ ਤੁਹਾਡੇ ਚੌਗਿਰਦੇ ਬਣਿਆ ਹੋਇਆ ਹੈ। ਇਹ ਹੀ ਕਿੱਲਾ ਤੁਹਾਡੇ ਵਿਅਕਤਿਤਵ ਨੂੰ ਵੱਧਣ ਫੁੱਲਣ ਨਹੀਂ ਦਿੰਦਾ। ਤੁਹਾਡੀ ਚੇਤਨਾ ਨੂੰ ਨਹੀਂ ਪ੍ਰਫੁਲਤ ਹੋਣ ਦਿੰਦਾ। ਵਾਸਤਵ ਵਿਚ ਅਹੰਕਾਰ ਦਾ ਕੰਮ ਹੋਣਾ ਚਾਹੀਦਾ ਹੈ ਕਿ ਤੁਹਾਡਾ ਸੰਸਾਰ ਵਿਚ ਵਿਚਰਨਾ ਸੌਖਾ ਕਰੇ, ਤੁਹਾਡੇ ਜੀਵਨ ਦੀਆਂ ਵੱਖ ਵੱਖ ਗਤਿਵਿਧੀਆਂ ਨੂੰ ਇਕ ਦੂਸਰੇ ਨਾਲ ਜੋੜੇ, ਉਸ ਵਿਚ ਸਾਂਝ ਪਾਏ ਤੇ ਤੁਹਾਡੇ ਮਨ ਦੀ ਅੰਦਰ ਦੀ ਗਤੀ ਨੂੰ ਦਿਸ਼ਾ ਦੇਵੇ। ਪਰ ਜੇ ਤੁਸੀਂ ਆਪਣੇ ਆਪਣੇ ਅਹੰਕਾਰ ਨੂੰ ਆਪਣਾ ਮਾਲਕ ਬਣਾ ਲਵੋਗੇ, ਫੇਰ ਤੁਸੀਂ ਜੀਵਨ ਵਿਚ ਕੋਈ ਪ੍ਰਾਪਤੀ ਨਹੀਂ ਕਰ ਸਕੋਗੇ। ਨਾ ਤਾਂ ਅਧਿਆਤਮਕ ਪਖੋਂ, ਨਾ ਹੀ ਆਪਣੀ ਸਖਸ਼ੀਅਤ ਨੂੰ ਪ੍ਰਫੁਲਤ ਕਰ ਸਕੋਗੇ।

ਜੀਵਨ ਵਿਚ ਤੁਹਾਡੇ ਕੋਲ ਬਹੁਤ ਹੀ ਥੋੜਾ ਸਮਾ ਹੈ। ਉਸ ਵਿਚੋਂ ਵੀ ਤੁਸੀਂ ਬਹੁਤ ਸਾਰਾ ਬੇਅਰਥ ਗੁਆ ਲੈਂਦੇ ਹੋ, ਤੁਹਾਨੂੰ ਹਰ ਸਮੇਂ ਚੌਕਸ ਰਹਿਣਾ ਚਾਹੀਦਾ ਹੈ, ਆਪਣੇ ਸਮੇਂ ਦੀ ਵਰਤੋਂ ਠੀਕ ਢੰਗ ਨਾਲ ਕਰਨੀ ਚਾਹੀਦੀ ਹੈ, ਤਾਂ ਜੋ ਜੀਵਨ ਸਕਾਰਥ ਹੋਵੇ। ਫਲਦਾਇਕ ਬਣੋ ਤੁਸੀਂ ਫੁਲ ਦੀ ਭਾਂਤੀ ਖਿੜ ਕੇ ਖੁਸ਼ਬੂ ਪੈਦਾ ਕਰੋ, ਤੇ ਵੰਡੋ। ਇਸ ਚੀਜ਼ ਨੂੰ ਵੱਧਣ ਫੁੱਲਣ ਲਈ ਸਹਾਇਤਾ ਸਭ ਤੋਂ ਵੱਧ ਪਰਿਵਾਰ ਹੀ ਕਰ ਸਕਦਾ ਹੈ। ਪਰਿਵਾਰ ਸਭ ਤੋਂ ਉਚੀ ਸੋਹਣੀ ਤੇ ਪਵਿਤਰ ਸੰਸਥਾ ਹੈ।

ਪਰਿਵਾਰ ਦੀ ਸੰਸਥਾ ਨੂੰ ਵਰਤੋਂ ਵਿਚ ਲਿਆਉਣਾ ਉਸ ਨੂੰ ਸਮਝਣ ਲਈ ਤੁਹਾਨੂੰ ਕਰਮ ਸਿਧਾਂਤ ਸਮਝ ਲੈਣਾ ਚਾਹੀਦਾ ਹੈ। ਤੁਸੀਂ ਕਿਤੇ ਵੀ ਕੁਝ ਵੀ ਕਿਉਂ ਨਾ ਕਰੋ ਜੋ ਵੀ ਤੁਸੀਂ ਕਰਦੇ ਹੋ ਤੁਸੀਂ ਕਰਮ ਸਿਧਾਂਤ ਦੇ ਥੱਲੇ ਹੀ ਕਰਦੇ ਹੋ, ਤੁਹਾਡੇ ਛੁਟਕਾਰਾ ਕਰਮਾਂ ਤੋਂ ਨਹੀਂ ਹੈ।

***ਜੇਹਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤ॥***

ਗੁਰਬਾਣੀ ਵਿਚ ਫੁਰਮਾਨ ਹੈ। ਇਹ ਸਿਧਾਂਤ ਹਰ ਇਕ ਜਗ੍ਹਾ ਲਾਗੂ ਹੈ। ਹਰ ਇਕ ਲਈ ਲਾਗੂ ਹੈ, ਹਰ ਥਾਂ ਲਾਗੂ ਹੈ। ਕਰਮ ਕੀਤੇ ਬਿਨਾ ਤੁਸੀਂ ਰਹਿ ਹੀ ਨਹੀਂ ਸਕਦੇ, ਚਾਹੇ ਤੁਸੀਂ ਕਿਸੇ ਮਜ਼ਹਬ ਦੇ ਹੋਵੋ, ਕਿਸੇ ਵੀ ਸਭਿਆਚਾਰ ਦੇ ਹੋਵੋ। ਕਿਸੇ ਵੀ ਕੌਮ ਦੇ ਹੋਵੋ। ਜੇ ਤੁਸੀਂ ਤਿਆਗੀ ਵੀ ਹੋ, ਤਾਂ ਵੀ ਤੁਸੀਂ ਕਰਮ ਕਰ ਰਹੇ ਹੋ, ਤੁਸੀਂ ਰੋਜ਼ ਦੇ ਕਰਮ ਤਾਂ ਕਰਦੇ ਹੀ ਹੋ। ਜੋ ਵੀ ਕਰਮ ਤੁਸੀਂ ਕਰਦੇ ਹੋ ਉਸ ਦਾ ਫਲ ਤਾਂ ਹੁੰਦਾ ਹੀ ਹੈ, ਕੋਈ ਨਿਕਾਰਾਤਮਕ ਕੋਈ ਸਾਕਾਰਾਤਮਕ।

ਗ੍ਰਹਿਸਥੀ ਤੇ ਤਿਆਗੀ ਵਿਚ ਇਕ ਫਰਕ ਹੁੰਦਾ ਹੈ। ਉਹ ਹੈ ਤਿਆਗੀ ਕੋਲ ਬਹੁਤ ਸਮਾਂ ਹੁੰਦਾ ਹੈ, ਉਹ ਵੱਧ ਤੋਂ ਵੱਧ ਅਭਿਆਸ ਕਰ ਸਕਦਾ ਹੈ। ਉਹ ਤਾਂ ਦੂਸਰਿਆਂ ਉਤੇ ਹੀ ਨਿਰਭਰ ਹਨ। ਉਨ੍ਹਾਂ ਦੀ ਕੋਈ ਆਪਣੀ ਆਮਦਨ ਦਾ ਤਰੀਕਾ ਨਹੀਂ ਹੁੰਦਾ। ਦੂਸਰੇ ਪਾਸੇ ਗ੍ਰਹਿਸਥੀਆਂ ਕੋਲ ਸੰਸਾਰਕ ਪਦਾਰਥ ਹੁੰਦੇ ਹਨ, ਉਹ ਮਹਿਸੂਸ ਕਰਦੇ ਹਨ ਤੇ ਅਭਿਆਸ ਕਰਨ ਲਈ ਉਨ੍ਹਾਂ ਕੋਲ ਸਮਾ ਹੀ ਨਹੀਂ ਹੁੰਦਾ। ਇਕ ਗ੍ਰਿਹਸਥੀ ਹੋਣ ਨਾਲ ਤੁਸੀਂ ਕਮਾਉਣ ਵਿਚ, ਗੁਜ਼ਾਰਾ ਕਰਨ ਵਿਚ ਗੁਆਚੇ ਰਹਿੰਦੇ ਹੋ। ਇਹ ਕਰ, ਉਹ ਕਰ, ਭੁਲੇ ਰਹਿੰਦੇ ਹੋ। ਜਦੋਂ ਕਿ ਤਿਆਗੀ ਆਪਣੇ ਸਮੇਂ ਵਿਚ ਵਿਚਾਰ ਮਗਨ ਰਹਿੰਦੇ ਹਨ, ਮਨ ਹੀ ਮਨ ਵਿਚ।

ਇਕ ਮਨੁੱਖ ਨੂੰ ਕੀ ਚਾਹੀਦਾ ਹੈ? ਚਾਹੀਦਾ ਇਹ ਹੈ ਕਿ ਉਹ ਜੀਵਨ ਨੂੰ ਸਮਝੇ, ਜੀਵਨ ਮਨੋਰਥ ਸਮਝੇ ਤਾਂ ਜੋ ਜੀਵਨ ਨੂੰ ਕਿਸੇ ਅਰਥ ਲਗਾਇਆ ਜਾ ਸਕੇ। ਜੀਵਨ ਵਿਚੋਂ ਕੁਝ ਪ੍ਰਾਪਤ ਕੀਤਾ ਜਾ ਸਕੇ। ਇਹ ਤਾਂ ਹੀ ਹੋ ਸਕਦਾ ਹੈ ਜੇ ਤੁਸੀਂ ਆਪਣੀਆਂ ਸ਼ਕਤੀਆਂ ਨੂੰ ਖਿਲਾਰੋ ਨਾ, ਆਪਣੇ ਆਪ ਨੂੰ ਏਧਰ ਉਧਰ ਨਾ ਖਿੰਡਾਓ। ਜੇ ਆਪਣੀ ਸ਼ਕਤੀ ਸਮੇਟ ਕੇ ਰੱਖੋ, ਆਪਣੇ ਅੰਦਰ ਦੀ ਜੋਤ ਜਗਾਓ, ਉਸ ਜੋਤ ਦਾ ਪ੍ਰਕਾਸ਼ ਮਾਣੋ, ਉਸ ਵਿਚ ਲਪੇਟੇ ਜਾਓ ਫੇਰ ਜੀਵਨ ਉਦੇਸ਼ਮਈ ਬਣ ਜਾਵੇਗਾ। ਜੇ ਆਪਣੀਆਂ ਸ਼ਕਤੀਆਂ ਨੂੰ ਖਲੇਰਦੇ ਰਹੋਗੇ, ਜੀਵਨ ਉਦੇਸ਼ ਕਦੀ ਵੀ ਪ੍ਰਾਪਤ ਨਹੀਂ ਕਰ ਸਕੋਗੇ।

ਇਸ ਤੋਂ ਬਾਅਦ ਅਸੀਂ ਮੁੜ ਉਸ ਪ੍ਰਸ਼ਨ ਤੇ ਆਉਂਦੇ ਹਾਂ ਕਿ ਵਿਆਹ ਕਿਉਂ ਕਰਾਇਆ ਜਾਵੇ। ਔਰਤ ਤੇ ਮਰਦ ਦੀ ਇਕੋ ਜਿਹੀ ਆਸ ਹੁੰਦੀ ਹੈ ਕਿ ਮੇਰੇ ਸੁਪਨਿਆਂ ਦਾ ਸਾਥੀ ਮੇਰੇ ਜੀਵਨ ਵਿਚ ਪ੍ਰਵੇਸ਼ ਕਰੇਗਾ। ਮੈਨੂੰ ਖੁਸ਼ ਕਰੇਗਾ ਤੇ ਜੀਵਨ ਮਨੋਰਥ ਸੰਪੂਰਨ ਹੋ ਜਾਏਗਾ। ਕੁੜੀਆਂ ਸੋਚਦੀਆਂ ਹਨ ਕਿ ਉਨ੍ਹਾਂ ਦੇ ਸੁਪਨਿਆਂ ਦਾ ਰਾਜਾ ਇਕ ਦਿਨ ਆਏਗਾ ਉਹ ਉਨ੍ਹਾਂ ਨੂੰ ਵਿਆਹ ਕੇ ਲੈ ਜਾਏਗਾ, ਪਰ ਉਹ ਬਹੁਤ ਹੀ ਨਿਰਾਸ਼ ਹੋ ਜਾਂਦੀਆਂ ਹਨ ਕਿਉਂਕਿ ਵਿਆਹ ਬਾਰੇ ਉਹ ਕੁਝ ਜਾਣਦੀਆਂ ਹੀ ਨਹੀਂ। ਉਹਨਾਂ ਦੇ ਵਿਆਹ ਪ੍ਰਤੀ ਵਿਚਾਰ ਕੋਈ ਯਥਾਰਥਕ ਨਹੀਂ ਹੁੰਦੇ। ਤੁਹਾਨੂੰ ਜੀਵਨ ਨੂੰ ਤੇ ਵਿਆਹ ਨੂੰ ਇਸ ਜੋੜ ਨੂੰ ਸੰਬੰਧ

ਨੂੰ ਇਕ ਸਚਾਈ ਅਤੇ ਯਥਾਰਥ ਦੇ ਪਖੋਂ ਦੇਖਣਾ ਪਵੇਗਾ। ਹੁੰਦਾ ਕੀ ਹੈ ਕਿ ਤੁਸੀਂ ਇਸ ਸਬੰਧ ਤੋਂ ਬਹੁਤ ਹੀ ਆਸਾ ਰਖ ਲੈਂਦੇ ਹੋ, ਬਹੁਤ ਹੀ ਉਮੀਦਾਂ ਰਖਦੇ ਹੋ।

ਅਧਿਆਤਮਕ ਪੱਖੋਂ ਦੇਖੀਏ ਤੇ ਤੁਸੀਂ ਕਿਉਂ ਵਿਆਹ ਕਰਾਉਣਾ ਚਾਹੁੰਦੇ ਹੋ? ਕੀ ਕਾਰਣ ਹੈ, ਵਿਆਹ ਕੇਵਲ ਇਕ ਰਿਸ਼ਤਾ ਨਹੀਂ, ਇਕ ਸਰੀਰਕ ਲੋੜ ਨਹੀਂ ਹੈ। ਵਿਆਹ ਇਸ ਤੋਂ ਕਿਤੇ ਵੱਧ ਹੈ, ਕੀ ਕਾਰਣ ਹੈ, ਤੁਸੀਂ ਵਿਆਹ ਕਰਾਉਣਾ ਚਾਹੁੰਦੇ ਹੋ, ਕਰਵਾਉਂਦੇ ਹੋ, ਤੁਹਾਡੇ ਅੰਦਰ ਕਿਹੜੀ ਐਸੀ ਚੀਜ਼ ਹੈ ਜਿਹੜੀ ਤੁਹਾਨੂੰ ਵਿਆਹ ਲਈ ਪ੍ਰੇਰਦੀ ਹੈ, ਤੁਹਾਡੇ ਅੰਦਰ ਡੂੰਘਾ ਕੁਝ ਹੈ ਜਿਹੜਾ ਤੁਹਾਨੂੰ ਇਸ ਸਬੰਧ ਵਲ ਲੈ ਜਾਂਦਾ ਹੈ। ਵਾਸਤਵ ਵਿਚ ਤੁਸੀਂ ਸਭ ਕੁਝ ਸਾਂਝਾ ਕਰਨਾ ਚਾਹੁੰਦੇ ਹੋ, ਕੁਝ ਦੇਣਾ ਚਾਹੁੰਦੇ ਹੋ, ਵੰਡਣਾ ਚਾਹੁੰਦੇ ਹੋ, ਇਸ ਸਭ ਕੁਝ ਦਾ ਨਾਂ ਹੈ ਪਿਆਰ।

ਪਿਆਰ ਸ਼ਬਦ ਨੂੰ ਸਮਝਿਆ ਹੀ ਨਹੀਂ ਗਿਆ। ਇਸ ਦੀ ਦੁਰ ਵਰਤੋਂ ਵਧੇਰੇ ਹੈ, ਵਿਸ਼ੇਸ਼ ਤੌਰ ਤੇ ਅੱਜ ਦੇ ਸੰਸਾਰ ਵਿਚ। ਹਰ ਕੋਈ ਆਪਣੇ ਸਾਥੀ ਨੂੰ ਕਹਿ ਦਿੰਦਾ ਹੈ, ਮੈਂ ਤੈਨੂੰ ਪਿਆਰ ਕਰਦਾ ਹਾਂ ਪਰ ਵਾਸਤਵ ਵਿਚ ਐਸਾ ਨਹੀਂ। ਉਹ ਤਾਂ ਝੂਠ ਬੋਲ ਰਹੇ ਹੁੰਦੇ ਹਨ, ਇਹ ਤਾਂ ਕੋਈ ਪਿਆਰ ਨਹੀਂ ਹੈ। ਤੁਸੀਂ ਤਾਂ ਕੇਵਲ ਦੂਸਰੇ ਦਾ ਦਿਲ ਹੀ ਦੁਖਾਉਣਾ ਜਾਣਦੇ ਹੋ, ਦੂਸਰੇ ਦਾ ਮਨ ਦੁਖਾਉਣਾ ਜਾਣਦੇ ਹੋ। ਜਦੋਂ ਸਾਮ੍ਹਣੇ ਹੋਣ ਤੁਸੀਂ ਕਹਿੰਦੇ ਹੋ ਤੂੰ ਤਾਂ ਬਹੁਤ ਸੋਹਣੀ ਲਗ ਰਹੀ ਹੈ, ਤੂੰ ਬਹੁਤ ਅੱਛਾ ਲਗ ਰਿਹਾ ਹੈਂ, ਜਦੋਂ ਦੂਸਰਾ ਚਲਾ ਜਾਏ, ਤੁਸੀਂ ਅਲੋਚਨਾ ਕਰਦੇ ਹੋ, ਉਨ੍ਹਾਂ ਬਾਰੇ ਬੁਰਾ ਭਲਾ ਕਹਿੰਦੇ ਹੋ।

ਐਸੀ ਤਾਂ ਕੋਈ ਮਜ਼ਬੂਰੀ ਨਹੀਂ ਕਿ ਜੀਵਨ ਇਸ ਤਰ੍ਹਾਂ ਨਾਲ ਜੀਵਿਆ ਜਾਏ। ਆਦਮੀ ਤੇ ਔਰਤਾਂ ਦੋਨੋਂ ਹੀ ਆਪਣੇ-ਆਪਣੇ ਸਾਥੀਆਂ ਤੇ ਗੁੱਸਾ ਕਰਦੇ ਹਨ ਤੇ ਮਹਿਸੂਸ ਕਰਦੇ ਹਨ ਕਿ ਉਹ ਕੁਝ ਵੀ ਨਹੀਂ ਕਰ ਸਕਦੇ, ਜੋ ਹੋ ਗਿਆ ਹੈ, ਸੋ ਹੋ ਗਿਆ ਹੈ, ਮਨ ਵਿਚ ਇਹ ਭਾਵਨਾ ਲੈ ਕੇ ਤੁਸੀਂ ਰਹਿੰਦੇ ਹੋ। ਹਰ ਸਮੇਂ ਇਕ ਦੂਸਰੇ ਨੂੰ ਚੋਭਾਂ ਦਿੰਦੇ ਰਹਿੰਦੇ ਹੋ। ਤੁਹਾਡੀ ਸਾਰੀ ਸ਼ਕਤੀ ਇਸ ਰਿਸ਼ਤੇ ਤੇ ਬਰਬਾਦੀ ਹੋ ਜਾਂਦੀ ਹੈ। ਚੰਗਾ ਤਾਂ ਇਹ ਹੋਵੇ ਤੁਸੀਂ ਇਕ ਦੂਸਰੇ ਨੂੰ ਸਮਝੋ ਤੇ ਆਪਣੇ ਵਿਚ ਪਿਆਰ ਸਤਿਕਾਰ ਦਾ ਇਕ ਸੇਤੂ ਬਣਾਓ।

ਕਈ ਵਾਰੀ ਆਦਮੀ ਤੇ ਔਰਤ ਇਹ ਸੋਚਦੇ ਹਨ ਕਿ ਵਿਆਹ ਕਰਾ ਕੇ ਉਹ ਇਕ ਦੂਸਰੇ ਵਿਚ ਮਿਲ ਕੇ ਇਕ ਹੋ ਜਾਣਗੇ। ਇਹ ਕੇਵਲ ਇਕ ਸੋਚਣੀ ਹੀ ਹੈ, ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਵੀ ਨਹੀਂ ਕਰਨੀ ਚਾਹੀਦੀ, ਇਹ ਹੋ ਵੀ ਨਹੀਂ ਸਕਦਾ। ਇਹ ਕਰਨ ਦੀ ਚੇਸ਼ਟਾ ਨਾ ਰੱਖੋ, ਦੋ ਤੋਂ ਇਕ ਬਣਨਾ ਸੰਭਵ ਨਹੀਂ, ਨਾ ਹੀ ਹੋ ਸਕਦਾ ਹੈ, ਤੁਹਾਨੂੰ ਇਕ ਤੋਂ ਇਕ ਗਿਆਰ੍ਹਾਂ ਬਣਨਾ ਚਾਹੀਦਾ ਹੈ। ਦੋ ਤੋਂ ਇਕ ਨਹੀਂ। ਜੇ ਤੁਸੀਂ ਇਕ-ਇਕ ਰਹਿ ਕੇ ਗਿਆਰ੍ਹਾਂ ਬਣੋਗੇ ਤਾਂ ਤੁਸੀਂ ਜੀਵਨ ਦਾ ਅਨੰਦ ਵੱਧ ਮਾਣ ਸਕੋਗੇ। ਇਕ ਦੂਸਰੇ ਨਾਲ ਜੀ ਸਕੋਗੇ। ਇਕ ਦੂਸਰੇ ਦਾ ਸਤਿਕਾਰ ਕਰ ਸਕੋਗੇ। ਇਕ ਦੂਸਰੇ ਦਾ ਸਤਿਕਾਰ ਕਰਨਾ ਸਿੱਖਣਾ ਬਹੁਤ ਅਵੱਸ਼ਕ ਹੈ। ਇਕ ਵਿਅਕਤੀ ਵਜੋਂ ਦੂਸਰੇ ਦਾ ਸਤਿਕਾਰ ਕਰੋ ਉਸ ਦੀ ਆਜ਼ਾਦੀ ਨੂੰ ਪਛਾਣੋ। ਜੇ ਤੁਹਾਡਾ ਇਹ ਵਿਚਾਰ ਇਹ ਬਿਰਤੀ ਹੋਏਗੀ ਫੇਰ ਤੁਸੀਂ ਦੂਸਰੇ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕੋਗੇ। ਇਕ ਪਛਾਣ ਨਾਲ ਜਾਣ ਨਾਲ ਪਿਆਰ ਨੂੰ ਜੋੜੋ ਤੇ ਫੇਰ ਦੇਖੋ।

ਪਿਆਰ ਤੋਂ ਭਾਵ ਹੈ ਸਿੱਖਣਾ, ਸਿੱਖਣ ਤੋਂ ਭਾਵ ਹੈ ਪਿਆਰ, ਪਿਆਰ ਤੇ ਸਤਿਕਾਰ। ਇਕ ਦੂਸਰੇ ਲਈ ਪਿਆਰ ਤੇ ਸਤਿਕਾਰ ਹੋਣਾ। ਪਿਆਰ ਉਹ ਨਹੀਂ ਜਿਹੜਾ ਇਕ ਦੂਸਰੇ ਨੂੰ ਇਕ ਦਮ ਦੇਖ ਕੇ ਮਹਿਸੂਸ ਹੁੰਦਾ ਹੈ, ਉਹ ਪਿਆਰ ਨਹੀਂ ਉਹ ਵਾਸ਼ਨਾਤਮਕ ਹੈ ਤੇ ਬੜੀ ਛੇਤੀ ਹੀ ਖਤਮ ਹੋ ਜਾਂਦੀ ਹੈ। ਜਦੋਂ ਤੁਸੀਂ ਪਿਆਰ ਕਰਦੇ ਹੋ, ਤੁਸੀਂ ਦਿੰਦੇ ਹੋ, ਹੋਰ ਦਿੰਦੇ ਹੋ ਤੇ ਹੋਰ ਦਿੰਦੇ ਹੋ ਪਰ ਕਿਸੇ ਵੀ ਚੀਜ਼ ਦੀ ਆਸ ਨਹੀਂ ਰਖਦੇ, ਫੇਰ ਤੁਹਾਨੂੰ ਪਤਾ ਲਗਦਾ ਹੈ ਪਿਆਰ ਕੀ ਹੈ? ਪਿਆਰ ਤੋਂ ਭਾਵ ਹੈ ਦੇਣਾ ਪਰ ਕੁਝ ਵੀ ਲੈਣ ਦੀ ਲੋਚਾ ਨਹੀਂ ਰੱਖਣੀ। ਤੁਹਾਡੀ ਆਸ ਤੁਹਾਡੀ ਉਮੀਦ ਇੱਛਾ ਹੀ ਸਾਰੀਆਂ ਸਮੱਸਿਆ ਦੀ ਜੜ੍ਹ ਹੈ, ਤੁਸੀਂ ਇਕ ਦੂਸਰੇ ਤੋਂ ਬਹੁਤ ਉਮੀਦ ਰੱਖਦੇ ਹੋ, ਜਦੋਂ ਉਹ ਉਮੀਦ ਪੂਰੀ ਨਹੀਂ ਹੁੰਦੀ, ਤੁਸੀਂ ਨਿਰਾਸ਼ ਹੋ ਜਾਂਦੇ ਹੋ। ਇਕ ਵਾਰੀ ਜੇ ਤੁਸੀਂ ਇਹ ਗੱਲ ਸਮਝ ਜਾਓ, ਫੇਰ ਤੁਸੀਂ ਆਪਣੀਆਂ ਆਸਾਂ ਉਮੀਦਾਂ ਨੂੰ ਤਰਤੀਬ ਵਿਚ ਲਿਆ ਸਕਦੇ ਹੋ, ਸੋਧ ਸਕਦੇ ਹੋ ਤੇ ਹਰ ਰਿਸ਼ਤੇ ਵਿਚ ਇਕਸੁਰਤਾ, ਇਕਸਾਰਤਾ ਲਿਆ ਸਕਦੇ ਹੋ।

(ਇਥੋਂ ਕੱਟ ਕੇ ਭੇਜੋ ਜੀ)

ਨਾਮ/Name ..........................................................................................

ਪਤਾ/Address ......................................................................................

..........................................................................................................

..........................................................................................................

...........................................................Pin Code............................

Phone...................................... E-mail :.......................................

ਮੈਂ........................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

ਦਸਖਤ................................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, Fax : 0160-2255009, Email : atammarg@glide.net.in, www.ratwarasahib.org